ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ

TARKSHEEL

ਜੁਲਾਈ-ਅਗਸਤ 2016



ਅੰਤਰ ਝਾਤ :

20/-

ਜਿਸ ਦਿਨ ਦੁੱਖ ਝਾਗ ਰਹੀ ਮਨੁੱਖਤਾ ਦੀ ਮੁਕਤੀ ਲਈ ...ਬਹੁਤ ਸਾਰੇ ਮਰਦ-ਔਰਤਾਂ ਅੱਗੇ ਆਏ ਉਸ ਦਿਨ ਤੋਂ ਆਜ਼ਾਦੀ ਦਾ ਯੁੱਗ ਸ਼ੁਰੂ ਹੋਵੇਗਾ।

...ਸ਼ਹੀਦ ਭਗਤ ਸਿੰਘ

ਰਾਜਿਆ ਰਾਜ ਕਰੇਂਦਿਆ.......

ਮਦਨ ਵੀਰਾ

ਰਾਜਿਆ ਰਾਜ ਕਰੇਂਦਿਆ
ਸੁਣ ਧਰਤੀ ਦੀ ਹੂਕ
ਹਰ ਹਿੱਕ ਵਿੱਚ ਲਾਂਬੂ ਅੱਗ ਦਾ
ਤੇ ਖਲਕਤ ਰਹੀ ਹੈ ਕੂਕ।
ਸਾਡੇ ਚੁੱਲ੍ਹਿਆਂ ਦੇ ਵਿੱਚ ਅੱਗ ਨਾ
ਨਾ ਘੜਿਆਂ ਦੇ ਵਿੱਚ ਨੀਰ
ਸਾਰਾ ਝੰਗ ਸਿਆਲ ਹੈ ਉਜੜਿਆ
ਤੇ ਰੁੱਸ ਗਏ ਸਾਕ ਸਕੀਰ।
ਹੱਥ ਕਿਰਤੀ ਦੇ ਰੁਜ਼ਗਾਰ ਨਾ
ਘਰ ਤਰਸੇ ਲੂਣ ਤੇ ਤੇਲ
ਹਾਏ ਲੋਕ ਰਾਜ ਦੇ ਨਾਂ ਤੇ
ਕੀ ਖੇਡ ਰਿਹਾ ਏਂ ਖੇਲ ?
ਫਸਲਾਂ ਦੀ ਥਾਂ ਸਲਫਾਸ ਨੇ
ਲੱਖ ਟੱਬਰ ਦਿੱਤੇ ਰੋਲ
ਹੁਣ ਰਾਹ ਸਿਵਿਆਂ ਦੇ ਪੈ ਗਈ
ਇਹ ਸੁਬਕ ਜਵਾਨੀ ਸੋਹਲ।
ਸਿਰ ਤੋਂ ਛੱਤ ਹੈ ਤਿੜਕ ਗਈ
ਤੇ ਪੈਰੋਂ ਹੇਠ ਜ਼ਮੀਨ
ਕਿੰਜ ਛਾਤੀ ਛਲਣੀ ਕਰ ਰਿਹਾ
ਨਿੱਤ ਵੱਢ ਟੁੱਕ ਦਾ ਹਰ ਸੀਨ।
ਇਲਮ ਅਦਬ ਦੇ ਦਰਾਂ ਤੇ
ਤੇਰੇ ਫਿਰਕੂ ਪਹਿਰੇਦਾਰ
ਬਣੇ ਚੋਰ ਉਚੱਕੇ ਚੌਧਰੀ
ਤੇ ਹੋਛੇ ਸਿਪਾਹ-ਸਲਾਰ
ਮੂੰਹ ਖੋਲ੍ਹਣ ਤੇ ਰੋਕ ਹੈ
ਹੱਕ ਸੱਚ ਲਈ ਬੰਦ ਕਿਵਾੜ
ਸਾਡੇ ਦੁੱਲਿਆਂ ਬੁੱਲਿਆਂ ਵਾਸਤੇ
ਬੁੜੈਲ ਦੇ ਨਾਲ ਤਿਹਾੜ।



ਮੋਬਾ. 94176-83769

ਜਦੋਂ ਇਨਸਾਨ ਨੂੰ ਆਪਣੇ ਆਪ ਨੂੰ ਸੰਭਾਲਣ ਦੀ ਸੂਝ ਆ ਗਈ, ਧਰਮ ਦੀ ਲੋੜ ਆਪਣੇ ਆਪ ਖਤਮ ਹੋ ਜਾਵੇਗੀ।

ਫਰਾਂਸਿਸਕੋ ਫੇਰਾਰ

ਮੁੱਖ ਸੰਪਾਦਕ
ਬਲਬੀਰ ਚੰਦ ਲੌਂਗੋਵਾਲ
98153 17028

ਸੰਪਾਦਕੀ ਬੋਰਡ
ਹੇਮ ਰਾਜ ਸਟੈਨੋ
98769 53561
ਰਾਮ ਸਵਰਨ ਲੱਖੇਵਾਲੀ
94173 62085
ਜਸਵੰਤ ਮੋਹਾਲੀ
98555 30721
ਪਾਲ ਬਾਗਪੁਰ
94173 13738

ਰਚਨਾਵਾਂ ਭੇਜਣ ਲਈ ਈ-ਮੇਲ :
magazinetaraksheel
@rediffmail.com

ਮੁੱਖ ਪ੍ਰਬੰਧਕ :
ਸੁਖਵਿੰਦਰ ਬਾਗਪੁਰ, 94174 27538

ਵਿਦੇਸ਼ੀ ਪ੍ਰਤੀਨਿਧ :
ਅਵਤਾਰ ਗਿੱਲ, ਕੈਨੇਡਾ
ਨਵਦੀਪ, ਲੈਸਟਰ (ਯੂ.ਕੇ.)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ
(ਫੋਨ 001 416 881 7202)

ਚੰਦਾ
ਸਲਾਨਾ : 100 ਰੁਪਏ
ਵਿਦੇਸ਼ : 25 ਯੂ.ਐੱਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਬਲਵਿੰਦਰ ਬਰਨਾਲਾ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਐੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

ਤਤਕਰਾ

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ, (ਚੰਡੀਗੜ੍ਹ) ਮਿਤੀ 17-1-94 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

ਮਥੁਰਾ ਵਿੱਚ ਜੋ ਕੁੱਝ ਵਾਪਰਿਆ, ਉਹ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਇਹ ਘਟਨਾ ਪਹਿਲੀ ਨਹੀਂ ਅਤੇ ਨਾ ਹੀ ਅੰਤਿਮ ਹੈ। ਜਦੋਂ ਤੱਕ ਇਹ ਲੋਕ ਵਿਰੋਧੀ ਨਿਜ਼ਾਮ ਕਾਇਮ ਹੈ, ਉਦੋਂ ਤੱਕ ਵਿੰਗੇ-ਟੇਢੇ ਢੰਗ ਨਾਲ ਸੱਤਾ 'ਤੇ ਕਾਬਜ਼ ਹੋਣ ਲਈ, ਵੋਟਾਂ ਹਥਿਆਉਣ ਲਈ ਅਜਿਹਾ ਕੁੱਝ ਹੁੰਦਾ ਰਹੇਗਾ। ਇਹ ਪੂਰਾ ਘਟਨਾਕ੍ਰਮ ਸਿਆਸੀ ਪੁਸਤਪਨਾਹੀ ਨਾਲ ਜੁੜੀਆਂ ਬੇਕਾਇਦਗੀਆਂ ਦੀ ਮਿਸ਼ਾਲ ਹੈ। ਆਪਣੇ ਆਪ ਨੂੰ ਧਾਰਮਿਕ ਗੁਰੂ ਦੱਸਣ ਵਾਲੇ ਬਾਬਾ ਜੈ ਗੁਰੂਦੇਵ ਦੇ ਅਖੌਤੀ ਚੇਲੇ ਗੁਰੂ ਰਾਮਵਰਿਕਸ਼ ਯਾਦਵ (ਉਸਦੀ ਸੰਸਥਾ ਨਾਲੋਂ ਟੁੱਟ ਕੇ ਬਣਿਆ ਇੱਕ ਹੋਰ ਟੋਲਾ) ਦੇ ਚੇਲਿਆਂ ਅਤੇ ਪੁਲਿਸ਼ ਦਰਮਿਆਨ ਹੋਈ ਝੜਪ ਵਿੱਚ ਦੋ ਪੁਲਿਸ਼ ਅਫਸਰਾਂ ਸਮੇਤ ਤੀਂਹ ਦੇ ਕਰੀਬ ਲੋਕ ਮਾਰੇ ਗਏ। ਮਾਮਲਾ ਸਰਕਾਰੀ ਜ਼ਮੀਨ ਤੋਂ ਕਬਜਾ ਛੁਡਵਾਉਣ ਦਾ ਸੀ ਅਤੇ ਅਦਾਲਤ ਦੇ ਹੁਕਮ ਤੇ ਪੁਲਿਸ ਉੱਥੇ ਗਈ ਸੀ। ਇਸ ਟੋਲੇ ਨੂੰ ਸਰਕਾਰ ਵੱਲੋਂ ਸਰਕਾਰੀ ਜ਼ਮੀਨ ਉੱਤੇ ਕਬਜ਼ਾ ਕਰਕੇ ਪੂਰੀ ਬਸਤੀ ਵਸਾਉਣ ਦੀ ਖੁੱਲ੍ਹ ਦਿੱਤੀ ਗਈ, ਆਪਣੀ ਨਿੱਜੀ ਫੌਜ ਖੜ੍ਹੀ ਕਰਨ ਦਿੱਤੀ ਗਈ ਅਤੇ ਨਾਜਾਇਜ ਅਸਲਾ-ਗੋਲਾ ਬਾਰੂਦ ਜਮ੍ਹਾਂ ਕਰਨ ਦਿੱਤਾ ਗਿਆ। 260 ਏਕੜ ਵਿੱਚ ਫੈਲੇ ਇਹ ਸਰਕਾਰੀ ਪਾਰਕ (ਜਵਾਹਰ ਬਾਗ) ਉੱਤੇ ਕਬਜ਼ਾ ਰਾਤੋ-ਰਾਤ ਨਹੀਂ ਹੋਇਆ। ਇਸ ਨੂੰ ਦੋ ਸਾਲ ਲੱਗੇ ਅਤੇ ਜਾਣਕਾਰੀ ਹੁੰਦਿਆਂ ਪ੍ਰਸ਼ਾਸਨ ਨੇ ਕੁੱਝ ਨਹੀਂ ਕੀਤਾ। ਪੁਲਿਸ਼ ਅਧਿਕਾਰੀਆਂ ਨੇ ਮੀਡੀਆ ਵਿੱਚ ਇਹ ਮੰਨਿਆ ਹੈ ਕਿ ਜਦੋਂ ਕਦੇ ਵੀ ਉਹਨਾਂ ਨੇ ਕਾਰਵਾਈ ਕਰਨੀ ਚਾਹੀ ਤਾਂ 'ਲਖਨਊ' ਤੋਂ ਆਉਂਦੀਆਂ ਫੋਨ ਕਾਲਾਂ ਇਸ ਨੂੰ ਰੁਕਵਾ ਦਿੰਦੀਆਂ ਸਨ। ਨਜਾਇਜ਼ ਕਬਜ਼ਾਕਾਰ ਮੁੱਖਮੰਤਰੀ ਦੇ ਨੇੜਲੇ ਰਿਸ਼ਤੇਦਾਰ ਦੇ 'ਗੁੰਡੇ' ਹਨ ਅਤੇ ਯੂ.ਪੀ. ਵਿੱਚ ਉਹ ਉਸ ਖਾਤਰ ਜ਼ਮੀਨਾਂ ਦੱਬਣ ਦਾ ਕੰਮ ਕਰਦੇ ਹਨ। ਧਰਮ ਗੁਰੂਆਂ ਦਾ ਚੋਲਾ ਪਾ ਕੇ ਕਿਵੇਂ ਇਹ ਨਾਮੀ ਅਤੇ ਕਿਤਈ ਗੁੰਡੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਵੋਟਾਂ ਦੀ ਪ੍ਰਾਪਤੀ ਲਈ ਸਿਆਸਤਦਾਨਾਂ ਵੱਲੋਂ ਨੰਗੇ ਚਿੱਟੇ ਰੂਪ ਵਿੱਚ ਇਹ ਕਬਜ਼ੇ ਕਰਵਾਏ ਜਾਂਦੇ ਹਨ। ਹਰਿਆਣੇ ਦੇ ਅਖੌਤੀ ਸੰਤ ਰਾਮਪਾਲ ਉੱਤੇ ਵੀ ਕਾਨੂੰਨੀ ਕਾਰਵਾਈ ਨੂੰ ਉੱਥੋਂ ਦੀ ਭਾਜਪਾ ਸਰਕਾਰ ਲਗਾਤਾਰ ਟਾਲਦੀ ਰਹੀ। ਜਦੋਂ ਪਾਣੀ ਨੱਕ ਦੇ ਡੋਬ ਤੱਕ ਆ ਗਿਆ ਤਾਂ ਹਰਕਤ ਵਿੱਚ ਆਉਣਾ ਪਿਆ। ਨਾਬਾਲਗ ਲੜਕੀ ਨਾਲ ਬਲਾਤਕਾਰ ਦੇ ਕੇਸ ਵਿੱਚ ਬੰਦ 'ਸੰਤ' ਆਸਾ ਰਾਮ ਦੇ ਭੀ ਜ਼ਮੀਨੀ ਕਬਜ਼ੇ ਅਤੇ ਲੋਕਾਂ ਨਾਲ ਧੋਖਾਧੜੀ ਦੇ ਕਈ ਮਾਮਲੇ ਸਾਹਮਣੇ ਆ ਰਹੇ ਹਨ। ਅਜਿਹੀਆਂ ਉਦਾਹਰਣਾਂ ਦੇ ਪੰਨਿਆਂ ਦੇ ਪੰਨੇ ਭਰੇ ਜਾ ਸਕਦੇ ਹਨ। ਜਿੱਥੇ ਕਾਲੀਨ ਵਰਗ ਦੇ ਲੋਕ ਆਪਣੇ ਸਵਾਰਥਾਂ ਲਈ ਇਹਨਾਂ 'ਸੰਤਾਂ' ਦੇ ਚੇਲੇ ਬਣਦੇ ਹਨ, ਉੱਥੇ ਇਹ ਮਿਹਨਤਕਸ਼ ਜਨਤਾ ਨੂੰ ਭੀ ਆਪਣੀ ਸ਼ਬਦੀ ਜਾਦੂਗਰੀ ਰਾਹੀਂ ਜਾਂ ਉਹਨਾਂ ਦੀ ਅਖੌਤੀ 'ਕਿਸਮਤ' ਬਦਲ ਦੇਣ ਦੇ ਲਭਾਊਂ ਪ੍ਰਵਚਨਾਂ ਰਾਹੀਂ ਗੁੰਮਰਾਹ ਕਰਦੇ ਹਨ। ਅੱਜ ਲੋੜ ਹੈ ਮਿਹਨਤਕਸ਼ ਜਨਤਾ ਨੂੰ ਇਹਨਾਂ ਦੇ ਚੁੰਗਲ ਵਿੱਚੋਂ ਕੱਢ ਕੇ, ਸੰਘਰਸ਼ ਵਿੱਚ ਪਾਉਣ ਦੀ। ਇਹ ਚੇਤਨਾ ਨਾਲ ਜੁੜਿਆ ਮਸਲਾ ਹੈ। ਚੇਤੰਨ ਲੋਕ ਹੀ ਸਮਾਜ ਵਿੱਚ ਸਕਾਰਾਤਮਕ ਤਬਦੀਲੀਆਂ ਲਿਆ ਕੇ ਸਮਾਜ ਨੂੰ ਮਨੁੱਖ ਦੇ ਜਿਉਣ ਯੋਗ ਬਣਾਉਂਦੇ ਹਨ। ਆਓ ਚੇਤਨਾ ਦੀ ਮਿਸਾਲ ਨੂੰ ਹੋਰ ਪ੍ਰਤੀਬੱਧਤਾ ਨਾਲ ਚੁੱਕ ਕੇ ਸਮਾਜ ਵਿੱਚ ਅੱਗੇ ਵਧੀਏ ਅਤੇ ਇਸ ਮਨੁੱਖੀ ਦੋਖੀ ਪ੍ਰਬੰਧ ਦਾ ਭਾਂਡਾ ਚੁਰਾਹੇ ਵਿੱਚ ਭੰਨੀਏ।

15 ਅਗਸਤ ਦੇ 'ਵਿਸ਼ੇਸ਼' ਦਿਨ ’ ਤੇ

ਹੇਮ ਰਾਜ ਸਟੈਨੋ



15 ਅਗਸਤ ਦਾ ਦਿਨ ਵਿਸ਼ੇਸ਼ ਤੌਰ ’ਤੇ ਮਨਾਇਆ ਜਾਂਦਾ ਹੈ। ਇਹ ਇਸ ਕਰਕੇ ਮਨਾਇਆ ਜਾਂਦਾ ਹੈ ਕਿ ਅੰਗਰੇਜ਼ਾਂ ਤੋਂ ਅਸੀਂ ਆਜ਼ਾਦ ਹੋ ਗਏ ਜਾਂ ਇਸਨੂੰ ਹੋਰ ਠੋਸ ਰੂਪ ’ਚ ਕਹਿਣਾ ਹੋਵੇ ਤਾਂ ਇਹ ਕਿ ਸਾਡੇ ਦੇਸ਼ ਦੇ ਲੋਕ ਹੁਣ ਆਜ਼ਾਦ ਹਨ ਅਤੇ ਸਾਡੇ ਦੇਸ਼ ਵਿੱਚ ਜਮਹੂਰੀਅਤ ਹੈ, ਸਾਡਾ ਦੇਸ਼ ਜਮਹੂਰੀ ਹੈ।

ਪਹਿਲਾਂ ਆਪਾਂ ਜਮਹੂਰੀਅਤ ਦੇ ਸੰਕਲਪ ਦਾ ਇਤਿਹਾਸਕ ਪ੍ਰਸੰਗ ਦੇਖਦੇ ਹਾਂ।

ਰੋਮ ਦੀ ਸਭਿਅਤਾ ਨੂੰ ਜਮਹੂਰੀਅਤ ਦਾ ਪੰਘੂੜਾ ਕਿਹਾ ਜਾਂਦਾ ਹੈ। ਇਹ ਸਭਿਅਤਾ ਦਾ ਰਾਜ-ਪ੍ਰਬੰਧ ਵਜੋਂ ਲਿਖਤੀ ਇਤਿਹਾਸ ਹੈ। ਉੱਥੋਂ ਦੇ ਪਲੈਟੋ, ਅਰਸਤੂ ਆਦਿ ਜਿਹੜੇ ਵੀ ਦਾਰਸ਼ਨਿਕ ਹੋਏ ਉਨ੍ਹਾਂ ਨੇ ਸਮਾਜ ਦੇ ਢਾਂਚੇ ’ਚ ਆਜ਼ਾਦੀ, ਨਿਆ, ਜਮਹੂਰੀਅਤ ਆਦਿ ਦੇ ਨਿਯਮ ਦਰਸਾਉਣ ਦਾ ਯਤਨ ਕੀਤਾ। ਰੋਮ ਦੇ ਰਾਜ ਦਾ ਬੁਨਿਆਦੀ ਤੱਥ ਇਹ ਹੈ ਕਿ ਗੁਲਾਮਾਂ ਨੂੰ ਸ਼ਹਿਰੀ ਨਹੀਂ ਸੀ ਸਮਝਿਆ ਜਾਂਦਾ ਇੱਥੋਂ ਤੱਕ ਕਿ ਉਨ੍ਹਾਂ ਨੂੰ ਮਨੁੱਖ ਵੀ ਨਹੀਂ ਸੀ ਸਮਝਿਆ ਜਾਂਦਾ। ਰੋਮ ਦਾ ਕਾਨੂੰਨ ਗੁਲਾਮਾਂ ਨੂੰ ਵਸਤਾਂ ਸਮਝਦਾ ਸੀ। ਗੁਲਾਮ ਨੂੰ ਕਤਲ ਕਰ ਦੇਣਾ ਕੋਈ ਜੁਰਮ ਨਹੀਂ ਸੀ। ਗੁਲਾਮ ਦਾ ਪਰਿਵਾਰ ਵੀ ਆਪਣਾ ਨਹੀਂ ਹੁੰਦਾ ਸੀ, ਉਸਦੀ ਪਤਨੀ ਅਤੇ ਬੱਚੇ ਅਤੇ ਉਹ ਆਪ ਵੀ ਗੁਲਾਮ-ਮਾਲਕ ਦਾ ਪਰਿਵਾਰ ਕਹਿਲਾਉਂਦੇ ਸਨ। ਉੱਥੇ ਜਿਹੜਾ ਵੀ ਅਤੇ ਜਿਹੋ-ਜਿਹਾ ਵੀ ਕਾਨੂੰਨ ਸੀ ਉਹ ਕੇਵਲ ਗੁਲਾਮ-ਮਾਲਕਾਂ ਦੀ ਰੱਖਿਆ ਕਰਦਾ ਸੀ।

ਇਹੀ ਨਹੀਂ ਬਲਕਿ ਗੁਲਾਮ ਨਾਲ ਹਰ ਖੇਤਰ ’ਚ ਪਸ਼ੂਆਂ ਤੋਂ ਵੀ ਭੈੜਾ ਵਰਤਾਓ ਕੀਤਾ ਜਾਂਦਾ ਸੀ। ਜਦੋਂ ਗੁਲਾਮਾਂ ਨੂੰ ਵੇਚਿਆ ਜਾਂਦਾ ਸੀ ਤਾਂ ਬੱਚੇ ਅੱਡ ਅਤੇ ਮਾਤਾ-ਪਿਤਾ ਵੀ ਅੱਡ ਗੁਲਾਮ ਵਪਾਰੀ ਨੂੰ ਵੇਚੇ ਜਾਂਦੇ ਜਿਹੜਾ ਅੱਗੇ ਕਿਸੇ ਹੋਰ ਗੁਲਾਮ ਮਾਲਕ ਕੋਲ ਇਨ੍ਹਾਂ ਨੂੰ ਵੇਚ ਦਿੰਦਾ ਸੀ।

ਹੁਣ ਇਸਤੋਂ ਦੇਖਿਆ ਜਾ ਸਕਦਾ ਹੈ ਕਿ ਇਸ ਗੁਲਾਮਦਾਰੀ ਪ੍ਰਬੰਧ ’ਚ ਜਿਹੜਾ ਆਜ਼ਾਦੀ ਤੇ ਜਮਹੂਰੀਅਤ ਦਾ ਤੱਤ ਸੀ ਉਹ ਲੁੱਟ ਵਾਲਾ ਸੀ। ਭਾਵ ਲੁਟੇਰਿਆਂ ਲਈ ਲੁੱਟ ਕਰਨ ਦੀ ਆਜ਼ਾਦੀ ਤੇ ਜਮਹੂਰੀਅਤ ਸੀ ਅਤੇ ਲੁੱਟੇ ਜਾਣ ਵਾਲਿਆਂ ਲਈ ਆਪਣੀ ਕਿਰਤ ਦੀ ਲੁੱਟ ਕਰਾਉਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਬਸ, ਇਹ ਜਮਹੂਰੀਅਤ ਅਤੇ ਆਜ਼ਾਦੀ ਇਹੋ-ਜਿਹੀ ਸੀ ਕਿ ਗੁਲਾਮਾਂ ’ਤੇ ਰਾਜ ਉਵੇਂ ਦਾ ਉਵੇਂ ਰਹਿੰਦਾ ਸੀ।

ਇਹ ਗੁਲਾਮਦਾਰੀ ਪ੍ਰਬੰਧ ਕਈ ਪਰਤਾਂ ਵਾਲਾ ਸੀ। ਇਸ ਵਿੱਚ ਗੁਲਾਮ-ਮਾਲਕਾਂ ਵੱਲੋਂ ਆਜ਼ਾਦ ਕੀਤੇ ਗਏ ਗੁਲਾਮ, ਖੇਤੀ ਨਾਲੋਂ ਹੋਰ ਪ੍ਰਬੰਧਕੀ ਕੰਮਾਂ ’ਚ ਕੰਮ ਕਰਦੇ ਗੁਲਾਮ, ਅਤੇ ਇਸੇ ਤਰ੍ਹਾਂ ਹੋਰ ਵਸੋਂ ਵੀ ਹੁੰਦੀ ਸੀ। ਉੱਥੇ ਪਹਿਲਾ ਜਮਹੂਰੀ ਰਾਜ਼-ਵੋਟ ਰਾਜ-ਸਥਾਪਤ ਹੋਇਆ ਉਸਨੂੰ ਵੋਟਾਂ ਵਾਲਾ ਜਮਹੂਰੀ ਰਾਜ ਕਿਹਾ ਜਾਂਦਾ ਹੈ। ਪਰ ਇਨ੍ਹਾਂ ਵੋਟਾਂ ’ਚ ਸਿਰਫ ਅਮੀਰਾਂ ਦੇ ਕੁੱਝ ਹਿੱਸੇ ਹੀ ਹਿੱਸਾ ਲੈ ਸਕਦੇ ਸਨ। ਕਿਉਂਕਿ ਵੋਟਾਂ ਦਾ ਸਿਲਸਿਲਾ ਸਭ ਤੋਂ ਪਹਿਲਾਂ ਰੋਮ ’ਚ ਚਾਲੂ ਹੋਇਆ ਇਸ ਲਈ ਇਸਨੂੰ ਜਮਹੂਰੀਅਤ ਦਾ ਪੰਘੂੜਾ ਮੰਨਿਆ ਜਾਣ ਲੱਗਿਆ। ਪਰ ਇਹ ਕਿਹੋ ਜਿਹੀ ਜਮਹੂਰੀਅਤ ਸੀ, ਇਸ ਨੂੰ ਵੀ ਦੇਖ ਲਈਏ।

ਜਿਵੇਂ ਪਹਿਲਾਂ ਗੱਲ ਕੀਤੀ ਜਾ ਚੁੱਕੀ ਹੈ ਕਿ ਉੱਥੇ ਸਭ ਨੂੰ ਬਰਾਬਰ ਵੋਟ ਦਾ ਹੱਕ ਨਹੀਂ ਸੀ। ਗੁਲਾਮਾਂ ਦੇ ਮਾਲਕਾਂ ਅਤੇ ਉਨ੍ਹਾਂ ਨਾਲ ਜੁੜੇ ਧਨਵਾਨ ਲੋਕ ਹੀ ਵੋਟਾਂ ’ਚ ਹਿੱਸਾ ਲੈ ਸਕਦੇ ਸਨ। ਉੱਥੇ ਗੁਲਾਮਾਂ ਨੂੰ ਨਾਗਰਿਕ ਨਹੀਂ ਬਲਕਿ ਜਾਇਦਾਦ ਸਮਝਿਆ ਜਾਂਦਾ ਸੀ, ਇਸ ਲਈ ਉਨ੍ਹਾਂ ਨੂੰ ਵੋਟ ਦਾ ਹੱਕ ਨਹੀਂ ਸੀ। ਗੁਲਾਮ-ਮਾਲਕ ਆਪਣਾ ਰਾਜ-ਪ੍ਰਬੰਧ ਬਣਾਈ ਰੱਖਣ ਲਈ ਵੋਟਾਂ ਪਵਾ ਲੈਂਦੇ ਸਨ। ਇਹ ਗੁਲਾਮ-ਮਾਲਕ ਅਤੇ ਹੋਰ ਅਮੀਰ ਰਾਜ ਕਰਨ ਦੇ ਆਪਸੀ ਰੱਟਿਆਂ ਨੂੰ ਹੱਲ ਕਰਨ ਲਈ ਇਹ-ਵੋਟਾਂ ਵਾਲੀ- ਖੇਡ ਖੇਡਦੇ ਸਨ। ਇਸੇ ਨੂੰ ਉਹ ਜਮਹੂਰੀਅਤ ਕਹਿੰਦੇ ਸਨ। ਉਦੋਂ ਕੋਈ ਵੀ ਗੁਲਾਮ ਆਪਣਾ ਮਾਲਕ ਆਪਣੇ ਤੌਰ ’ਤੇ ਨਹੀਂ ਬਦਲ ਸਕਦਾ ਸੀ, ਭੱਜਣ ਦੀ ਗੱਲ ਤਾਂ ਦੂਰ ਰਹੀ। ਜਿਹੜਾ ਗੁਲਾਮ ਭੱਜ ਜਾਂਦਾ ਤਾਂ ਉਸਨੂੰ ਫੜਕੇ ਕਰੜੀ ਤੋਂ ਕਰੜੀ ਸਜ਼ਾ ਦਿੱਤੀ ਜਾਂਦੀ ਸੀ। ਉਸਦੇ ਮੱਥੇ ਤੇ “ਮੈਂ ਭਗੌੜਾ ਹਾਂ (I am fugitive)” ਖੋਦ ਦਿੱਤਾ ਜਾਂਦਾ ਸੀ।

ਜੇਕਰ ਗੁਲਾਮ ਜ਼ਿੰਮੇ ਕਰਜ਼ਾ ਚੜ੍ਹ ਜਾਂਦਾ ਤਾਂ ਉਸਨੂੰ ਆਪਣੇ ਬੱਚੇ ਤੱਕ ਨੂੰ ਵੇਚਣਾ ਪੈਂਦਾ ਸੀ। ਗੁਲਾਮ-ਮਾਲਕਾਂ ਦਾ ਇਹ ਹੁਕਮ ਵੀ ਹੁੰਦਾ ਸੀ।

ਸੋ ਇਸ ਬਹੁਤ ਹੀ ਸੰਖੇਪ ਜਿਹੇ ਵਰਨਣ ਤੋਂ ਹੀ ਅਸੀਂ ਦੇਖ ਸਕਦੇ ਹਾਂ ਕਿ ਗੁਲਾਮਾਂ ਨੂੰ ਨਾ ਤਾਂ ਜਮਹੂਰੀਅਤ (Democracy) ਸੀ, ਨਾ ਆਜ਼ਾਦੀ (freedom) ਅਤੇ ਨਾ ਹੀ ਕੋਈ ਮੁਕਤੀ (liberty)। ਜੇ ਕਿਸੇ ਨੇ ਅਜਿਹੀ ਗੱਲ ਕੀਤੀ ਵੀ ਹੈ ਤਾਂ ਉਹ ਨਿਰਾ ਛਲਾਵਾ ਹੈ। ਗੁਲਾਮਦਾਰੀ ਯੁੱਗ ਤੋਂ ਬਾਅਦ ਦੇ ਯੁੱਗਾਂ ਵਿੱਚ ਕੀ ਵਾਪਰਿਆ ਇਹ ਆਪਾਂ ਬਾਅਦ ’ਚ ਦੇਖਾਂਗੇ। ਪਹਿਲਾਂ ਇਹ ਦੇਖਦੇ ਹਾਂ ਕਿ ਗੁਲਾਮਾਂ ਦੀ ਇਹ ਹਾਲਤ ਕਿਉਂ ਸੀ?

ਇੱਥੇ ਇਹ ਗੱਲ ਸਮਝ ਲੈਣੀ ਜ਼ਰੂਰੀ ਹੈ ਕਿ ਜਿਹੋ-

ਜਿਹਾ ਆਰਥਕ ਖੇਤਰ ਹੁੰਦਾ ਹੈ ਉਹੋ-ਜਿਹਾ ਹੀ ਸਿਆਸੀ ਅਤੇ ਸਮਾਜਕ ਖੇਤਰ ਹੁੰਦਾ ਹੈ। ਭਾਵ ਆਰਥਕ ਖੇਤਰ ਆਧਾਰ ਹੁੰਦਾ ਹੈ ਅਤੇ ਵਿਚਾਰਧਾਰਕ, ਸਿਆਸੀ, ਨਿਆਪਾਲਿਕਾ, ਫੌਜ, ਆਦਿ ਉਸਾਰ ਹੁੰਦਾ ਹੈ। ਆਰਥਕ ਆਧਾਰ 'ਚੋਂ ਹੀ ਇਹ ਉਸਾਰ ਉੱਸਰਦਾ ਹੈ ਜੋ ਮੋੜਵੇਂ ਰੂਪ 'ਚ ਇਸ ਆਰਥਕ ਆਧਾਰ ਨੂੰ ਕਾਇਮ ਰੱਖਣ ਲਈ ਜ਼ੋਰ ਲਗਾਉਂਦਾ ਰਹਿੰਦਾ ਹੈ।

ਆਰਥਕ ਆਧਾਰ ਕੀ ਹੈ? ਕਿਸੇ ਵੀ ਮਨੁੱਖੀ ਪ੍ਰਾਣੀਆਂ ਨੂੰ ਆਪਣੇ ਜੀਵਨ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਕਿਰਤ ਕਰਨੀ ਜ਼ਰੂਰੀ ਹੈ। ਕਿਰਤ ਕਰਨ ਲਈ ਕਿਰਤ ਦੇ ਸਾਧਨਾਂ ਦੀ ਜ਼ਰੂਰਤ ਹੈ ਜਿਵੇਂ ਜ਼ਮੀਨ ਆਦਿ। ਜਦੋਂ ਮਨੁੱਖ ਕਿਰਤ ਕਰਨ ਦੇ ਅਮਲ 'ਚ ਪੈਂਦਾ ਹੈ ਤਾਂ ਇਸ ਦਰਮਿਆਨ ਬਣੇ ਸਬੰਧਾਂ ਨੂੰ ਕਿਰਤ ਦੇ ਸਬੰਧ ਜਾਂ ਰਿਸ਼ਤੇ ਕਿਹਾ ਜਾਂਦਾ ਹੈ। ਮਿਸਾਲ ਵਜੋ ਮੁਜ਼ਾਰਾ ਕਿਸੇ ਜਗੀਰਦਾਰ ਦੇ ਖੇਤ 'ਤੇ ਕੰਮ ਕਰਦਾ ਹੈ ਤਾਂ ਉਸ ਦਰਮਿਆਨ ਅਤੇ ਜਗੀਰਦਾਰ ਦਰਮਿਆਨ ਸਬੰਧ ਬਣਦੇ ਹਨ। ਇਹਨ੍ਹਾਂ ਨੂੰ ਕਿਰਤ ਦੇ ਸਬੰਧ ਕਿਹਾ ਜਾਂਦਾ ਹੈ। ਕਿਉਂਕਿ ਜਗੀਰਦਾਰ, ਜਗੀਰ ਦਾ ਮਾਲਕ ਹੈ ਇਸ ਲਈ ਉਹ ਭਾਰੂ ਵੀ ਰਹੇਗਾ ਅਤੇ ਮੁਜ਼ਾਰੇ ਦੀ ਕਿਰਤ ਦੀ ਲੁੱਟ ਵੀ ਕਰੇਗਾ ਭਾਵ ਉਸਨੂੰ ਪੈਦਾਵਾਰ 'ਚੋਂ ਘੱਟ ਦੇਵੇਗਾ ਅਤੇ ਆਪ ਵਾਧੂ ਹੜੱਪੇਗਾ। ਜਦੋਂ ਅਜਿਹਾ ਹੋਵੇਗਾ ਤਾਂ ਮੁਜ਼ਾਰੇ ਦੀ ਹਾਲਤ ਗਰੀਬੀ ਵਾਲੀ ਬਣੀ ਰਹੇਗੀ ਅਤੇ ਜਗੀਰਦਾਰ ਦੀ ਹਾਲਤ ਅਮੀਰੀ ਵਾਲੀ। ਇਹ ਇਸ ਕਰਕੇ ਹੀ ਸੰਭਵ ਹੋਇਆ ਕਿ ਆਰਥਕ ਆਧਾਰ ਭਾਵ ਕਿਰਤ ਦੇ ਰਿਸ਼ਤੇ 'ਚ ਲੁੱਟ ਵਾਲਾ ਤੱਤ ਮੌਜੂਦ ਹੈ। ਬਸ, ਕਿਰਤ ਦੇ ਸਾਧਨ ਅਤੇ ਮਨੁੱਖਾਂ ਦਰਮਿਆਨ ਇਸ 'ਤੇ ਉੱਸਰੇ ਕਿਰਤ ਦੇ ਰਿਸ਼ਤੇ ਮਿਲਕੇ ਹੀ ਆਰਥਕ ਖੇਤਰ ਕਹਿਲਾਉਂਦੇ ਹਨ।

ਹੁਣ ਗੱਲ ਕਰਦੇ ਹਾਂ ਗੁਲਾਮਦਾਰੀ ਯੁੱਗ ਵੇਲੇ ਗੁਲਾਮਾਂ ਦੀ ਹਾਲਤ ਦੀ।

ਗੁਲਾਮਾਂ ਅਤੇ ਗੁਲਾਮ-ਮਾਲਕਾਂ ਦਰਮਿਆਨ ਗੈਰ-ਬਰਾਬਰੀ ਕਿਉਂ ਸੀ? ਕਿਉਂਕਿ ਗੁਲਾਮ-ਮਾਲਕ ਕੁੱਲ ਜਾਇਦਾਦ ਅਤੇ ਧਨ-ਦੌਲਤ ਦੇ ਮਾਲਕ ਹੁੰਦੇ ਸਨ। ਗੁਲਾਮ ਸਿਰਫ ਕਿਰਤ ਕਰਨ ਦੇ ਸੰਦ ਹੁੰਦੇ ਸਨ। ਉਨ੍ਹਾਂ ਦੀ ਆਪਣੀ ਕੋਈ ਜਾਇਦਾਦ ਨਹੀਂ ਹੁੰਦੀ ਸੀ ਅਤੇ ਨਾ ਹੀ ਉਹ ਆਪਣੀ ਕਿਰਤ ਦਾ ਮੁੱਲ ਪਾ ਸਕਦੇ ਸਨ। ਉਹ ਤਾਂ ਸਿਰਫ ਗੁਲਾਮ-ਮਾਲਕਾਂ ਲਈ ਕਿਰਤ ਕਰਦੇ ਸਨ।

ਕੋਈ ਕਿਰਤ ਨਹੀਂ ਕਰਦਾ ਤਾਂ ਉਹ ਆਪਣੀਆਂ ਲੋੜਾਂ ਦੀ ਪੂਰਤੀ ਲਈ ਦੂਸਰੇ ਦੀ ਕਿਰਤ 'ਤੇ ਹੀ ਜ਼ਿੰਦਾ ਰਹਿ ਸਕਦਾ ਹੈ। ਇਸ ਤਰ੍ਹਾਂ ਨਾਲ ਉਹ ਦੂਸਰਿਆਂ ਦੀ ਕਿਰਤ ਦੀ ਲੁੱਟ ਹੀ ਕਰ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਗੁਲਾਮ-ਮਾਲਕ, ਗੁਲਾਮਾਂ ਦੀ ਕਿਰਤ 'ਤੇ ਜ਼ਿੰਦਾ ਹੀ ਨਹੀਂ ਰਹਿੰਦੇ ਸਨ ਬਲਕਿ ਜਿਹੜੀਆਂ ਖਰਮਸਤੀਆਂ ਵੀ ਕਰਦੇ ਸਨ ਉਹ ਵੀ ਗੁਲਾਮਾਂ ਦੀ ਕਿਰਤ ਦੀ ਲੁੱਟ ਦੇ ਆਸਰੇ ਹੀ ਕਰਦੇ ਸਨ। ਗੁਲਾਮਾਂ ਦੀ ਪੈਦਾਵਾਰ ਦਾ ਜ਼ਿਆਦਾ ਹਿੱਸਾ ਗੁਲਾਮ-ਮਾਲਕ ਕੋਲ ਚਲਾ ਜਾਂਦਾ ਸੀ ਅਤੇ ਗੁਲਾਮ ਕੋਲ ਬਹੁਤ ਹੀ ਨਿਗੂਣਾ ਹਿੱਸਾ, ਸਿਰਫ ਮੁਸ਼ਕਿਲ ਨਾਲ ਜ਼ਿੰਦਾ ਰਹਿਣ ਯੋਗਾ ਹੀ ਦਿੱਤਾ ਜਾਂਦਾ ਸੀ। ਇਹ ਗੁਲਾਮਾਂ ਦਾ ਘੋਰ ਗਰੀਬੀ ਸੀ ਅਤੇ ਹਰੇਕ ਗੁਲਾਮ ਨੂੰ ਇਸ ਹਾਲਤ 'ਚ ਹੀ ਰਹਿਣਾ ਪੈਂਦਾ ਸੀ। ਭਾਵ

ਧਨ-ਦੌਲਤ- ਗੁਲਾਮ-ਮਾਲਕਾਂ ਦੀ।

ਗਰੀਬੀ-ਗੁਲਾਮਾਂ ਪਰਿਵਾਰਾਂ ਦੀ।

ਇਸ ਤਰ੍ਹਾਂ ਗੁਲਾਮਦਾਰੀ ਯੁੱਗ 'ਚ ਇਹ ਦੋ ਕਿਸਮ ਦੀਆਂ ਵਿਰੋਧੀ ਹਾਲਤਾਂ ਸਨ। ਕੀ ਇਹ ਦੋ ਵਿਰੋਧੀ ਜੀਵਨ-ਹਾਲਤਾਂ ਨੇ ਲੁੱਟ ਨੂੰ ਜਨਮ ਦਿੱਤਾ? ਨਹੀਂ। ਬਲਕਿ ਬਿਲਕੁਲ ਇਸਦੇ ਵਿਰੁੱਧ ਇਹ ਮਨੁੱਖ ਦੇ ਕਿਰਤ ਦੇ ਰਿਸ਼ਤਿਆਂ 'ਚ ਸ਼ਾਮਲ ਲੁੱਟ ਦਾ ਤੱਤ ਹੈ ਜਿਸਨੇ ਮਨੁੱਖਾਂ ਦਰਮਿਆਨ ਇਹ ਗੈਰ-ਬਰਾਬਰੀ ਪੈਦਾ ਕੀਤੀ। ਇਹ ਗੈਰ-ਬਰਾਬਰੀ ਲੁੱਟ ਦਾ ਪੈਦਾ ਕੀਤਾ ਪ੍ਰਭਾਵ (effect) ਸੀ। ਸੋ ਜੇਕਰ ਬਰਾਬਰੀ ਵਾਲੀ ਹਾਲਤ ਲਿਆਉਣੀ ਹੈ ਤਾਂ ਇਹ ਦੋ ਵਿਰੋਧੀ ਹਾਲਤਾਂ ਪੈਦਾ ਕਰਨ ਵਾਲੇ ਕਾਰਨ- ਲੁੱਟ- ਨੂੰ ਖਤਮ ਕਰਨਾ ਪਵੇਗਾ। ਮਨੁੱਖ ਦੇ ਕਿਰਤ ਦੇ ਰਿਸ਼ਤਿਆਂ 'ਚ ਲੁੱਟ ਵੀ ਬਣੀ ਰਹੇ ਤੇ ਬਰਾਬਰੀ ਵੀ ਸਥਾਪਤ ਹੋ ਜਾਵੇ, ਇਹ ਸੰਭਵ ਹੀ ਨਹੀਂ ਹੈ।

ਹੁਣ ਜਗੀਰਦਾਰੀ ਸਮਾਜ ਦੀ ਗੱਲ ਕਰੀਏ। ਪਹਿਲੇ, ਉਹ ਜਿੱਥੇ ਸਿਰਫ ਰਾਜਾ ਹੀ ਹੁਕਮ ਚਲਾਉਂਦਾ ਸੀ ਅਤੇ ਦੂਸਰੇ ਉਹ ਜਿੱਥੇ ਰਾਜਾ ਜਗੀਰੂ ਜਮਾਤਾਂ 'ਚੋਂ ਕੁੱਝ ਨੁਮਾਇੰਦੇ ਨਾਮਜ਼ਦ ਕਰਕੇ ਉਨ੍ਹਾਂ ਦੀ ਰਾਜ-ਪ੍ਰਬੰਧ ਚਲਾਉਣ 'ਚ ਮੱਦਦ ਲੈਂਦਾ ਸੀ।

ਜਗੀਰਦਾਰੀ ਯੁੱਗ ਵਿੱਚ ਵੀ ਜਗੀਰਦਾਰ ਆਪ ਵਿਹਲੇ ਰਹਿੰਦੇ ਸਨ ਅਤੇ ਮੁਜ਼ਾਰੇ ਖੇਤੀ ਕਰਦੇ ਸਨ। ਜਗੀਰਦਾਰ ਮੁਜ਼ਾਰਿਆਂ ਨੂੰ ਨਿਗੂਣਾ ਹਿੱਸਾ ਦਿੰਦਾ ਸੀ ਅਤੇ ਆਪ ਜ਼ਿਆਦਾ ਹੜੱਪਦਾ ਸੀ। ਸਮਾਜਕ ਤੌਰ 'ਤੇ ਵੀ ਉਹ ਮੁਜ਼ਾਰਿਆਂ ਨੂੰ ਥੱਲੇ ਲਾ ਕੇ ਰੱਖਦਾ ਸੀ। ਇੱਥੋਂ ਤੱਕ ਕਿ ਉਹ, ਜੇ ਚਾਹੁੰਦਾ, ਤਾਂ ਮੁਜ਼ਾਰੇ ਦੀ ਪਤਨੀ ਨੂੰ ਪਹਿਲੇ ਦਿਨ ਆਪਣੇ ਘਰ ਲਿਜਾ ਸਕਦਾ ਸੀ। ਜਗੀਰਦਾਰ ਦੇ ਖੂਹ ਤੋਂ ਪਾਣੀ ਭਰਨ ਗਈ ਨਵੀਂ ਵਿਆਹੀ ਮੁਟਿਆਰ ਨੂੰ ਪਹਿਲੇ ਦਿਨ ਉਸ ਜਗੀਰਦਾਰ ਨੂੰ ਆਪਣੀ ਪਿੱਠ 'ਤੇ ਬਿਠਾਕੇ ਉੱਥੋਂ ਤੱਕ ਝੂਟਾ ਦੇਣਾ ਪੈਂਦਾ ਸੀ ਜਿੱਥੋਂ ਤੱਕ ਬੋਕੇ ਨੂੰ ਖਿੱਚਣ ਵਾਲਾ ਰੱਸਾ ਜਾਂਦਾ ਸੀ। ਇਸ ਤਰ੍ਹਾਂ ਨਾਲ ਜਗੀਰਦਾਰੀ ਯੁੱਗ ਦੇ ਆਰਥਕ ਖੇਤਰ ਵਿੱਚ ਵੀ ਲੁੱਟ-ਖਸੁੱਟ ਸੀ ਅਤੇ ਸਮਾਜਕ ਖੇਤਰ 'ਚ ਵੀ। ਇਸੇ ਕਰਕੇ ਇਸ ਯੁੱਗ ਵਿੱਚ ਵੀ ਬਰਾਬਰਤਾ ਦਾ ਸੁਆਲ ਹੀ ਨਹੀਂ ਪੈਦਾ ਹੁੰਦਾ ਸੀ।

ਸਰਮਾਏਦਾਰੀ ਦਾ ਯੁੱਗ ਆਉਣ 'ਤੇ ਜਮਹੂਰੀਅਤ

ਅਤੇ ਆਜ਼ਾਦੀ ਆਦਿ ਨੂੰ ਵਿਸ਼ਾਲ ਅਰਥ ਦੇਣ ਦਾ ਛਲਾਵਾ ਕੀਤਾ ਗਿਆ। ਉਹ ਇਉਂ ਕਿ ਇਸ ਸਮਾਜ ਵਿੱਚ ਕਾਨੂੰਨ ਸਭਨਾਂ ਲਈ ਬਰਾਬਰ ਅਤੇ ਸਭਨਾਂ ਦੀ ਰੱਖਿਆ ਕਰਨ ਵਾਲੇ ਵਜੋਂ ਪੇਸ਼ ਕੀਤਾ ਜਾਂਦਾ ਹੈ। ਪਰ ਜਦੋਂ ਅਸੀਂ ਦੇਖਦੇ ਹਾਂ ਕਿ ਕਾਨੂੰਨ ਦੀ ਨਜ਼ਰ 'ਚ ਲੋਕਾਂ ਦੀ ਇੱਕੋ ਜਿਹੀ ਰਾਖੀ ਦਾ ਸਵਾਲ ਕਿਹਾ ਜਾਂਦਾ ਹੈ ਤਾਂ ਇਹ ਅਸਲ ਵਿੱਚ ਸਰਮਾਏਦਾਰਾਂ ਦੀ ਨਿੱਜੀ ਜਾਇਦਾਦ ਦੀ ਰਾਖੀ ਦਾ ਸਵਾਲ ਹੀ ਬਣ ਜਾਂਦਾ ਹੈ ਭਾਵ ਕਿ ਸਰਮਾਏਦਾਰਾਂ ਨੂੰ ਆਪਣੀ ਜਾਇਦਾਦ ਕਾਇਮ ਰੱਖਣ ਤੇ ਵਧਾਉਣ ਦੀ ਜਮਹੂਰੀਅਤ ਹੈ ਪਰ ਕਿਰਤੀ ਲੋਕਾਂ ਨੂੰ ਉਨ੍ਹਾਂ ਦੀ ਕਿਰਤ ਦੀ ਲੁੱਟ ਕਰਕੇ ਸਰਮਾਏਦਾਰਾਂ ਵੱਲੋਂ ਬਣਾਈ ਜਾਇਦਾਦ ਨੂੰ ਵਾਪਸ ਲੈਣ ਦੀ ਕੋਈ ਜਮਹੂਰੀਅਤ ਨਹੀਂ ਹੈ।

ਇਸ ਯੁੱਗ ਵਿੱਚ ਵੀ ਆਰਥਕ ਖੇਤਰ 'ਚ ਲੁੱਟ ਬਰਕਰਾਰ ਰਹਿੰਦੀ ਹੈ ਅਤੇ ਇਸੇ ਕਰਕੇ ਜੀਵਨ ਦੇ ਦੂਸਰੇ ਸਾਰੇ ਖੇਤਰਾਂ 'ਚ ਲੁੱਟ ਵਾਲੇ ਰਿਸ਼ਤੇ ਕਾਇਮ ਰਹਿੰਦੇ ਹਨ ਅਤੇ ਆਜ਼ਾਦੀ, ਬਰਾਬਰੀ ਅਤੇ ਜਮਹੂਰੀਅਤ ਸਿਰਫ ਨਾਂ ਦੀਆਂ ਗੱਲਾਂ ਹੀ ਹੁੰਦੀਆਂ ਹਨ।

ਇਸ ਲਈ ਗੁਲਾਮਦਾਰੀ ਯੁੱਗ ਤੋ ਲੈ ਕੇ ਹੁਣ ਤੱਕ ਦੇ ਯੁੱਗ ਤੱਕ ਜਮਹੂਰੀਅਤ ਦੀਆਂ ਕੋਈ ਵੀ ਸ਼ਕਲਾਂ ਵਾਲੇ ਰਾਜ-ਪ੍ਰਬੰਧ ਕਿਉਂ ਨਾ ਰਹੇ ਹੋਣ ਜਾਂ ਰਹਿ ਰਹੇ ਹਨ ਉਨ੍ਹਾਂ ਦਾ ਤੱਤ-ਸਾਰ ਇੱਕੋ ਹੀ ਹੈ, ਉਹ ਇਹ ਕਿ ਇਹ ਜਾਇਦਾਦ-ਮਾਲਕਾਂ ਅਤੇ ਧਨਵਾਨਾਂ ਲਈ ਤਾਂ ਜਮਹੂਰੀਅਤ ਹੈ ਪਰ ਜਾਇਦਾਦ-ਵਿਹੂਣਿਆਂ ਅਤੇ ਕਿਰਤੀਆਂ ਲਈ ਇਹ ਰਾਜ-ਪ੍ਰਬੰਧ ਗੈਰ-ਜਮਹੂਰੀ ਰਹੇ ਅਤੇ ਰਹਿ ਰਹੇ ਹਨ। ਭਾਵ ਕਿ ਜਿਉਂ-ਜਿਉਂ ਜਮਾਤਾਂ ਵਿੱਚ ਸਮਾਜੀ ਵੰਡ ਪੈਦਾ ਹੋਈ ਅਤੇ ਇਸ ਦੀਆਂ ਜੜ੍ਹਾਂ ਪੱਕੀਆਂ ਹੋ ਗਈਆਂ, ਜਿਉਂ ਜਿਉਂ ਜਮਾਤੀ ਸਮਾਜ ਪ੍ਰਗਟ ਹੋਇਆ ਤਿਉਂ ਤਿਉਂ ਰਾਜ ਕਰਨ ਦੇ ਢੰਗਾਂ ਵਿੱਚ ਜਮਹੂਰੀਅਤ ਅਤੇ ਅਜ਼ਾਦੀ ਦੇ ਸੰਕਲਪ ਵਧੇਰੇ ਛਲਾਵੇ ਭਰੇ ਬਣਦੇ ਗਏ ਭਾਵੇਂ ਜਗੀਰਦਾਰੀ ਤੋਂ ਸਰਮਾਏਦਾਰੀ ਤੱਕ ਤਬਦੀਲੀ ਦੇ ਦੌਰਾਨ ਧੜਵੈਲ ਇਤਿਹਾਸਕ ਤਬਦੀਲੀਆਂ ਹੋਈਆਂ, ਬਹੁਤ ਵੱਡੇ ਉਤਰਾਅ-ਚੜ੍ਹਾ ਆਏ ਪਰ ਇਸਦੇ ਬਾਵਜੂਦ ਜਮਹੂਰੀਅਤ ਅਤੇ ਆਜ਼ਾਦੀ ਜਾਇਦਾਦ-ਮਾਲਕਾਂ ਅਤੇ ਰਾਜ ਕਰਨ ਵਾਲਿਆਂ ਦੀ ਰਾਖੀ ਦਾ ਸੰਦ ਹੀ ਬਣੀ ਰਹੀ ਅਤੇ ਰਹਿ ਰਹੀ ਹੈ।

ਸਾਡੇ ਦੇਸ਼ ਦੇ ਸੰਵਿਧਾਨ ਦੀ ਮਿਸਾਲ ਲਵੋ। ਇਸ ਵਿੱਚ ਬਰਾਬਰੀ, ਆਜ਼ਾਦੀ ਅਤੇ ਜਮਹੂਰੀਅਤ ਵਰਗੇ ਲੁਭਾਉਣੇ ਸ਼ਬਦ ਦਰਜ ਹਨ। ਬਰਾਬਰੀ ਵਾਲੇ ਸੰਕਲਪ ਨੂੰ ਲਵੋ। ਇਹ ਗੱਲ ਸਪੱਸ਼ਟ ਹੈ ਕਿ ਜਾਇਦਾਦ-ਵਿਹੂਣੇ ਜਾਂ ਕਿਸਾਨਾਂ ਜਾਂ ਕਿਰਤੀ ਲੋਕਾਂ ਕੋਲ ਸਰਮਾਏਦਾਰਾਂ, ਬਹੁ-ਕੌਮੀ ਕਾਰਪੋਰੇਸ਼ਨਾਂ ਦੇ ਬਰਾਬਰ ਸਾਧਨ ਨਹੀਂ ਹਨ ਭਾਵ ਸਾਧਨਾਂ 'ਚ ਗੈਰ-ਬਰਾਬਰੀ ਹੈ ਫਿਰ ਉਹਨਾਂ ਦਰਮਿਆਨ ਬਰਾਬਰੀ ਵਾਲੇ ਰਿਸ਼ਤੇ ਕਿਵੇਂ ਹੋ ਸਕਦੇ ਹਨ? ਇਸਨੂੰ ਦਰਸਾਉਂਦੀ ਤਾਂ ਸਾਡੇ ਪੰਜਾਬ ਅੰਦਰ ਇੱਕ ਮਸ਼ਹੂਰ ਕਹਾਵਤ ਰਹੀ ਹੈ ਕਿ ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ।

ਇੱਕ ਨਮੂਨਾ ਦੇਖੋ। ਇੱਕ ਪਾਸੇ ਤਾਂ ਭਾਰਤ ਅੰਦਰ 1,25,000 ਦੇ ਕਰੀਬ ਅਰਬਾਂ-ਪਤੀ ਹਨ ਦੂਸਰੇ ਪਾਸੇ ਦੇਸ਼ ਦੀ ਕੁੱਲ ਆਬਾਦੀ ਦਾ 50 ਪ੍ਰਤੀਸ਼ਤ ਹਿੱਸੇ ਦੀ ਪ੍ਰਤੀ ਜੀਅ ਪ੍ਰਤੀ ਦਿਨ ਆਮਦਨ 20 ਰੁਪੈ ਹੈ। ਫੋਰਬਜ਼ ਦੀ ਇੱਕ ਲਿਸਟ ਅਨੁਸਾਰ 2003 'ਚ ਜਿੱਥੇ 13 ਖਰਬਾਂ ਪਤੀ ਸਨ ਉਹਨਾਂ ਦੀ ਗਿਣਤੀ 2011 'ਚ ਵਧਕੇ 55 ਹੋ ਗਈ ਹੈ। ਇਸ ਲਈ ਇਹ ਬਰਾਬਰੀ ਵਾਲਾ ਸੰਕਲਪ ਧੋਖੇ ਭਰਿਆ ਹੈ। ਇਸੇ ਤਰ੍ਹਾਂ ਜਮਹੂਰੀਅਤ ਅਤੇ ਆਜ਼ਾਦੀ ਦੇ ਸੰਕਲਪ ਹਨ। ਕੀ ਇਹ ਹੈਰਾਨਗੀ ਦੀ ਗੱਲ ਨਹੀਂ ਕਿ ਇਹ ਛਲਾਵੇ-ਭਰੇ ਸੰਕਲਪਾਂ ਵਾਲੇ ਸੰਵਿਧਾਨ ਦੀ ਆੜ 'ਚ ਹੀ ਰਾਜ ਕਰਨ ਵਾਲੀਆਂ ਜਮਾਤਾਂ ਰਾਜ ਕਰ ਰਹੀਆਂ ਹਨ।

ਸਾਡੇ ਦੇਸ਼ ਦੀਆਂ 3,44,000 ਕੰਪਨੀਆਂ ਆਪਣੀ ਇਨਕਮ ਦੀ ਰੀਟਰਨ ਹੀ ਨਹੀਂ ਭਰਦੀਆਂ, ਟੈਕਸ ਤਾਂ ਫਿਰ ਉਨ੍ਹਾਂ ਨੇ ਦੇਣਾ ਹੀ ਕੀ ਹੈ। ਕਿਸਾਨ ਦੋ ਮਣ ਫਸਲ ਵੀ ਵੇਚੇ ਉਸ 'ਤੇ ਲੱਗੇ ਟੈਕਸ ਉਦੋਂ ਹੀ ਕੱਟ ਲਏ ਜਾਂਦੇ ਹਨ। ਜੇਕਰ ਕਿਸਾਨ ਕਰਜ਼ਾ ਨਾ ਮੋੜੇ ਤਾਂ ਹਕੂਮਤਾਂ ਉਸ ਦਾ ਸਾਰਾ ਕੁੱਝ ਕੁਰਕ ਕਰਨ 'ਤੇ ਉਤਾਰੂ ਹੋ ਜਾਂਦੀਆਂ ਹਨ।

ਕਾਲੇ ਧਨ ਦੀ ਗੱਲ ਲਵੋ। ਨਰਿੰਦਰ ਦਮੋਦਾਰ ਦਾਸ ਮੋਦੀ 2014 'ਚ ਪਾਰਲੀਮੈਂਟ ਦੀਆਂ ਚੋਣ ਵੇਲੇ ਕਾਲਾ ਧਨ ਵਾਪਿਸ ਲਿਆਕੇ ਹਰੇਕ ਭਾਰਤੀ ਦੇ ਖਾਤੇ 'ਚ 15-15 ਲੱਖ ਜਮ੍ਹਾਂ ਕਰਾਉਣ ਦੇ ਹਿੱਕ-ਠੋਕਵੇਂ ਦਾਅਵੇ ਕਰਦਾ ਰਿਹਾ ਪਰ ਹੁਣ ਇਹ ਦਾਅਵਾ ਕਿੱਧਰੇ ਉੱਡ-ਪੁੱਡ ਗਿਆ ਹੈ ਅਤੇ ਮੋਦੀ ਸਾਹਿਬ ਕਾਲੇ ਧਨ ਬਾਰੇ ਜਾੜ੍ਹ ਘੁੱਟੀ ਬੈਠੇ ਹਨ ਐਵੇਂ ਕਦੇ ਕਦੇ ਮਲਵੀਂ ਜਿਹੀ ਜੀਭ ਨਾਲ ਕੋਈ ਨਿੱਕਾ-ਮੋਟਾ ਬਿਆਨ ਦਾਗ ਦਿੰਦੇ ਹਨ। ਇਸੇ ਤਰ੍ਹਾਂ ਭਾਜਪਾ ਦਾ ਮੋਹਰਾ ਬਣੇ ਯੋਗ ਗੁਰੂ ਰਾਮਦੇਵ ਨੇ ਵੀ ਕਾਲੇ ਧਨ ਦੇ ਸੂਲ-ਵੰਸ ਦਾ ਖਾਤਮਾ ਕਰਨ ਲਈ ਗਦਾ ਚੁੱਕਿਆ ਹੋਇਆ ਸੀ ਉਹ ਹੁਣ ਇੱਕ-ਦਮ ਚੁੱਪ ਹੈ। ਆਪਣੇ ਚੁੱਪ ਹੋਣ ਦੀ ਵਾਜਬਵਿਤਾ ਬਿਆਨ ਕਰਦਾ ਹੋਇਆ ਕਹਿੰਦਾ ਹੈ,''ਜਭ ਕਾਲਾ ਧਨ ਆਇਆ ਹੀ ਨਹੀਂ ਤਾਂ ਇਸ ਬਾਰੇ ਕਿਆ ਬੋਲਣਾ ਹੈ।'' ਇਸ ਤੋਂ ਕੋਈ ਸਵਾਲ ਪੁੱਛੇ ਕਿ ਜਦੋਂ ਇਹ ਕਾਲੇ ਧਨ ਨੂੰ ਲਿਆਉਣ ਲਈ ਜੱਦੋਜਹਿਦ ਦੀ ਧਮਕੀ ਦਿੰਦਾ ਸੀ ਤਾਂ ਕੀ ਉਦੋਂ ਕਾਲਾ ਧਨ ਵਾਪਿਸ ਆ ਗਿਆ ਸੀ। ਇਹ ਕਾਲਾ ਧਨ ਕੋਈ ਗਰੀਬ-ਗੁਰਬਾ ਤਾਂ ਜਮ੍ਹਾਂ ਕਰ ਨਹੀਂ ਸਕਦਾ ਜੇਕਰ ਇਹ ਕਾਲਾ ਧਨ ਕੋਈ ਜਮ੍ਹਾਂ ਕਰੂ ਜਾਂ ਜੋੜੂ ਤਾਂ ਉਹ ਸਰਮਾਏਦਾਰ ਹੀ ਹੋਊਗਾ। ਸਰਮਾਏਦਾਰ ਨੇ ਇਹ ਧਨ ਲੋਕਾਂ ਤੋਂ ਲੁੱਟਕੇ ਬਣਾਇਆ ਹੋਇਆ ਹੁੰਦਾ ਹੈ। ਇਹ

ਕਾਲੇ ਧਨ ਦੀ ਉਦਾਹਰਣ ਦੇਣ ਤੋਂ ਭਾਵ ਇਹ ਹੈ ਕਿ ਸਰਮਾਏਦਾਰ ਘਰਾਣਿਆਂ ਨੂੰ ਲੁੱਟ ਕੇ ਕਾਲਾ ਧਨ ਤੱਕ ਜਮ੍ਹਾਂ ਕਰਨ ਤੱਕ ਦੀ ਜਮਹੂਰੀਅਤ ਹੈ ਪਰ ਜਿੰਨਾਂ ਲੋਕਾਂ ਦੀ ਲੁੱਟ ਕਰਕੇ ਇਹ ਕਾਲਾ ਧਨ ਜੋੜਿਆ ਗਿਆ ਹੈ, ਉਨ੍ਹਾਂ ਨੂੰ ਇਹ ਵਾਪਿਸ ਕਰਨ-ਕਰਵਾਉਣ ਦੀ ਕੋਈ ਜਮਹੂਰੀਅਤ ਨਹੀਂ। ਹਾਂ, ਹਕੂਮਤਾਂ ਆਪਣੇ ਆਪ ਨੂੰ ਕਾਲੇ ਧਨ ਦੇ ਵਿਰੋਧੀ ਹੋਣ ਦਾ ਦਿਖਾਵਾ ਕਰਦਿਆਂ ਅਤੇ ਲੋਕ-ਪੱਖੀ ਹੋਣ ਦੀ ਦਿੱਖ ਬਣਾਉਣ ਲਈ ਕਾਲੇ ਧਨ 'ਤੇ ਰੀਂ-ਰੀਂ ਕਰਦਿਆਂ ਮਗਰਮੱਛ ਦੇ ਹੰਝੂ ਜ਼ਰੂਰ ਕੇਰਦੀਆਂ ਰਹਿੰਦੀਆਂ ਹਨ।

ਰੋਮ 'ਚ ਇੱਕ ਕਾਨੂੰਨ ਸੀ ਕਿ ਜੇਕਰ ਕਿਸੇ ਤੋਂ ਕਰਜ਼ਾ ਨਹੀਂ ਮੁੜਦਾ ਤਾਂ ਉਹ ਆਪਣੇ ਬੱਚਿਆਂ ਨੂੰ ਵੇਚਕੇ ਕਰਜ਼ਦਾਰ ਦਾ ਕਰਜ਼ਾ ਮੋੜੇ, ਜੇਕਰ ਕਰਜ਼ੇ ਦੀ ਰਕਮ ਫਿਰ ਵੀ ਪੂਰੀ ਨਹੀਂ ਹੁੰਦੀ ਤਾਂ ਉਹ ਆਪਣੇ ਆਪ ਨੂੰ ਵੇਚ ਦੇਵੇ। ਅਤੇ ਅੱਜ ਸਾਡੇ ਦੇਖੋ। ਅੱਜ ਕਿਸਾਨ ਅਤੇ ਹੋਰ ਕਿਰਤੀ ਲੋਕਾਂ ਲਈ ਅਜਿਹਾ ਮਾਹੌਲ ਸਿਰਜਿਆ ਗਿਆ ਹੈ ਕਿ ਉਹ ਕਰਜ਼ਾ ਕਿਸੇ ਵੀ ਹਾਲਤ 'ਚ ਮੋੜਨ। ਜੇਕਰ ਕਰਜ਼ਾ ਨਹੀਂ ਮੋੜਦੇ ਤਾਂ ਉਨ੍ਹਾਂ ਦਾ ਸਭ ਕੁੱਝ ਨੀਲਾਮ। ਜ਼ਮੀਨ, ਸੰਦ-ਸੰਦੇੜਾ, ਘਰ-ਬਾਰ ਗੱਲ ਕੀ ਉਨ੍ਹਾਂ ਦੀ ਤਮਾਮ ਜ਼ਿੰਦਗੀ ਹੀ ਕੁਰਕ। ਅਜਿਹੇ ਮਾਹੌਲ ਅੰਦਰ ਮਜ਼ਦੂਰ-ਕਿਸਾਨਾਂ ਨੂੰ ਖੁਦਕੁਸ਼ੀਆਂ ਕਰਕੇ ਮਰਨ ਦੀ "ਆਜ਼ਾਦੀ" ਹੈ। ਜਿਸ ਵਿਅਕਤੀ ਤੋਂ ਰੋਟੀ ਦਾ ਜੁਗਾੜ ਨਹੀਂ ਬਣਦਾ ਉਸਨੂੰ ਭੁੱਖ ਨਾਲ ਹੋਣ ਵਾਲੀ ਮੌਤ ਨਾਲ ਮਰਨ ਦੀ "ਆਜ਼ਾਦੀ" ਹੈ। ਦੂਸਰੇ ਪਾਸੇ ਧਨ ਦੇ ਅੰਬਾਰਾਂ 'ਤੇ ਬੈਠੇ ਧਨਵਾਨਾਂ ਨੂੰ ਆਪਣੇ ਪਿੱਲੇ ਢਿੱਡਾਂ ਦੀਆਂ ਗੋਗੜਾਂ ਵਧਾਉਣ ਦੀ ਆਜ਼ਾਦੀ ਹੈ। ਗੱਲ ਕੀ, ਇਹੋ-ਜਿਹੀਆਂ ਅਲਾਮਤਾਂ ਦੀ ਲਿਸਟ ਜਿੰਨੀ ਮਰਜ਼ੀ ਵਧਾਈ ਚੱਲੋ, ਇਹ ਵਧਦੀਆਂ ਹੀ ਤੁਰੀਆਂ ਜਾਂਦੀਆਂ ਹਨ। ਇਨ੍ਹਾਂ ਅਲਾਮਤਾਂ ਨੂੰ ਵਧਣ ਦੀ ਪੂਰੀ ਜਮਹੂਰੀਅਤ ਹੈ ਅਤੇ ਇਨ੍ਹਾਂ ਦਾ ਸ਼ਿਕਾਰ ਹੋਣ ਵਾਲੀ ਕਿਰਤੀ ਤੇ ਗਰੀਬ ਵਸੋਂ ਦੀ ਜਮਹੂਰੀਅਤ ਅਤੇ ਆਜ਼ਾਦੀ ਖੰਭ ਲਾਕੇ ਉੱਡੀ ਹੋਈ ਹੈ।

ਸੋ ਉਪਰੋਕਤ ਸਾਰੀ ਵਿਚਾਰ-ਚਰਚਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਰੋਮ ਦੀ ਸੱਭਿਅਤਾ ਤੋਂ ਲੈ ਕੇ ਹਜ਼ਾਰਾਂ ਸਾਲਾਂ ਤੋਂ ਵੱਖੋ-ਵੱਖਰੀਆਂ ਸ਼ਕਲਾਂ 'ਚ ਆਜ਼ਾਦੀ ਤੇ ਜਮਹੂਰੀਅਤ ਦੇ ਲਕਬਾਂ ਨੂੰ ਹਕੂਮਤਾਂ ਆਪਣੇ ਰਾਜ-ਪ੍ਰਬੰਧ ਨੂੰ ਕਾਇਮ ਰੱਖਣ ਲਈ ਵਰਤਦੀਆਂ ਰਹੀਆਂ ਹਨ ਅਤੇ ਵਰਤ ਰਹੀਆਂ ਹਨ। ਇਸੇ ਲਈ ਰੋਮ ਦੀ ਜਿਹੜੀ ਸਭਿਅਤਾ ਨੂੰ ਜਮਹੂਰੀਅਤ ਦਾ ਪੰਘੂੜਾ **(Cradle)** ਕਿਹਾ ਜਾਂਦਾ ਹੈ, ਉਹੀ ਸਭਿਅਤਾ ਉਚੇਰੇ ਅਤੇ ਬਦਲੇ ਹੋਏ ਰੂਪ 'ਚ ਅੱਜ ਵੀ ਚਾਲੂ ਹੈ। ਰੋਮ ਦੀ ਸਭਿਅਤਾ 'ਚ ਆਜ਼ਾਦੀ ਤੇ ਜਮਹੂਰੀਅਤ ਦੇ ਨਾਮ ਹੇਠ ਜਿੱਥੇ ਗੁਲਾਮਾਂ ਨੂੰ ਨੰਗੇ ਚਿੱਟੇ ਰੂਪ 'ਚ ਗੁਲਾਮ ਰੱਖਿਆ ਹੋਇਆ ਸੀ, ਉੱਥੇ ਮੌਜੂਦਾ ਹਾਲਤਾਂ ਵਿੱਚ ਅੱਜ ਦੀਆਂ ਹਕੂਮਤਾਂ ਇਸ ਸਾਰੇ ਕਾਸੇ ਨੂੰ ਸਮੁੱਚੇ ਲੋਕਾਂ ਦੇ ਨਾਮ ਦੀ ਵਰਤੋਂ ਕਰਕੇ ਕਾਇਮ ਰੱਖੀ ਤੁਰੇ ਆ ਰਹੇ ਹਨ। ਇੱਕ ਹੱਥ ਇਹ ਲੁਟੇਰੇ ਹਰ ਤਰ੍ਹਾਂ ਦਾ ਆਪਣਾ ਧਨ-ਦੌਲਤ ਵਧਾਉਣ ਲਈ ਜ਼ਬਰ-ਜ਼ੁਲਮ ਨੂੰ ਤੇਜ਼ ਕਰੀ ਜਾਂਦੇ ਹਨ, ਦੂਸਰੇ ਹੱਥ ਲੋਕਾਂ ਨੂੰ ਆਜ਼ਾਦੀ ਤੇ ਜਮਹੂਰੀਅਤ ਦੀ ਰਬੜ ਦੀ ਚੂਸਣੀ ਦੇ ਕੇ ਵਰਚਾਈ ਰੱਖਦੇ ਹਨ।

ਇਸ ਲਈ ਆਜ਼ਾਦੀ,ਬਰਾਬਰੀ ਅਤੇ ਜਮਹੂਰੀਅਤ ਸਹੀ ਮਾਅਨਿਆਂ ਵਿੱਚ ਉਦੋਂ ਹੀ ਸਥਾਪਤ ਹੋ ਸਕੇਗੀ ਜਦੋਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਕਰਕੇ ਇੱਥੇ ਬਰਾਬਰੀ ਵਾਲਾ ਸਮਾਜ ਸਿਰਜ ਲਿਆ ਜਾਵੇਗਾ। ਕਿਸੇ ਨੇ ਕਿਸੇ ਨੂੰ ਪੁੱਛਿਆ ਸੀ ਕਿ ਕੀ ਸ਼ੇਰ ਅਤੇ ਬੱਕਰੀ ਇਕੱਠੇ ਲੇਟ ਸਕਦੇ ਹਨ ਤਾਂ ਦੂਸਰੇ ਨੇ ਜਵਾਬ ਦਿੰਦਿਆ ਕਿਹਾ ਕਿ ਹਾਂ, ਲੇਟ ਤਾਂ ਸਕਦੇ ਹਨ ਪਰ ਜੇ ਬੱਕਰੀ ਸ਼ੇਰ ਦੇ ਢਿੱਡ 'ਚ ਹੋਵੇ। ਇਸ ਲਈ ਕਿਸੇ ਵੀ ਦੇਸ਼ ਅਤੇ ਕੌਮ ਅੰਦਰ ਜੇਕਰ ਦੋ ਵਿਰੋਧੀ ਜੀਵਨ-ਹਾਲਤਾਂ ਵਾਲੀਆਂ ਧਿਰਾਂ - ਭਾਵ ਲੁੱਟੇ ਜਾਣ ਵਾਲੀ ਅਤੇ ਲੁਟੇਰੀਆਂ ਧਿਰਾਂ ਮੌਜੂਦ ਹਨ। ਤਾਂ ਉਨ੍ਹਾਂ ਦੋਨਾਂ ਲਈ ਆਜ਼ਾਦੀ, ਜਮਹੂਰੀਅਤ ਅਤੇ ਮੁਕਤੀ ਦਾ ਸੰਕਲਪ ਵੱਖਰਾ ਵੱਖਰਾ ਹੀ ਹੋਵੇਗਾ। ਇੱਥੇ ਭਗਤ ਸਿੰਘ ਜੀ ਦਾ ਕਥਨ ਯਾਦ ਕਰਨਾ ਠੀਕ ਰਹੇਗਾ। ਉਨ੍ਹਾਂ ਕਿਹਾ ਸੀ "ਅਸੀਂ ਅਜਿਹੀਆਂ ਹਾਲਤਾਂ ਸਿਰਜਾਂਗੇ ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਅਸੰਭਵ ਬਣਾ ਦਿੱਤੀ ਜਾਵੇਗੀ" ਭਾਵ ਜਿੰਨਾ ਚਿਰ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਕਰਨ ਦੀ ਖੁੱਲ੍ਹ ਦੇਣ ਵਾਲਾ ਆਰਥਕ ਖੇਤਰ ਕਾਇਮ ਰਹੇਗਾ ਉਨ੍ਹਾਂ ਚਿਰ ਗੈਰ-ਬਰਾਬਰੀ ਵੀ ਰਹੇਗੀ ਅਤੇ ਆਜ਼ਾਦੀ ਅਤੇ ਜਮਹੂਰੀਅਤ ਵੀ ਨਾਂਅ ਦੀ ਹੀ ਹੋਵੇਗੀ।

ਹਾਂ, ਇਹ ਗੱਲ ਠੀਕ ਹੈ ਕਿ ਜਿੰਨਾ ਚਿਰ ਇਹੋ-ਜਿਹਾ ਸਮਾਜ ਸਿਰਜ ਨਹੀਂ ਲਿਆ ਜਾਂਦਾ ਉਨ੍ਹਾਂ ਚਿਰ ਆਜ਼ਾਦੀ, ਜਮਹੂਰੀਅਤ, ਅਤੇ ਬਰਾਬਰੀ ਜਿਹੇ ਸਿਆਸੀ ਮੁੱਦਿਆਂ 'ਤੇ ਜੱਦੋਜਹਿਦ ਜਾਰੀ ਰੱਖੀ ਜਾਣੀ ਚਾਹੀਦੀ ਹੈ ਨਾ ਕਿ ਕੇਵਲ ਸੁਧਾਰਵਾਦੀ ਮੰਗਾਂ ਤੱਕ ਲੜਾਈ ਨੂੰ ਸੀਮਤ ਬਣਾਈ ਰੱਖਿਆ ਰਹਿਣਾ ਚਾਹੀਦਾ ਹੈ। ਤਰਕਸ਼ੀਲ ਕਾਮਿਆਂ ਨੂੰ ਵੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਜਿੰਨਾਂ ਚਿਰ ਇਹ ਗੈਰ-ਬਰਾਬਰੀ ਵਾਲੀਆਂ ਹਾਲਤਾਂ ਮੌਜੂਦ ਹਨ ਅਤੇ ਲੋਕ ਇੰਨ੍ਹਾਂ ਦੇ ਕਾਰਨਾਂ ਤੋਂ ਅਣਜਾਣ ਹਨ ਤਾਂ ਉਹ ਅੰਧ-ਵਿਸ਼ਵਾਸੀ ਬਣਨ ਲਈ ਬੱਝੇ ਹੋਏ ਹਨ। ਇਸ ਲਈ ਵੱਖੋ-ਵੱਖਰੇ ਅਤੇ ਟੁੱਟਵੇਂ ਅੰਧ-ਵਿਸ਼ਵਾਸਾਂ ਵਿਰੁੱਧ ਲੜਾਈ ਲੜਦਿਆਂ ਲੋਕਾਂ ਨੂੰ ਉਨ੍ਹਾਂ ਦੀਆਂ ਬੁਰੀਆਂ ਹਾਲਤਾਂ ਹੋਣ ਪਿੱਛੇ ਕੰਮ ਕਰਦੇ ਕਾਰਨਾਂ ਬਾਰੇ ਵੀ ਸਮਝਾਉਂਦਿਆ ਜਾਗਰੂਕ ਕਰਨਾ ਪਵੇਗਾ। ਇਸੇ ਤਰ੍ਹਾਂ ਕਰਦਿਆਂ ਹੀ ਅਸੀਂ ਸਹੀ ਮਾਅਨਿਆਂ 'ਚ ਆਜ਼ਾਦੀ ਅਤੇ ਜਮਹੂਰੀਅਤ ਦਾ ਦਿਵਸ ਨੇੜੇ ਕਰ ਸਕਾਂਗੇ ਅਤੇ ਮਨਾ ਸਕਾਂਗੇ। 98769-53561

? ਜਿਗਿਆਸਾ ?

? ਕੀ ਸੱਪ ਦੀ ਜ਼ਹਿਰ ਨੂੰ ਕੋਈ ਸੱਪ ਦਾ ਮਣਕਾ ਲਾ ਕੇ ਉਤਾਰਿਆ ਜਾ ਸਕਦਾ ਹੈ ? - ਹਰਦੀਪ ਕੌਰ, ਜਖੇਪਲ (ਸੰਗਰੂਰ)

- ਜੀ ਨਹੀਂ। ਅੱਜ ਤੱਕ ਦੀ ਪ੍ਰਾਪਤ ਵਿਗਿਆਨਕ ਜਾਣਕਾਰੀ ਅਨੁਸਾਰ ਸੱਪ ਦੀ ਜ਼ਹਿਰ ਉਤਾਰਨ ਵਾਲਾ ਕੋਈ ਮਣਕਾ ਨਹੀਂ ਹੈ। ਇਹ ਜੋਗੀਆਂ/ਇਸ ਧੰਦੇ ਵਿੱਚ ਲੱਗੇ ਵਿਅਕਤੀਆਂ ਦਾ ਆਮ ਲੋਕਾਂ ਨੂੰ ਲੁੱਟਣ ਦਾ ਇੱਕ ਢੰਗ ਹੈ ਕਿ ਉਹ ਆਮ ਸਾਧਾਰਨ ਮਣਕੇ ਦੇ ਜ਼ਹਿਰ ਉਤਾਰਨ ਵਾਲੇ ਗੁਣ ਦਾ ਧਾਰਨੀ ਹੋਣਾ ਦੱਸ ਕੇ ਪੈਸੇ ਵੱਟ ਲੈਂਦੇ ਹਨ। ਆਮ ਕਰਕੇ ਬਹੁਤੇ ਸੱਪ ਜ਼ਹਿਰੀਲੇ ਨਹੀਂ ਹੁੰਦੇ ਜਾਂ ਜਾਨਲੇਵਾ ਹੱਦ ਤੱਕ ਜ਼ਹਿਰੀਲੇ ਨਹੀਂ ਹੁੰਦੇ ਜਿਸ ਕਰਕੇ ਕਈ ਵਾਰ ਸੱਪ ਵੱਲੋਂ ਕੱਟਣ ਦੇ ਬਾਵਜੂਦ ਵਿਅਕਤੀ ਬਚ ਜਾਂਦਾ ਹੈ। ਅਜਿਹੇ ਬਚੇ ਵਿਅਕਤੀ ਦੇ ਜੇ ਮਣਕਾ ਲੁਆਇਆ ਜਾਵੇ ਤਾਂ ਉਸਦਾ ਮਣਕੇ ਦੀ ਸ਼ਕਤੀ ਵਿੱਚ ਵਿਸ਼ਵਾਸ ਪੱਕਾ ਹੋ ਜਾਂਦਾ ਹੈ। ਜਦ ਕਿ ਸੱਪ ਦੇ ਘੱਟ ਜ਼ਹਿਰੀਲੇ ਜਾਂ ਨਾ ਜ਼ਹਿਰੀਲੇ ਹੋਣ ਕਾਰਣ ਬਚ ਉਸ ਨੇ ਵੈਸੇ ਹੀ ਜਾਣਾ ਹੁੰਦਾ ਹੈ। ਸੱਪ ਕੱਟਣ ਦੇ ਕਿਸੇ ਅਜਿਹੇ ਅੰਧ-ਵਿਸ਼ਵਾਸ ਦੀ ਥਾਂ ਤੁਰੰਤ ਮੁਢਲੀ ਸਹਾਇਤਾ ਤੋਂ ਬਾਅਦ ਯੋਗਤਾ ਪ੍ਰਾਪਤ ਡਾਕਟਰ ਕੋਲ ਪਹੁੰਚਣਾ ਚਾਹੀਦਾ ਹੈ। ਵੱਡੇ ਹਸਪਤਾਲਾਂ ਵਿੱਚ ਸੱਪ ਦੇ ਜ਼ਹਿਰ ਦਾ ਵਿਹੁ-ਮਾਰ ਟੀਕਾ ਮਿਲਦਾ ਹੈ। ਸੋ ਸੱਪ ਦੇ ਕੱਟਣ 'ਤੇ ਕਿਸੇ ਵੀ ਮੰਤਰ, ਝਾੜ-ਫੂਕ ਜਾਂ ਮਣਕੇ ਵਗੈਰਾ ਦੇ ਅੰਧ-ਵਿਸ਼ਵਾਸ ਵਿੱਚ ਉਲਝਣ ਦੀ ਥਾਂ ਛੇਤੀ ਤੋਂ ਛੇਤੀ ਡਾਕਟਰੀ ਸਹਾਇਤਾ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

? ਸੂਰਜ ਜਾਂ ਚੰਨ ਗ੍ਰਹਿਣ ਸਮੇਂ ਗਰਭਵਤੀ ਔਰਤਾਂ ਜਾਂ ਪਸ਼ੂਆਂ ਦੇ ਪੇਟ ਵਿਚਲੇ ਬੱਚਿਆਂ 'ਤੇ ਕੀ ਇਸਦਾ ਕੋਈ ਪ੍ਰਭਾਵ ਪੈਂਦਾ ਹੈ ?

- ਨਵਪ੍ਰੀਤ ਸਿੰਘ, ਦਿਓਣ (ਬਠਿੰਡਾ)

- ਅੱਜ ਸੂਰਜ ਅਤੇ ਚੰਨ ਗ੍ਰਹਿਣ ਦੇ ਵਿਗਿਆਨਕ ਕਾਰਣ ਪੂਰੀ ਤਰ੍ਹਾਂ ਸਪੱਸ਼ਟ ਹੋ ਚੁੱਕੇ ਹਨ। ਜਦੋਂ ਮਨੁੱਖ ਇਹਨਾਂ ਕਾਰਣਾਂ ਤੋਂ ਅਨਜਾਣ ਸੀ ਤਾਂ ਕਦੇ-ਕਦਾਈਂ ਵਾਪਰਨ ਵਾਲੀ ਇਹ ਘਟਨਾ ਉਸ ਨੂੰ ਬਹੁਤ ਹੈਰਾਨ-ਪ੍ਰੇਸ਼ਾਨ ਕਰਦੀ। ਸਰੀਰਕ ਪੱਖ ਤੋਂ ਅਸਾਧਾਰਨ ਕੁੱਝ ਬੱਚੇ ਹਰ ਸਮੇਂ ਹੀ ਪੈਦਾ ਹੁੰਦੇ ਹਨ। ਇਸ ਤਰ੍ਹਾਂ ਗ੍ਰਹਿਣ ਸਮੇਂ ਉਹਨਾਂ ਦਾ ਪੈਦਾ ਹੋਣਾ ਭੀ ਸੁਭਾਵਿਕ ਹੈ। ਪੁਰਾਣੇ ਸਮਿਆਂ ਵਿੱਚ ਜੰਮੇ ਅਜਿਹੇ ਅਸਾਧਾਰਨ ਬੱਚਿਆਂ ਦਾ ਕਾਰਣ ਮਨੁੱਖ ਅਗਿਆਨਤਾ ਵਿੱਚੋਂ ਗ੍ਰਹਿਣ ਨਾਲ ਜੋੜ ਲੈਂਦਾ ਸੀ। ਇਸ ਤਰ੍ਹਾਂ ਇਹ ਮਿਥ ਪ੍ਰਚਲਿਤ ਹੋਈ। ਗ੍ਰਹਿਣ ਸਮੇਂ ਅਜਿਹੀ ਕੋਈ ਭੌਤਿਕ ਕ੍ਰਿਆ ਨਹੀਂ ਹੁੰਦੀ ਜਿਸਦਾ ਗਰਭਵਤੀ ਔਰਤਾਂ/ਪਸ਼ੂਆਂ ਦੇ ਪੇਟ ਵਿਚਲੇ ਬੱਚਿਆਂ 'ਤੇ ਕੋਈ ਮਾਰੂ ਪ੍ਰਭਾਵ ਪੈਂਦਾ ਹੋਵੇ।

? ਔਰਤ ਦੇ ਬੱਚਾ ਹੋਣ ਤੋਂ ਪਹਿਲਾਂ ਦੁੱਧ ਕਿਉਂ ਨਹੀਂ ਉਤਰਦਾ ਅਤੇ ਬੱਚਾ ਪੈਦਾ ਹੋਣ 'ਤੇ ਹੀ ਕਿਉਂ ਉਤਰਦਾ ਹੈ ?

- ਸੋਫੀਆ, ਅੰਬਾਲਾ

- ਔਰਤ ਦੀ ਛਾਤੀ ਅੰਦਰ ਰਸ ਪੈਦਾ ਕਰਨ ਵਾਲੀਆਂ ਗ੍ਰੰਥੀਆਂ ਦੇ 20 ਲੋਵਜ ਯਾਨੀ ਗੁੱਛੇ ਹੁੰਦੇ ਹਨ ਜੋ ਅਗਾਂਹ ਛੋਟੇ-ਛੋਟੇ ਹਿੱਸਿਆਂ ਅੰਦਰ ਉਪ ਵੰਡ ਦੇ ਤੌਰ 'ਤੇ ਵੰਡੇ ਹੋਏ ਹੁੰਦੇ ਹਨ। ਇਹ ਗ੍ਰੰਥੀਆਂ ਅੱਗੇ ਛੋਟੇ ਗੁੱਛਿਆਂ ਵਿੱਚ ਵੰਡੀਆਂ ਹੋਈਆਂ ਹੁੰਦੀਆਂ ਜਿਨ੍ਹਾਂ ਵਿੱਚ ਸੈੱਲ ਹੁੰਦੇ ਹਨ ਜੋ ਦੁੱਧ ਪੈਦਾ ਕਰਦੇ ਹਨ। ਇਹ ਅੱਗੇ ਐਕਨਿਕ (Acnic) ਸੈੱਲਾਂ ਨਾਲ ਢਕੇ ਹੁੰਦੇ ਹਨ ਜਿਹੜੇ ਕਿ ਸੁੰਘੜਕੇ ਦੁੱਧ ਨੂੰ ਛਾਤੀ ਵਿੱਚੋਂ ਬਾਹਰ ਕੱਢਦੇ ਹਨ। ਗਰਭ ਦੌਰਾਨ ਐਸਟਰੋਜਨ ਅਤੇ ਪਰੋਲੈਕਟਿਕ ਨਾਮੀ ਉਤੇਜਕ ਰਸ ਕਾਫੀ ਮਾਤਰਾ ਵਿੱਚ ਪੈਦਾ ਹੁੰਦੇ ਹਨ ਜੋ ਛਾਤੀਆਂ ਦੇ ਆਕਾਰ ਅਤੇ ਸ਼ਕਲ ਵਿੱਚ ਤਬਦੀਲੀਆਂ ਲਿਆਉਂਦੇ ਹਨ। ਪਰੋਲੈਕਟਿਕ ਉੱਤੇ ਜਕ ਰਸ ਦੁੱਧ ਪੈਦਾ ਕਰਨ ਵਿੱਚ ਰੋਲ ਅਦਾ ਕਰਦਾ ਹੈ। ਬੱਚਾ ਪੈਦਾ ਹੋਣ ਤੋਂ ਪਹਿਲਾਂ ਆਉਲ ਦੇ ਉਤੇਜਕ ਰਸ ਦੁੱਧ ਨੂੰ ਬਾਹਰ ਆਉਣ ਤੋਂ ਰੋਕੀ ਰੱਖਦੇ ਹਨ। ਜਿਉਂ ਹੀ ਬੱਚਾ ਪੈਦਾ ਹੁੰਦਾ ਹੈ, ਇਹਨਾਂ ਦਾ ਪੱਧਰ ਘੱਟ ਜਾਂਦਾ ਹੈ ਅਤੇ ਪਰੋਲੈਕਟਿਕ ਉਤੇਜਕ ਰਸ ਦਾ ਵਧਿਆ ਹੋਇਆ ਪੱਧਰ ਦੁੱਧ ਪੈਦਾ ਕਰਨ ਦਾ ਆਪਣਾ ਕੰਮ ਸੰਭਾਲ ਲੈਂਦਾ ਹੈ। ਇਹ ਉਤੇਜਕ ਰਸ ਬੱਚੇ ਦੀ ਚੁੰਘਣ ਕ੍ਰਿਆ ਨਾਲ ਹੋਰ ਵੀ ਉਤੇਜਕ ਹੋ ਜਾਂਦਾ ਹੈ ਜਿਸ ਨਾਲ ਵੱਧ ਦੁੱਧ ਪੈਦਾ ਹੁੰਦਾ ਹੈ।

ਮੈਗਜ਼ੀਨ ਹਫ਼ਤਾ

ਸੂਬਾ ਕਮੇਟੀ ਵੱਲੋਂ ਡਾ. ਨਰਿੰਦਰ ਦਭੋਲਕਰ ਦੀ ਸ਼ਹਾਦਤ ਨੂੰ ਸਮਰਪਿਤ 13 ਅਗਸਤ 2016 ਤੋਂ 19 ਅਗਸਤ 2016 ਤੱਕ 'ਮੈਗਜ਼ੀਨ ਹਫ਼ਤਾ' ਆਯੋਜਿਤ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਹਫ਼ਤੇ ਹਰ ਇਕਾਈ ਨੂੰ ਮੈਗਜ਼ੀਨ ਨਾਲ ਸੰਬੰਧਤ ਸਰਗਰਮੀਆਂ ਕਰਨ ਦੀ ਅਪੀਲ ਕੀਤੀ ਜਾਂਦੀ ਹੈ।

- ਹਰ ਇਕਾਈ ਘੱਟੋ-ਘੱਟ ਇਸ ਹਫ਼ਤੇ ਦੌਰਾਨ 100 ਨਵੇਂ ਚੰਦੇ ਲਗਾਉਣ ਦਾ ਕਾਰਜ ਜ਼ਰੂਰ ਕਰੇ। ਚੰਦੇ ਟੀਮ ਦੇ ਰੂਪ ਵਿੱਚ ਜਾ ਕੇ ਕੱਟੇ ਜਾਣ।
- ਹਫ਼ਤੇ ਦੌਰਾਨ ਹਰ ਇਕਾਈ ਦੀ ਰੋਜ਼ਾਨਾ ਦੀ ਕਾਰਗੁਜ਼ਾਰੀ ਨੋਟ ਕੀਤੀ ਜਾਵੇਗੀ। ਇਕਾਈਆਂ ਦੇ ਮੁਖੀ ਜ਼ੋਨ ਮੁਖੀ ਨੂੰ ਨੋਟ ਕਰਵਾਉਣਗੇ ਅਤੇ ਜ਼ੋਨ ਮੁਖੀ ਮੈਗਜ਼ੀਨ ਦੇ ਸੰਪਾਦਕ ਨੂੰ। ਰੋਜ਼ਾਨਾ ਦੀ ਗਿਣਤੀ ਸੰਪਾਦਕ ਵੱਲੋਂ ਗਰੁੱਪ Admn. ਰਾਹੀਂ ਵੱਟਸਐਪ 'ਤੇ ਸਾਂਝੀ ਕੀਤੀ ਜਾਵੇਗੀ।
- ਸਭ ਤੋਂ ਵੱਧ ਚੰਦੇ ਕੱਟਣ ਵਾਲੀਆਂ ਪੰਜ ਇਕਾਈਆਂ ਨੂੰ ਛਿਮਾਹੀ ਇਕੱਤਰਤਾ ਮੌਕੇ ਸਨਮਾਨਤ ਕੀਤਾ ਜਾਵੇਗਾ।
- ਅਗਸਤ ਵਿੱਚ ਸੂਬਾ ਕਮੇਟੀ ਵੱਲੋਂ 'ਨਰਿੰਦਰ ਦਾਭੋਲਕਰ ਯਾਦਗਾਰੀ ਲੈਕਚਰ' ਭੀ ਆਯੋਜਿਤ ਕੀਤਾ ਜਾਵੇਗਾ।

ਆਰਕਟਿਕ ਤੋਂ ਗਾਇਬ ਹੋ ਜਾਵੇਗੀ ਬਰਫ

ਵਾਤਾਵਰਣ ਦਿਵਸ ਮੌਕੇ ਪ੍ਰਿਥਵੀ ਦੇ ਉੱਤਰੀ ਧਰੁੱਵ ਤੋਂ ਇੱਕ ਪ੍ਰੇਸ਼ਾਨ ਕਰਨ ਵਾਲੀ ਖਬਰ ਆਈ ਹੈ। ਆਰਕਟਿਕ 'ਚ ਸ਼ਾਇਦ ਹੁਣ ਉਹ ਹੋ ਸਕਦਾ ਹੈ, ਜੋ ਪਿਛਲੇ ਇੱਕ ਲੱਖ ਸਾਲ 'ਚ ਨਹੀਂ ਹੋਇਆ। ਇੱਕ ਮੰਨੇ-ਪ੍ਰਮੰਨੇ ਵਿਗਿਆਨੀ ਨੇ ਦਾਅਵਾ ਕੀਤਾ ਹੈ ਕਿ ਅਗਲੇ ਸਾਲਾਂ 'ਚ ਆਰਕਟਿਕ ਸਮੁੰਦਰ ਦੀ ਬਰਫ ਖਤਮ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਪ੍ਰਿਥਵੀ ਦੇ ਉੱਤਰ ਧਰੁੱਵ ਦੇ ਆਲੇ-ਦੁਆਲੇ ਦੇ ਇਲਾਕੇ ਨੂੰ ਆਕਰਟਿਕ ਕਿਹਾ ਜਾਂਦਾ ਹੈ। ਅਮਰੀਕਾ ਦੇ ਨੈਸ਼ਨਲ ਸਨੋ ਐਂਡ ਆਈਸ ਡਾਟਾ ਸੈਂਟਰ ਵੱਲੋਂ ਲਈਆਂ ਗਈਆਂ ਸੈਟੇਲਾਈਟ ਤਸਵੀਰਾਂ 'ਚ ਇਹ ਗੱਲ ਸਾਹਮਣੇ ਆਈ ਹੈ। ਤਸਵੀਰਾਂ ਤੋਂ ਪਤਾ ਚਲਦਾ ਹੈ ਕਿ ਇਸ ਸਾਲ 1 ਜੂਨ ਤੱਕ ਆਰਕਟਿਕ ਸਮੁੰਦਰ ਦੇ ਸਿਰਫ 11.1 ਮਿਲੀਅਨ ਵਰਗ ਕਿਲੋਮੀਟਰ ਇਲਾਕੇ 'ਚ ਹੀ ਬਰਫ਼ ਬਾਕੀ ਹੈ, ਜਦਕਿ ਪਿਛਲੇ 30 ਸਾਲਾ ਤੋਂ ਔਸਤ 12.7 ਮਿਲੀਅਨ ਵਰਗ ਕਿਲੋਮੀਟਰ ਸੀ। ਕੈਂਬਰਿਜ ਯੂਨੀਵਰਸਿਟੀ ਦੇ ਪੋਲਰ ਉਸ਼ਨ ਫਿਜਿਕਸ ਗਰੁੱਪ ਦੇ ਮੁੱਖ ਪ੍ਰੋਫ਼ੈਸਰ ਪੀਟਰ ਵਡਹਮਜ਼ ਨੇ ਕਿਹਾ ਕਿ ਤਾਜ਼ਾ ਡਾਟਾ ਨਾਲ ਉਨ੍ਹਾਂ ਵੱਲੋਂ 4 ਸਾਲ ਪਹਿਲਾਂ ਲਾਏ ਗਏ ਅਨੁਮਾਨ ਦੀ ਪੁਸ਼ਟੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਮੇਰਾ ਅਨੁਮਾਨ ਹੈ ਕਿ ਆਰਕਟਿਕ ਦੀ ਬਰਫ਼ ਗਾਇਬ ਹੋ ਸਕਦੀ ਹੈ ਅਤੇ ਇਸ ਸਾਲ ਸਤੰਬਰ ਤੱਕ ਆਰਕਟਿਕ ਦੇ 10 ਮਿਲੀਅਨ ਵਰਗ ਕਿਲੋਮੀਟਰ ਤੋਂ ਵੀ ਘੱਟ ਇਲਾਕੇ 'ਚ ਬਰਫ਼ ਰਹਿ ਜਾਵੇਗੀ। ਉਨ੍ਹਾਂ ਕਿਹਾ ਕਿ ਜੇ ਬਰਫ਼ ਪੂਰੀ ਤਰ੍ਹਾਂ ਖਤਮ ਨਹੀਂ ਹੁੰਦੀ ਤਾਂ ਸੰਭਵ ਹੈ ਕਿ ਉੱਥੇ ਇਸ ਸਾਲ ਬਰਫ਼ ਰਿਕਾਰਡ ਰੂਪ ਨਾਲ ਘੱਟ ਹੋਵੇਗੀ ਅਤੇ ਉੱਥੇ 3.4 ਮਿਲੀਅਨ ਵਰਗ ਕਿਲੋਮੀਟਰ ਤੋਂ ਵੀ ਘੱਟ ਇਲਾਕੇ 'ਚ ਬਰਫ਼ ਬਚੇਗੀ।

ਹਾਈ ਬਲੱਡ ਪ੍ਰੈਸ਼ਰ ਤੋਂ ਪੀੜਤ ਹਨ 20 ਫ਼ੀਸਦੀ ਭਾਰਤੀ ਨੌਜਵਾਨ

ਦੇਸ਼ 'ਚ ਨੌਜਵਾਨਾਂ ਦੀ ਸਿਹਤ ਨੂੰ ਲੈ ਕੇ ਹੈਰਾਨ ਕਰਨ ਵਾਲੀ ਗੱਲ ਸਾਹਮਣੇ ਆਈ ਹੈ। ਤਾਜਾ ਅਧਿਐਨ ਮੁਤਾਬਕ ਦੇਸ਼ ਦੇ 20 ਫੀਸਦੀ ਤੋਂ ਜ਼ਿਆਦਾ ਨੌਜਵਾਨਾਂ ਨੂੰ ਹਾਈ ਬਲੱਡ ਪ੍ਰੈਸ਼ਰ ਦੀ ਪਰੇਸ਼ਾਨੀ ਹੈ। ਰਿਸਰਚ 'ਚ ਕਿਹਾ ਗਿਆ ਹੈ ਕਿ ਗਤੀਹੀਣ ਜੀਵਨ ਦੇ ਕਾਰਨ ਹੋ ਰਹੀ ਹਾਈ ਬਲੱਡ ਪ੍ਰੈਸ਼ਰ ਤੇ ਹੋਰਨਾਂ ਪਰੇਸ਼ਾਨੀਆਂ ਬ੍ਰੇਨ ਹੈਮਰੇਜ਼ ਦਾ ਕਾਰਨ ਬਣ ਸਕਦਾ ਹੈ। ਹਾਈਪਰਟੈਨਸ਼ਨ ਸੁਸਾਇਟੀ ਆਫ ਇੰਡੀਆਂ ਦੇ ਏ ਮੁਰੂਗਨਾਥਨ ਨੇ ਕਿਹਾ ਕਿ ਜਿਆਦਾਤਾਰ ਨੌਜਵਾਨਾਂ 'ਚ ਤਣਾਅ ਦੇ ਲੱਛਣ ਹਨ। ਬਦਲਦੀ ਜੀਵਨ ਸ਼ੈਲੀ, ਖਾਣਪੀਣ ਦੀਆਂ ਗਲਤ ਆਦਤਾਂ, ਸਿਗਰਟਨੋਸ਼ੀ, ਸ਼ਰਾਬ ਦਾ ਸੇਵਨ ਆਦਿ ਸਮੱਸਿਆਵਾਂ ਵੀ ਇਸ ਦਾ ਕਾਰਨ ਹਨ।

ਪਿਤਾ ਪੁਰਖੀ ਬਿਮਾਰੀ ਤੋਂ ਬਚਣਗੇ ਪਰਖਨਲੀ ਬੱਚੇ

ਆਈਵੀਐਫ (ਇਨ ਵਿਟਰੋ ਫਰਟੀਲਾਈਜ਼ੇਸ਼ਨ) ਤਕਨੀਕ ਜ਼ਰੀਏ ਜੰਮੇ ਬੱਚਿਆਂ (ਪਰਖਨਲੀ ਬੱਚਿਆਂ) ਨੂੰ ਪਿਤਾ-ਪੁਰਖੀ ਬਿਮਾਰੀਆਂ ਤੋਂ ਬਚਾਉਣਾ ਹੁਣ ਆਸਾਨ ਹੋਵੇਗੀ। ਬ੍ਰਿਟਿਸ਼ ਖੋਜ਼ਾਰਥੀਆਂ ਨੇ ਆਈਵੀਐੱਫ ਤਕਨੀਕ ਵਿੱਚ ਕਾਬਿਲੇਗੌਰ ਸੁਧਾਰ ਕਰਕੇ ਇਸ ਨੂੰ ਸੰਭਵ ਬਣਾਇਆ ਹੈ। ਕਈ ਵਾਰ ਮਾਂ ਵਿੱਚ ਪਿਤਾ-ਪੁਰਖੀ ਗੜਬੜੀਆਂ ਮਿਲਦੀਆਂ ਹਨ। ਨਵੀਂ ਤਕਨੀਕ ਨਾਲ ਸੰਤਾਨ ਨੂੰ ਇਨ੍ਹਾਂ ਤੋਂ ਬਚਾਇਆ ਜਾ ਸਕੇਗਾ। ਨਵੀਂ ਤਕਨੀਕ ਨੂੰ 'ਅਰਲੀ ਪ੍ਰੋਨਿਊਕਲੀਰ ਟ੍ਰਾਂਸਫਰ' ਕਿਹਾ ਜਾਂਦਾ ਹੈ। ਇਸ ਵਿਚਲੇ ਅੰਡਾਣੂ ਦੇ ਨਿਊਕਲੀਅਰ ਡੀਐਨਏ ਨੂੰ ਸਿਹਤਮੰਦ ਮਾਈਟੋਕਾਂਡਰਿਆ ਵਾਲੀ ਦਾਨਦਾਤਾ ਮਹਿਲਾ ਦੇ ਅੰਡਾਣੂ ਵਿੱਚ ਟਰਾਂਸਪਲਾਟ ਕੀਤਾ ਜਾਂਦਾ ਹੈ। ਖੋਜਾਰਥੀਆਂ ਦਾ ਕਹਿਣਾ ਹੈ ਕਿ ਇਸ ਨਾਲ ਬੱਚਿਆਂ ਨੂੰ ਪਿਤਾ-ਪੁਰਖੀ ਬਿਮਾਰੀਆਂ ਤੋਂ ਬਚਾਇਆ ਜਾ ਸਕੇਗਾ। ਮਾਹਿਰਾਂ ਨੇ ਦੱਸਿਆ ਕਿ ਇਸ ਨਾਲ ਕੋਈ ਨਾਂਹ-ਪੱਖੀ ਪ੍ਰਭਾਵ ਵੀ ਨਹੀਂ ਪੈਂਦਾ ਅਤੇ ਪਰਖਨਲੀ ਬੱਚੇ ਤੰਦਰੁਸਤ ਰਹਿੰਦੇ ਹਨ।

ਲੱਭ ਪਈ ਹਾਈਡ੍ਰੋਜਨ ਵਾਲੀ ਅਕਾਸ਼ ਗੰਗਾ

ਖਗੋਲ ਸ਼ਾਸ਼ਤਰੀਆਂ ਨੇ ਸੌਰ ਮੰਡਲ ਤੋਂ ਬਹੁਤ ਦੂਰ ਇੱਕ ਅਜਿਹੀ ਅਕਾਸ਼ਗੰਗਾ ਦਾ ਪਤਾ ਲਗਾਇਆ ਹੈ ਜਿੱਥੇ ਹਾਈਡ੍ਰੋਜਨ ਗੈਸ ਮਿਲੀ ਹੈ। ਹਾਈਡ੍ਰੋਜਨ ਦੀ ਹੋਂਦ ਵਾਲੀ ਅਕਾਸ਼ਗੰਗਾ ਦੀ ਖੋਜ ਦਾ ਇਹ ਪਹਿਲਾ ਮਾਮਲਾ ਹੈ। ਇਹ ਧਰਤੀ ਤੋਂ ਤਕਰੀਬਨ 5 ਅਰਬ ਪ੍ਰਕਾਸ਼ ਸਾਲ ਦੀ ਦੂਰੀ 'ਤੇ ਹੈ। ਖਗੋਲ ਸ਼ਾਸਤਰੀਆਂ ਨੇ ਅਮਰੀਕਾ ਦੇ ਲਾਰਜ ਏਰੇ ਰੇਡੀਓ ਟੈਲੀਸਕੋਪ ਦੀ ਮਦਦ ਨਾਲ ਇਸ ਦਾ ਪਤਾ ਲਗਾਇਆ ਹੈ। ਅਕਾਸ਼ ਗੰਗਾ ਲੱਭਣ ਵਾਲੇ ਖਗੋਲ ਸ਼ਾਸਤਰੀਆਂ ਦੀ ਟੀਮ ਵਿੱਚ ਕਈ ਦੇਸ਼ਾਂ ਦੇ ਖਗੋਲ ਮਾਹਿਰ ਸ਼ਾਮਿਲ ਸਨ। ਪੁਲਾੜ ਵਿਗਿਆਨੀਆਂ ਨੇ ਤਾਜਾ ਸੰਕੇਤਾਂ ਦੇ ਅਧਾਰ 'ਤੇ ਉੱਥੇ ਹਾਈਡ੍ਰੋਜਨ ਗੈਸ ਦੇ ਬੱਦਲ ਨਾਲ ਘਿਰੇ ਅਰਬਾਂ ਵੱਡ ਅਕਾਰੀ ਨਵੇਂ ਤਾਰਿਆਂ ਦੇ ਹੋਣ ਦਾ ਅਨੁਮਾਨ ਲਗਾਇਆ ਹੈ।

ਲੜਕੀ ਦਾ ਕਾਤਲ ਗ੍ਰੰਥੀ ਗ੍ਰਿਫਤਾਰ

ਨਡਾਲਾ- ਥਾਣਾ ਬੇਗੋਵਾਲ ਅਧੀਨ ਪਿੰਡ ਸੀਕਰੀ 'ਚ ਨਾਬਾਲਗ ਲੜਕੀ ਦਾ ਕਤਲ ਕਰਨ ਵਾਲੇ ਪਿੰਡ ਦੇ ਹੀ ਗ੍ਰੰਥੀ ਖਿਲਾਫ਼ ਪੁਲੀਸ ਨੇ ਧਾਰਾ 302-201 ਅਧੀਨ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ। ਗ੍ਰੰਥੀ ਭੁਪਿੰਦਰ ਸਿੰਘ ਨੇ ਲੜਕੀ ਨੂੰ ਸਫਾਈ ਕਰਨ ਦੇ ਬਹਾਨੇ ਬੁਲਾਇਆ ਤੇ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ। ਲੜਕੀ ਵੱਲੋਂ ਵਿਰੋਧ ਕਰਨ 'ਤੇ ਉਸਨੇ ਚਾਕੂ ਮਾਰ ਕੇ ਉਸਦਾ ਕਤਲ ਕਰ ਦਿੱਤਾ ਤੇ ਲਾਸ਼ ਗੁਰਦੁਆਰੇ ਦੇ ਲੰਗਰ ਹਾਲ ਨਾਲ ਪੌੜੀਆਂ ਥੱਲੇ ਬਣੇ ਛੋਟੇ ਕਮਰੇ ਵਿੱਚ ਸੁੱਟ ਦਿੱਤੀ। ਅਰਸ਼ਪ੍ਰੀਤ ਕੌਰ (16) ਗ੍ਰੰਥੀ ਨੂੰ ਪ੍ਰਸ਼ਾਦਾ ਵਰਤਾ ਰਹੀ ਸੀ ਤੇ ਉਸ ਨੇ ਅਰਸ਼ਪ੍ਰੀਤ ਨੂੰ ਕਿਹਾ ਕਿ ਉਸ ਦੀ ਆਂਟੀ ਇੱਥੇ ਨਹੀਂ ਹੈ, ਰਸੋਈ ਦੀ ਕੁਝ ਸਫਾਈ ਕਰਨੀ ਹੈ। ਗ੍ਰੰਥੀ ਰਸੋਈ ਦੀ ਚਾਬੀ ਅਰਸ਼ਪ੍ਰੀਤ ਨੂੰ ਦੇ ਕੇ ਚਲਾ ਗਿਆ। ਪਰ ਉਹ ਕਾਫੀ ਦੇਰ ਬਾਅਦ ਵੀ ਵਾਪਸ ਨਾ ਆਈ ਤਾਂ ਘਰਦਿਆਂ ਨੇ ਗੁਰਦੁਆਰੇ ਪਤਾ ਕੀਤਾ ਤਾਂ ਗ੍ਰੰਥੀ ਨੇ ਕਿਹਾ ਕਿ ਉਹ ਤਾਂ ਕਾਫੀ ਦੇਰ ਦੀ ਚਲੀ ਗਈ ਹੈ। ਉਸ ਤੋਂ ਬਾਅਦ ਗ੍ਰੰਥੀ ਆਪਣੇ ਪਿੰਡ ਸ਼ੇਰਪੁਰ ਚਲਾ ਗਿਆ। ਦੇਰ ਸ਼ਾਮ ਗ੍ਰੰਥੀ ਦੇ ਵਾਪਸ ਆਉਣ 'ਤੇ ਸਰਪੰਚ ਤੇ ਇਕੱਠੇ ਹੋਏ ਲੋਕ ਅੰਦਰ ਗਏ ਤੇ ਉਨ੍ਹਾਂ ਨੂੰ ਲੜਕੀ ਦੀ ਲਾਸ਼ ਪੌੜੀਆਂ ਹੇਠ ਬਣੇ ਕਮਰੇ 'ਚ ਖੂਨ ਨਾਲ ਲਥਪਥ ਮਿਲੀ। ਘਟਨਾ ਸਮੇਂ ਗ੍ਰੰਥੀ ਦੀ ਪਤਨੀ ਕਿਤੇ ਗਈ ਹੋਈ ਸੀ। ਗੁਰਦੁਆਰਾ ਸਾਹਿਬ ਅੰਦਰ ਲੱਗੇ ਕੈਮਰੇ ਤੋਂ ਗ੍ਰੰਥੀ ਵੱਲੋਂ ਲੜਕੀ ਦਾ ਕਤਲ ਕੀਤੇ ਜਾਣ ਦੀ ਪੁਸ਼ਟੀ ਹੋਈ। ਗ੍ਰੰਥੀ ਲੜਕੀ ਨੂੰ ਮਾਰ ਦੇਣ ਤੋਂ ਬਾਅਦ ਉਸ ਨੂੰ ਆਪਣੇ ਕਮਰੇ 'ਚੋਂ ਬਾਹਰ ਲਿਜਾਂਦਾ ਦਿਖਾਈ ਦਿੰਦਾ ਹੈ।

(ਪੰਜਾਬੀ ਟ੍ਰਿਬਿਊਨ)

ਬਲਾਤਕਾਰੀ 'ਸਿਆਣੇ' ਨੂੰ 10 ਸਾਲ ਕੈਦ

ਸ੍ਰੀ ਮੁਕਤਸਰ ਸਾਹਿਬ - ਵਧੀਕ ਸੈਸ਼ਨ ਜੱਜ ਵਰਿੰਦਰ ਅਗਰਵਾਲ ਦੀ ਅਦਾਲਤ ਨੇ ਇੱਕ ਅਖੌਤੀ 'ਸਿਆਣੇ' ਨੂੰ ਦਸ ਸਾਲ ਕੈਦ ਦੀ ਸਜ਼ਾ ਅਤੇ ਇੱਕ ਲੱਖ ਰੁਪਏ ਜੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਹੈ। ਇਸ ਤਾਂਤਰਿਕ ਨੇ ਇਕ ਵਿਆਹੁਤਾ ਔਰਤ ਨਾਲ ਜਾਦੂ ਟੂਣਾ ਕਰਕੇ ਇਲਾਜ ਕਰਨ ਦੇ ਬਹਾਨੇ ਬਲਾਤਕਾਰ ਕੀਤਾ ਸੀ ਪਰ ਜਦੋਂ ਇਸਦਾ ਭਾਂਡਾ ਫੁੱਟਿਆ ਤਾਂ ਹੁਣ ਉਹ ਸੀਖਾਂ ਪਿੱਛੇ ਪੁੱਜ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਤਰਖਾਣ ਵਾਲਾ ਦੀ ਰਹਿਣ ਵਾਲੀ ਇੱਕ ਔਰਤ ਨੂੰ ਵਿਆਹ ਤੋ ਕੁੱਝ ਸਮਾਂ ਬਾਅਦ ਮਾਨਸਿਕ ਬਿਮਾਰੀ ਹੋ ਗਈ। ਜਿਸ ਕਰਕੇ ਉਸਦੇ ਪਤੀ ਅਤੇ ਸਹੁਰੇ ਪਰਿਵਾਰ ਵਾਲਿਆਂ ਨੇ ਪਿੰਡ ਮੌਨ ਕੇ ਹਿਠਾੜ ਦੇ ਇੱਕ ਤਾਤਰਿਕ ਰਾਜ ਕੁਮਾਰ ਉਰਫ ਰਾਜੂ ਨੂੰ ਇਲਾਜ ਵਾਸਤੇ ਆਪਣੇ ਘਰ ਸੱਦਿਆ । ਰਾਜ ਕੁਮਾਰ ਨੇ ਪੀੜਿਤ ਔਰਤ ਅਤੇ ਉਸਦੇ ਪਤੀ ਨੂੰ ਪਿੰਡ ਕੋਟਭਾਈ ਤੋ ਪਿੰਡ ਛੱਤੇਆਣਾ ਜਾਂਦੇ ਇੱਕ ਰਸਤੇ ਉਪਰ 4 ਜੁਲਾਈ 2015 ਦੀ ਰਾਤ ਨੂੰ ਕਰੀਬ 9 ਵਜੇ ਸੱਦ ਲਿਆ ਅਤੇ ਬਾਅਦ ਵਿੱਚ ਢਾਲਾ ਲਾਹੁਣ ਦੇ ਬਹਾਨੇ ਪੀੜਿਤ ਔਰਤ ਨੂੰ ਸੁਨਸਾਨ ਜਗ੍ਹਾ 'ਤੇ ਲੈ ਗਿਆ ਅਤੇ ਉਸ ਨਾਲ ਜਬਰ ਜਨਾਹ ਕੀਤਾ। ਪੀੜਤ ਔਰਤ ਨੂੰ ਢੋਂਗੀ ਬਾਬੇ ਨੇ ਧਮਕੀ ਦਿੱਤੀ ਕਿ ਜੇਕਰ ਉਸਨੇ ਉਸਦੀ ਕਰਤੂਤ ਦੀ ਕਿਸੇ ਕੋਲ ਭਾਫ ਕੱਢੀ ਤਾਂ ਉਹ ਉਸਦੇ ਘਰ ਵਾਲੇ ਨੂੰ ਜਾਦੂ ਟੂਨਾ ਕਰਕੇ ਪਾਗਲ ਕਰ ਦੇਵੇਗਾ। ਕੁੱਝ ਸਮਾਂ ਤਾਂ ਪੀੜਤ ਔਰਤ ਸ਼ਰਮ ਅਤੇ ਡਰ ਦੀ ਮਾਰੀ ਚੁੱਪ ਰਹੀ ਪਰ ਅਖੀਰ ਉਸਨੇ ਆਪਣੇ ਪਤੀ ਨੂੰ ਸਾਰੀ ਘਟਨਾ ਦਾ ਖੁਲਾਸਾ ਕਰ ਦਿੱਤਾ। ਬਾਅਦ ਵਿੱਚ ਪੀੜਿਤ ਔਰਤ ਅਤੇ ਉਸਦੇ ਪਤੀ ਨੇ ਇਸ ਜਬਰ ਜਨਾਹ ਸਬੰਧੀ ਥਾਨਾ ਕੋਟਭਾਈ ਦੀ ਪੁਲੀਸ ਨੂੰ ਸੁਚਨਾ ਦਿੱਤੀ । ਪੁਲੀਸ ਨੇ ਭਾਰਤੀ ਦੰਡ ਵਿਧਾਨ ਦੀ ਧਾਰਾ 376, 506 ਅਧੀਨ 8 ਅਗਸਤ 2015 ਨੂੰ ਰਾਜ ਕੁਮਾਰ ਉਰਫ ਰਾਜੂ ਦੇ ਖਿਲਾਫ ਮੁਕੱਦਮਾ ਦਰਜ ਕਰਕੇ ਅਦਾਲਤ ਵਿੱਚ ਪੇਸ਼ ਕਰ ਦਿੱਤਾ।


(ਪੰਜਾਬੀ ਟ੍ਰਿਬਿਊਨ)

ਸੜਕਾਂ ਉੱਤੇ ਬਣੇ ਧਾਰਮਿਕ ਸਥਾਨ ਹਟਾਏ ਜਾਣ

ਲਖਨਊ- ਅਲਾਹਾਬਾਦ ਹਾਈ ਕੋਰਟ ਨੇ ਅਹਿਮ ਫੈਸਲਾ ਸੁਣਾਉਂਦਿਆਂ ਸਰਕਾਰ ਨੂੰ ਸੜਕਾਂ ਕੰਢੇ ਬਣੇ ਧਾਰਮਿਕ ਸਥਾਨਾਂ ਨੂੰ ਢਾਹੁਣ ਜਾਂ ਤਬਦੀਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਹਾਈ ਕੋਰਟ ਨੇ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਰਾਜ ਮਾਰਗਾਂ, ਸੜਕਾਂ, ਪੈਦਲ ਰਸਤਿਆਂ ਆਦਿ ਸਣੇ ਜਨਤਕ ਮਾਰਗਾਂ 'ਤੇ ਕੋਈ ਵੀ ਧਾਰਮਿਕ ਇਮਾਰਤ ਬਣਾਉਣ ਦੀ ਇਜਾਜਤ ਨਹੀਂ ਹੋਵੇਗੀ।

(ਪੰਜਾਬੀ ਟ੍ਰਿਬਿਊਨ)

ਆਧਾਰ ਕਾਰਡ ਦਾ ਵਾਰ



-ਜੀਨ ਡਰੈਜੀ

ਆਧਾਰ ਪ੍ਰੋਜੈਕਟ ਜਨਤਾ ਵਿੱਚ ਇਹ ਦਾਅਵਿਆਂ ਦੀ ਟੇਕ ਤੇ ਲਿਜਾਇਆ ਗਿਆ ਕਿ ਇੰਨ੍ਹਾਂ ਵਿਚਲਾ ਇੰਦਰਾਜ ' ਇਖਤਿਆਰੀ' ਹੈ। ਇਸ ਦਾ ਮੂਲ ਭਾਵ ਹੈ ਕਿ ਇਸ ਦੇ ਇੰਦਰਾਜ ਲਈ ਕੋਈ ਕਾਨੂੰਨੀ ਪਾਬੰਦੀ ਨਹੀਂ ਹੈ। ਸਰਕਾਰ ਅਤੇ Unique Identification Authority of India, ਨੇ ਹਾਲ ਹੀ ਵਿੱਚ ਇਸ ਦੇ ਇੰਦਰਾਜ ਲਈ ਕੁਝ ਅਮਲੀ ਮਜਬੂਰੀਆਂ ਖੜੀਆਂ ਕਰ ਦਿੱਤੀਆਂ ਹਨ - ਸੇਵਾਵਾਂ ਅਤੇ ਸਹੂਲਤਾਂ ਨੂੰ ਮਾਨਣ ਲਈ ਆਧਾਰ ਕਾਰਡ ਦਾ ਹੋਣ ਲਾਜ਼ਮੀ ਕਰ ਦਿੱਤਾ ਹੈ। ਇਹ ਜਲਦੀ ਸਪਸ਼ਟ ਹੋ ਗਿਆ ਕਿ ਆਧਾਰ ਕਾਰਡ ਬਿਨ੍ਹਾਂ ਜ਼ਿੰਦਗੀ ਦੁੱਭਰ ਹੋ ਜਾਵੇਗੀ। ਇੰਨ੍ਹਾਂ ਹਾਲਤਾਂ ਵਿੱਚ ਇਹ ਕਹਿਣਾ ਕਿ ਆਧਾਰ ਸਵੈ-ਇੱਛਤ ਹੈ; ਜਿਵੇਂ ਸਾਹ ਲੈਣਾ ਜਾਂ ਖਾਣਾ ਸਵੈ-ਇੱਛਤ ਹੈ ਠੀਕ ਨਹੀਂ। ਮਜ਼ਬੂਰੀ ਭਾਵੇਂ ਕਾਨੂੰਨੀ ਹੋਵੇ ਜਾਂ ਅਮਲੀ, ਮਜਬੂਰੀ ਹੈ।

ਵਿਆਪਕ ਸ਼ਕਤੀਆਂ : ਇਸ ਪਾਖੰਡ ਨੂੰ ਖਤਮ ਕਰਨ ਲਈ ਸੁਪਰੀਮ ਕੋਰਟ ਨੂੰ ਅੱਗੇ ਆਉਣਾ ਪਿਆ। ਮਾਰਚ 2014 ਵਿੱਚ ਕੋਰਟ ਨੇ ਫੈਸਲਾ ਦਿੱਤਾ, 'ਕੋਈ ਵੀ ਔਰਤ ਜਾਂ ਮਰਦ, ਜੇ ਉਹ ਕਿਸੇ ਸੇਵਾ ਲਈ ਯੋਗ ਹੈ ਤਾਂ ਆਧਾਰ ਦੀ ਬਿਨਾਂ ਤੇ ਵਾਂਝਿਆ ਨਹੀਂ ਕੀਤਾ ਜਾਵੇਗਾ'। ਆਧਾਰ ਦੇ ਸਵੈ-ਇੱਛਤ ਹੋਣ ਦੀ ਇਹ ਬਹੁਤ ਹੀ ਸੁਹਣੀ ਵਿਆਖਿਆ ਹੈ। ਸਾਰੀ ਕਾਰਵਾਈ ਦੌਰਾਨ, ਕੇਂਦਰੀ ਸਰਕਾਰ ਇਸ ਦਲੀਲ ਤੇ ਅੜੀ ਰਹੀ ਕਿ ਆਧਾਰ ਸਵੈ-ਇੱਛਤ ਹੈ। ਸੁਪਰੀਮ ਕੋਰਟ ਨੇ, ਇਸ ਦਾਅਵੇ ਦੀਆਂ ਅਰਥ-ਸੰਭਾਵਨਾਵਾਂ ਦੀ ਵਿਆਖਿਆ ਕਰਨ ਤੋਂ ਜਿਆਦਾ ਕੁਝ ਨਹੀਂ ਕੀਤਾ।

ਇੱਕ ਤਸਦੀਕਸ਼ੁਦਾ, ਪੁਸ਼ਟੀਯੋਗ, ਬਹੁ-ਮੰਤਵੀ ਸ਼ਨਾਖਤੀ ਕਾਰਡ, ਬਹੁਤ ਲੋਕਾਂ ਲਈ ਲਾਹੇਵੰਦਾ ਦਸਤਾਵੇਜ਼ ਹੋ ਸਕਦਾ ਹੈ। ਪਰ UIAI ਨੇ ਆਧਾਰ ਕਾਰਡ ਜਾਂ ਇਸ ਦੀ ਸਵੈ-ਇੱਛਤ ਵਰਤੋਂ ਬਾਰੇ ਕੋਈ ਉਪਰਾਲੇ ਨਹੀਂ ਕੀਤੇ। ਇਸ ਦੇ ਉਲਟ ਇਸ ਨੇ ਕਈ ਸੰਦਰਭਾਂ ਵਿੱਚ, ਇੰਟਰਨੈਟ ਉੱਤੇ ਕੇਂਦਰੀਕ੍ਰਿਤ ਤੱਥਾਂ ਦੀ ਬਾਇਓਮੀਟਰਿਕ ਪੁਸ਼ਟੀ ਲਈ ਆਧਾਰ ਕਾਰਡ ਨੂੰ ਜਰੂਰੀ ਸ਼ਨਾਖਤੀ ਨੰਬਰ ਵਜੋਂ ਵਰਤਣ ਲਈ ਟਿੱਲ ਲਾਇਆ ਹੈ। ਇਹ ਇੱਕ ਵੱਖਰੀ ਤਰਾਂ ਦੀ ਚਾਲ ਹੈ।

ਸੁਪਰੀਮ ਕੋਰਟ ਦੇ ਹੁਕਮ ਨੇ ਸਰਕਾਰੀ ਅਦਾਰਿਆਂ ਦਾ ਤ੍ਰਾਅ ਕਢ ਦਿੱਤਾ ਹੈ ਜਦੋਂ ਕਿ ਇਸ ਨੇ ਆਧਾਰ ਕਾਰਡ ਬਾਰੇ ਬਹੁਤ ਸਾਰੇ ਵਿਉਂਤੇ ਗਏ ਸੰਦਰਭਾਂ ਨੂੰ ਰੱਦ ਕਰ ਦਿੱਤਾ ਹੈ। ਕੁਝ ਸਮਾਂ ਪਹਿਲਾਂ, ਸਰਕਾਰ ਨੇ ਆਧਾਰ ਬਿੱਲ ਨੂੰ ਮਨੀ ਬਿਲ ਵਜੋਂ ਲੋਕ-ਸਭਾ ਵਿੱਚ ਪੇਸ਼ ਕੀਤਾ ਅਤੇ ਪਾਸ ਕਰਵਾ ਕੇ ਮੋੜਵਾਂ ਵਾਰ ਕੀਤਾ ਹੈ। ਬਿੱਲ ਦਾ ਦਫਾ 7, ਸਰਕਾਰ ਨੂੰ ਹੂੰਝਾ-ਫੇਰੂ ਸ਼ਕਤੀਆਂ ਦਿੰਦੀ ਹੈ ਜਿਸ ਤਹਿਤ ਉਹ ਕਈ ਤਰ੍ਹਾਂ ਦੀਆਂ ਸਹੂਲਤਾਂ ਲਈ ਆਧਾਰ ਕਾਰਡ ਦੇ ਹੋਣ ਨੂੰ ਲਾਜਮੀ ਕਰ ਸਕਦੀ ਹੈ। ਦਫਾ 57, ਕਿਸੇ ਵੀ ਹੋਰ ਸੰਦਰਭ ਵਿੱਚ, ਦਫਾ 7 ਵਿੱਚ ਦਿੱਤੇ ਬਚਾ ਨੂੰ ਧਿਆਨ ਵਿੱਚ ਰੱਖਦਿਆਂ, ਆਧਾਰ-ਸ਼ਨਾਖਤ ਨੂੰ ਲਾਗੂ ਕਰਨ ਲਈ, ਸਰਕਾਰ ਨੂੰ ਸ਼ਕਤੀ ਦਿੰਦਾ ਹੈ।

ਠੋਸ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਇਹ ਬਿੱਲ, ਤਨਖਾਹ ਦੀ ਅਦਾਇਗੀ, ਬੁਢਾਪਾ ਪੈਨਸ਼ਨ, ਸਕੂਲ ਵਿੱਚ ਦਾਖਲਾ, ਰੇਲਵੇ ਦੀ ਟਿਕਟ, ਮੈਰਿਜ ਰਜਿਸਟ੍ਰੇਸ਼ਨ, ਡਰਾਈਵਿੰਗ ਲਾਇਸੈਂਸ, ਸਿੱਮ-ਕਾਰਡ ਆਦਿ- ਹਕੀਕਤ ਵਿੱਚ ਹਰ ਚੀਜ, ਖਰੀਦਣ ਲਈ ਆਧਾਰ-ਕਾਰਡ ਦੇ ਪੁਸ਼ਟੀਕਰਨ ਨੂੰ ਜਰੂਰੀ ਬਣਾਉਣ ਦਾ ਅਧਿਕਾਰ ਦਿੰਦਾ ਹੈ। ਪਿਛਲੇ ਕਈ ਸਾਲਾਂ ਦੇ ਤਜਰਬਿਆਂ ਦੀ ਰੌਸ਼ਨੀ ਵਿੱਚ, ਸਰਕਾਰ ਇੰਨਾਂ ਸ਼ਕਤੀਆਂ ਦੀ ਬੇਦਰੇਗ ਵਰਤੋਂ ਕਰੇਗੀ ਅਤੇ ਆਪਣਾ ਸਿਕੰਜਾ ਹੋਰ ਵੀ ਕਿਆਸੇ ਖੇਤਰਾਂ ਤਕ ਵਧਾ ਸਕਦੀ ਹੈ। UIAI ਦੇ ਸਾਬਕਾ ਚੇਅਰਮੈਨ ਨੰਦਨ ਨਿਲੇਕਾਨੀ ਨੇ ਖੁਦ ਕਿਹਾ ਹੈ ਕਿ ਇਸ ਦਾ ਮਨਸ਼ਾ ਹਮੇਸ਼ਾ, 'ਵਿਆਪਕ' ਰਿਹਾ ਹੈ।

ਜਨਤਾ ਤੇ ਨਜਰਾਸਨੀ : ਇਸ ਵਿੱਚ ਸੰਦੇਹ ਕੀ ਹੈ? ਬਾਇਓਮੀਟਰਿਕ ਬੇਭਰੋਸਗੀ ਤੋਂ ਲੈ ਕੇ ਵਿਸ਼ਵਾਸ ਨੂੰ ਸੰਨ ਲੱਗਣ ਦੇ ਬਹੁਤ ਸਾਰੇ ਸ਼ੰਕੇ ਖੜੇ ਹੋਏ ਹਨ। ਵੱਡਾ ਖਤਰਾ ਇਹ ਹੈ ਕਿ ਆਧਾਰ-ਕਾਰਡ ਨਾਲ ਜਨਤਾ ਤੇ ਨਜਰਸਾਨੀ ਦਾ ਕਿਵਾੜ ਖੁੱਲ੍ਹ ਜਾਵੇਗਾ। ਬਿੱਲ ਵਿੱਚ 'ਕੌਮੀ ਸਲਾਮਤੀ' ਦੀ ਮੱਦ ਅਧੀਨ ਮਿਲੀਆਂ ਖਾਸ ਸ਼ਕਤੀਆਂ ਤੋਂ ਬਿਨ੍ਹਾਂ ਹੀ, ਆਧਾਰ-ਕਾਰਡ ਨਾਲ ਸਬੰਧਿਤ ਬਹੁਤ ਸਾਰੀ ਜਾਣਕਾਰੀ ਸਰਕਾਰ ਦੀ ਪਹੁੰਚ ਵਿੱਚ ਆ ਜਾਵੇਗੀ। ਕਿਸੇ ਵੀ ਬੰਦੇ ਦੀ ਜਾਂ ਹਰ ਬੰਦੇ ਦੀ ਸੂਹ ਰੱਖਣੀ, ਸੂਹੀਆਂ ਏਜੰਸੀਆਂ ਲਈ ਖੱਬੇ ਹੱਥ ਦੀ ਖੇਡ ਹੋਵੇਗੀ- ਅਸੀਂ ਕਿੱਥੇ ਰਹਿੰਦੇ ਹਾਂ, ਕਦੋਂ ਜਾਂਦੇ ਹਾਂ, ਕਿਸ ਸਰਗਰਮੀ ਵਿੱਚ ਭਾਗ ਲੈਂਦੇ ਹਾਂ, ਕਿਸ ਨਾਲ ਵਿਆਹ ਕਰਦੇ ਹਾਂ, ਕਿਸ ਨੂੰ ਮਿਲਦੇ ਹਾਂ, ਫੋਨ ਤੇ ਕੀ ਗੱਲਾਂ ਕਰਦੇ ਹਾਂ। ਕੋਈ ਵੀ ਹੋਰ ਮੁਲਕ, ਖਾਸ ਤੌਰ ਤੇ ਜਮਹੂਰੀ ਮੁਲਕ ਨੇ ਆਪਣੇ ਲੋਕਾਂ ਨੂੰ ਨਜਰਸਾਨੀ ਨਾਲ ਇਸ ਤਰਾਂ ਬੰਧਕ ਨਹੀਂ ਬਣਾਇਆ ਹੋਵੇਗਾ।

ਜੇ ਤੁਹਾਨੂੰ ਇਹ ਮਨੋ-ਭਰਮ ਲਗਦਾ ਹੈ, ਤਾਂ ਫੇਰ ਸੋਚੋ। ਮੁਕੰਮਲ ਨਜਰਸਾਨੀ ਸੂਹੀਆ ਏਜੰਸੀਆਂ ਦਾ ਸੁਫਨਾ ਹੈ ਜਿਵੇਂ ਅਸੀਂ ਐਡਵਰਡ ਸਨੋਡਰ ਅਤੇ ਹੋਰਨਾਂ ਤੋਂ ਜਾਣਦੇ ਹਾਂ। ਪਿਛਲੇ ਵਰ੍ਹਿਆਂ ਵਿੱਚ ਦੇਖਿਆ ਹੈ ਕਿ ਹਰ ਰੰਗ ਦੀ ਅਸਹਿਮਤੀ ਨੂੰ ਨੱਥ ਪਾਉਣ ਤੇ ਅੱਖ ਹੇਠ ਰੱਖਣ ਦੀ ਭਾਰਤ ਦੀ ਸਰਕਾਰ ਦੀ ਰੁਚੀ ਦੇਖੀ ਜਾ ਸਕਦੀ ਹੈ। ਹਰ ਇੱਕ ਨਿਸ਼ਾਨੇ ਤੇ ਰੱਖੇ ਜਾਂ ਠਿੱਠ ਕੀਤੇ ਬੰਦੇ ਨੂੰ ਦੇਖ ਕੇ, ਹਜਾਰਾਂ ਰਾਹ ਤੇ ਆ ਜਾਂਦੇ ਹਨ। ਲੁਕੋ ਦਾ ਹੱਕ ਹੀ ਅਸਹਿਮਤੀ ਦੀ ਆਜ਼ਾਦੀ ਦਾ ਆਧਾਰ ਬਣਦਾ ਹੈ।

ਸਖਸ਼ੀ ਆਜ਼ਾਦੀ ਅਤੇ ਸ਼ਹਿਰੀ ਆਜ਼ਾਦੀਆਂ ਦੇ ਇਤਿਹਾਸਕ ਪਸਾਰੇ ਲਈ, ਜਨਤਾ ਤੇ ਨਜਰਸਾਨੀ ਇੱਕ ਖਤਰਾ ਹੈ। ਸਦੀਆਂ ਤੋਂ ਆਮ ਲੋਕ ਜਾਬਰ ਸਰਕਾਰਾਂ ਦੇ ਜ਼ੁਲਮਾਂ ਦਾ ਸ਼ਿਕਾਰ ਰਹੇ ਹਨ। ਉਨ੍ਹਾਂ ਨੂੰ ਸਰਕਾਰਾਂ ਦੇ ਤਾਬਿਆ ਵਿੱਚ ਰੱਖਣ ਲਈ, ਰੋਕਾਂ, ਗ੍ਰਿਫਤਾਰੀਆਂ, ਫਾਹੀਆਂ, ਹਿੰਸਾ ਆਦਿ ਪ੍ਰਵਾਨਿਤ ਤਰੀਕੇ ਸਨ। ਮਨ ਚਾਹੇ ਥਾਂ ਤੇ ਜਾਣ, ਮਨ ਪਸੰਦ ਦਾ ਸਾਥ ਮਾਨਣ, ਬਿਨਾਂ ਡਰ ਦੇ ਬੋਲਣ ਦੀ ਜਿਸ ਆਜ਼ਾਦੀ ਨੂੰ ਅਸੀਂ ਮਾਣ ਰਹੇ ਹਾਂ, ਤੇ ਹੱਕੀ ਸਮਝਦੇ ਹਾਂ, ਇਸ ਨੂੰ ਪ੍ਰਾਪਤ ਕਰਨ ਲਈ ਸਦੀਆਂ ਤੱਕ ਘੋਲ ਕਰਨਾ ਪਿਆ ਹੈ। ਬਿਨਾਂ ਸ਼ੱਕ ਇਹ ਆਜਾਦੀਆਂ ਹਾਲੇ ਵੀ ਬਹੁ ਗਿਣਤੀ, ਵਿਸ਼ੇਸ਼ ਤੌਰ ਤੇ ਘੱਟ ਗਿਣਤੀਆਂ ਅਤੇ ਸੁੱਰਖਿਆ ਏਜੰਸੀਆਂ ਦੀ ਮਾਰ ਹੇਠ ਰਹੇ ਲੋਕਾਂ ਲਈ ਮ੍ਰਿਗ-ਤ੍ਰਿਸ਼ਨਾ ਹਨ। ਇਹ ਪਹਿਲਾਂ ਹਾਸਿਲ ਆਜ਼ਾਦੀ ਦੇ ਪਸਾਰੇ ਦਾ ਮਸਲਾ ਹੈ, ਰੋਕਾਂ ਦਾ ਨਹੀਂ।

ਆਧਾਰ ਬਿੱਲ ਸਾਨੂੰ ਇਤਿਹਾਸਕ ਘੋਲਾਂ ਨੂੰ ਭੁੱਲ ਜਾਣ ਅਤੇ ਸਰਕਾਰ ਦੀ ਦਿਆਲਤਾ ਵਿੱਚ ਵਿਸ਼ਵਾਸ ਕਰਨ ਲਈ ਕਹਿੰਦਾ ਹੈ। ਬੇਸ਼ੱਕ, ਅਜਾਦੀ ਦੇ ਲੀਹੋਂ ਲਹਿਣ ਜਾਂ ਸ਼ਹਿਰੀ ਆਜ਼ਾਦੀਆਂ ਦੇ ਖੁੱਸਣ ਦਾ ਫੌਰੀ ਖਤਰਾ ਨਹੀਂ ਹੈ। ਭਾਵੇਂ ਸਰਕਾਰ ਇਸ ਤੇ ਅਮਲ ਨਾ ਵੀ ਕਰੇ, ਜਨਤਾ ਤੇ ਨਜਰਸਾਨੀ ਆਪਣੇ ਆਪ ਵਿੱਚ ਜਮਹੂਰੀਅਤ ਅਤੇ ਸ਼ਹਿਰੀ ਆਜਾਦੀਆਂ ਉੱਤੇ ਹਮਲਾ ਹੈ। ਜਿਵੇਂ ਕਿ ਗਲੈਨ ਗਰੀਨਵਾਰਡ ਨੇ ਆਪਣੀ ਕਿਤਾਬ **'No Plave to Hide'** ਵਿੱਚ ਸਹੀ ਲਿਖਿਆ ਹੈ, 'ਇਤਿਹਾਸ ਦਸਦਾ ਹੈ, ਬਿਨਾਂ ਇਸ ਗਲ ਦੇ ਕਿ ਇਸ ਦੀ ਵਰਤੋਂ ਕਿਵੇਂ ਹੁੰਦੀ ਹੈ, ਜਨਤਾ ਤੇ ਨਜਰਸਾਨੀ ਦੇ ਅਮਲੇ ਫੈਲੇ ਦੀ ਹੋਂਦ, ਆਪਣੇ ਆਪ ਵਿੱਚ ਅਸਿਹਮਤੀ ਦਾ ਗਲ ਘੁੱਟਣ ਲਈ ਕਾਫੀ ਹੈ'।

ਗੈਰ ਯਕੀਨੀ ਲਾਭ : ਆਧਾਰ ਕਾਰਡਾਂ ਦੇ ਦਾਅਵੇਦਾਰ ਸਰਕਾਰ ਦੇ ਪੈਸੇ ਨੂੰ ਬਚਾਉਣ ਦੇ ਮਨਸ਼ੇ ਨਾਲ ਇੰਨ੍ਹਾਂ ਸ਼ੰਕਿਆਂ ਨੂੰ ਘਟਾ ਕੇ ਦੇਖਦੇ ਹਨ। ਆਧਾਰ ਕਾਰਡਾਂ ਨਾਲ ਪੈਸੇ ਦੀ ਦੁਰਵਰਤੋਂ ਬੰਦ ਕਰਨ ਦੇ ਬੇਥਵੇ ਦਾਅਵੇ ਕੀਤੇ ਜਾ ਰਹੇ ਹਨ। ਅਸਲ ਵਿੱਚ, ਆਧਾਰ-ਕਾਰਡ ਸਿਰਫ ਖਾਸ ਕਿਸਮ ਦੀ ਦੁਰਵਰਤੋਂ ਹੀ ਬੰਦ ਕਰਨਗੇ, ਜਿਵੇਂ ਲਾਭਪਾਤਰੀਆਂ ਦੀ ਸੂਚੀ ਵਿਚਲੀ ਚਾਲਬਾਜੀ। ਪਰ ਇਹ ਜਨਤਕ ਵੰਡ ਪ੍ਰਣਾਲੀ ਵਿਚਲੀ ਦੁਰਵਰਤੋਂ ਦੇ ਖਾਤਮੇ ਲਈ ਬੇਫਾਇਦਾ ਹੋਵੇਗਾ, ਜਿਸ ਵਿੱਚ ਸ਼ਨਾਖਤੀ ਧੋਖਾਧੜੀ ਦਾ ਕੋਈ ਰੋਲ ਨਹੀਂ ਹੈ। ਦੂਜੇ ਪਾਸੇ ਹਾਲੀਆਂ ਤਜਰਬੇ ਨੇ ਦਿਖਾਇਆ ਹੈ ਕਿ ਆਧਾਰ ਕਾਰਡ ਜਨਤਕ ਵੰਡ ਪ੍ਰਣਾਲੀ ਵਿੱਚ ਕੀ ਕੜੀ ਘੋਲਦੇ ਹਨ। ਜਨਤਕ ਵੰਡ ਪ੍ਰਣਾਲੀ ਵਿੱਚ ਜਿੱਥੇ ਵੀ ਆਧਾਰ ਕਾਰਡਾਂ ਦੁਆਰਾ ਪੁਸ਼ਟੀ ਨੂੰ ਲਾਗੂ ਕੀਤਾ ਗਿਆ ਹੈ, ਉਥੇ ਢਿਲ ਮੱਠ ਦੀਆਂ, ਕਿਤੇ ਪੁਸ਼ਟੀ ਦੀ ਨਾਕਾਮੀ ਦੀਆਂ ਸ਼ਿਕਾਇਤਾਂ ਆਈਆਂ। ਗਰੀਬ ਰਾਜ, ਜਿੱਥੇ ਜਨਤਕ ਵੰਡ ਪ੍ਰਣਾਲੀ ਦੀ ਜਿਆਦਾ ਲੋੜ ਹੈ, ਉਹ ਇਸ ਦੀ ਲੋੜੀਦੀ ਤਕਨਾਲੋਜੀ ਪੱਖੋਂ ਬਿਲਕੁਲ ਤਿਆਰ ਨਹੀਂ। ਜਨਤਕ ਵੰਡ ਪ੍ਰਣਾਲੀ ਨੂੰ ਸੁਧਾਰਣ ਦੇ ਹੋਰ ਬਹੁਤ ਢੰਗ ਤਰੀਕੇ ਹਨ। ਇਸੇ ਤਰਾਂ ਦੀਆਂ ਟਿੱਪਣੀਆਂ 'ਮਹਾਤਮਾ ਗਾਂਧੀ ਰੂਰਲ ਇੰਪਲਾਏਮੈਂਟ ਸਕੀਮ' ਬਾਰੇ ਵੀ ਕੀਤੀਆਂ ਜਾ ਸਕਦੀਆਂ ਹਨ।

ਮੈਂ ਝਾਰਖੰਡ ਵਿੱਚ ਇਸ ਦੇ ਨੁਕਸਾਨ ਨੂੰ ਦੇਖਿਆ ਹੈ, ਜਿੱਥੇ ਆਧਾਰ ਕਾਰਡਾਂ ਦੀ ਵੁੱਕਤ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ। ਜਨਤਕ ਵੰਡ ਪ੍ਰਣਾਲੀ, ਮਨਰੇਗਾ ਅਤੇ ਬੈਂਕਿੰਗ ਵਿੱਚ ਆਧਾਰ ਕਾਰਡਾਂ ਦੀ ਵਰਤੋਂ ਨੇ ਮਾੜੇ ਸਿੱਟੇ ਹੀ ਨਹੀਂ ਕੱਢੇ, ਬੁਰੀ ਤਰਾਂ ਅਫਰਾ ਤਫਰੀ ਵੀ ਪੈਦਾ ਕੀਤੀ। ਪੇਂਡੂ ਬੈਂਕਾਂ ਨੇ ਮੈਨਰੇਗਾ ਕਾਮਿਆਂ ਨੂੰ ਸਿਸਟਮ ਵਿੱਚੋਂ ਕੱਢ ਦਿੱਤਾ ਹੈ ਜਿੰਨਾਂ ਨੂੰ ਮਾੜੀ ਕਨੈਕਟੀਵਿਟੀ ਦੇ ਕਾਰਣ ਅਦਾਇਗੀ ਨਹੀਂ ਹੋ ਸਕੀ। ਝਾਰਖੰਡ ਵਿੱਚ ਰਾਸ਼ਨ ਡਿਪੂਆਂ ਉੱਤੇ ਆਧਾਰ ਕਾਰਡਾਂ ਦੀ ਬਾਇਓਮੀਟਰਿਕ ਪ੍ਰਸਤਾਵਿਤ ਪੁਸ਼ਟੀ ਨੇ ਜਨਤਕ ਵੰਡ ਪ੍ਰਣਾਲੀ ਦੀ ਤੋਰ ਨੂੰ ਲੀਹੋਂ ਲਾਇਆ ਹੈ। ਇਨ੍ਹਾਂ ਦੇ ਬਣਨ ਦੇ ਸੱਤ ਸਾਲਾਂ ਬਾਅਦ ਵੀ UIAI ਇੰਨਾਂ ਦੀ ਲਾਹੇਵੰਦੀ ਦਾ ਕੋਈ ਪੁਖਤਾ ਸਬੂਤ ਦੇਣ ਵਿੱਚ ਨਾਕਾਮਯਾਬ ਰਿਹਾ ਹੈ, ਜਿਸ ਨਾਲ ਉੱਠਦੇ ਖਤਰਿਆਂ ਨੂੰ ਜਾਇਜ ਠਹਿਰਾਇਆ ਜਾ ਸਕੇ। ਇਸ ਦੀ ਬਜਾਏ, ਇਸ ਨੇ ਲੋਕ ਸੰਪਰਕ ਅਤੇ ਸਪਾਂਸਰਡ ਅਧਿਐਨਾਂ ਦੇ ਪ੍ਰੇਸ਼ਾਨ ਕਰਨ ਵਾਲੇ ਰੁਝਾਣ ਤੇ ਟੇਕ ਰੱਖੀ ਹੈ। ਮੇਰੀ ਜਾਣਕਾਰੀ ਅਨੁਸਾਰ, ਹਾਲੇ ਤੱਕ ਆਧਾਰ ਕਾਰਡਾਂ ਦੀ ਵਰਤੋਂ ਦਾ ਕੋਈ ਗੰਭੀਰ ਮੁੱਲ-ਅੰਕਣ ਨਹੀਂ ਹੋਇਆ। ਕੁਝ ਨਾਕਾਮਯਾਬੀਆਂ ਨੂੰ, ਪ੍ਰਚਾਰ ਰਾਹੀਂ ਕਾਮਯਾਬੀਆਂ ਵਜੋਂ ਪੇਸ਼ ਕੀਤਾ ਗਿਆ ਹੈ।

ਬਿਨਾਂ ਸ਼ੱਕ, ਜੇ ਉਚਿੱਤ ਹੋਵੇ, ਇਸ ਦੀ ਲਾਹੇਵੰਦੀ ਵਰਤੋਂ ਹੋ ਸਕਦੀ ਹੈ। ਖਤਰਿਆਂ ਦੇ ਹੁੰਦਿਆਂ, ਇਸ ਦਾ ਮੂਲ਼ ਸਿਧਾਂਤ ਹੋਣਾ ਚਾਹੀਦਾ ਹੈ, 'ਘੱਟ ਤੋਂ ਘੱਟ ਵਰਤੋਂ ਅਤੇ ਵੱਧ ਤੋਂ ਵੱਧ ਬਚਾ'। ਆਧਾਰ ਬਿੱਲ ਵਿੱਚ ਕੁਝ ਖਾਸ ਬਚਾ ਸੁਝਾਏ ਗਏ ਹਨ, ਪਰ ਇਸ ਦੀ ਜਨਤਾ ਤੇ ਨਜਰਸਾਨੀ ਲਈ ਸੰਦ ਵਜੋਂ ਵਰਤੋਂ ਖਿਲਾਫ ਲਈ ਕੋਈ ਰੋਕ ਜਾ ਉਪਾਂਅ ਨਹੀਂ ਕੀਤਾ ਗਿਆ। ਬਚਾ ਵਾਲੀਆਂ ਮੱਦਾਂ UIAI ਦੀ ਜਿਆਦਾ, ਜਨਤਾ ਦੀ ਰੱਖਿਆ ਘੱਟ ਕਰਦੀਆਂ ਹਨ।

ਆਧਾਰ-ਕਾਰਡਾਂ ਦੇ ਜਾਦੂਗਰ ਸਾਨੂੰ ਇਹ ਦੱਸਣ ਦੇ ਸ਼ੌਕੀਨ ਹਨ ਕਿ ਅਸੀਂ 'ਇਨਕਲਾਬ' ਦੇ ਬਰੂਹਾਂ ਤੇ ਖੜੇ ਹਾਂ। ਉਨਾਂ ਦੇ ਜੋਸ਼ ਤੋਂ ਮੁਆਫੀ ਸਹਿਤ, ਇਸ ਲਈ ਜਿਆਦਾ ਢੁਕਵਾਂ ਸ਼ਬਦ 'ਵਾਰ' ਹੈ। ਆਧਾਰ ਬਿੱਲ ਸਰਕਾਰ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਤੇ ਹਮਲਾ ਕਰਨ ਅਤੇ ਸਮਾਜਿਕ ਬੰਧੇਜ ਲਈ ਬਲ ਦਿੰਦਾ ਹੈ। ਇਸ ਤੋਂ ਜਿਆਦਾ ਇਸ ਨੂੰ ਮਨੀਬਿਲ ਵਜੋਂ ਪੇਸ਼ ਕਰਕੇ, ਇੰਨਾਂ ਮੁੱਦਿਆਂ ਤੇ ਗੰਭੀਰ ਬਹਿਸ ਤੋਂ ਟਾਲੇ ਲਈ ਪੇਸ਼ਬੰਦੀ ਕਰਨਾ ਹੈ। ਇਹ ਗੈਰਜਮਹੂਰੀ ਪ੍ਰਕ੍ਰਿਆ, ਆਧਾਰ-ਕਾਰਡਾਂ ਬਾਰੇ ਸੰਸਿਆਂ ਨੂੰ ਹੋਰ ਪੱਕਾ ਕਰਦੀ ਹੈ।

(ਲੇਖਕ ਰਾਂਚੀ ਵਿਸ਼ਵਵਿਦਿਆਲੇ ਵਿੱਚ ਅਰਥਸ਼ਾਸ਼ਤਰ ਦਾ ਵਿਜਟਿੰਗ ਪ੍ਰੋਫੈਸਰ ਹੈ)

ਅਨੁਵਾਦ: ਅਵਤਾਰ ਗੋਂਦਾਰਾ

ਨਛੱਤਰਾਂ ਦੀ ਦੁਨੀਆ



ਦੋਸਤੋ, ਰਾਸ਼ੀਆਂ ਦੀ ਯਾਤਰਾ ਜਿੱਥੇ ਦਿਲਚਸ਼ਪ ਹੈ, ਉੱਥੇ ਉਨੀਂ ਹੀ ਗੁੰਝਲਦਾਰ ਵੀ ਹੈ ਪਰ ਇਸ ਗੱਲ ਦੀ ਦਾਦ ਦੇਣੀ ਬਣਦੀ ਹੈ ਕਿ ਦ੍ਰਿਸ਼ਟੀਮਾਨ ਤਾਰਿਆਂ ਦੀਆਂ ਗਿਣਤੀਆਂ ਮਿਣਤੀਆਂ ਕਰਨ ਵਾਲੇ ਸੱਚਮੁੱਚ ਹੀ ਕਿਸ ਪੱਧਰ ਤੱਕ ਬੁੱਧੀਮਾਨ ਅਤੇ ਦ੍ਰਿੜ ਨਿਸ਼ਚੇ ਵਾਲੇ ਹੋਣਗੇ। ਇਹਨਾਂ ਪ੍ਰੇਖਣਾਂ ਲਈ ਉਹਨਾਂ ਨੇ ਪਤਾ ਨਹੀਂ ਕਿੰਨੀਆਂ ਕੁ ਗਰਮ ਹਵਾਵਾਂ ਵਾਲੀਆਂ ਜਾਂ ਯੱਖ ਸਰਦ ਰਾਤਾਂ ਅਤੇ ਕਿੰਨੇ ਕੁ ਸਾਲ ਖੁੱਲੇ ਅਸਮਾਨਾਂ ਵਿੱਚ ਗੁਜ਼ਾਰੇ ਹੋਣਗੇ। ਉਹ ਸਨ ਮੁੱਢਲੇ ਵਿਗਿਆਨੀ ਜਿਹਨਾਂ ਨੇ ਸਾਨੂੰ ਇਹ ਅੰਕੜੇ ਉਪਲੱਬਧ ਕਰਵਾਏ। ਆਓ ਅਸੀਂ ਚਲਦੇ ਹਾਂ, ਰਾਸ਼ੀਆਂ ਦੇ ਨਕਛੱਤਰਾਂ/ਨਛੱਤਰਾਂ ਵੱਲ।

ਦੋਸਤੋ, ਅਸੀਂ ਇਸ ਵਾਰ ਵੀ ਰਾਸ਼ੀਆਂ ਦੀ ਹੋਰ ਘੋਖ ਪੜਤਾਲ ਕਰਾਂਗੇ। ਆਓ ਵੇਖੀਏ ਇਹਨਾਂ ਰਾਸ਼ੀਆਂ ਵਿਚ ਹੋਰ ਕੀ ਹੈ? ਤੁਸੀਂ ਨਛੱਤਰਾਂ ਬਾਰੇ ਤਾਂ ਜਰੂਰ ਸੁਣਿਆ ਹੋਵੇਗਾ... ਨਛੱਤਰ ਅਸਲ ਵਿਚ ਕਿਸੇ ਵੀ ਰਾਸ਼ੀ ਵਿਚ ਉਹ ਖੇਤਰ ਹੈ ਜਿਸ ਵਿਚ ਚੰਦ ਰਾਤੀਂ ਨਜ਼ਰੀਂ ਪੈਂਦਾ ਹੈ। ਦੋਸਤੋ, ਇੱਥੇ ਇਹ ਸ਼ਪਸ਼ਟ ਕਰਨਾ ਬਣਦਾ ਹੈ ਕਿ ਭਾਵੇਂ ਨਛੱਤਰ ਇਕ ਖੇਤਰ ਹੈ ਪਰ ਇਸ ਖੇਤਰ ਦਾ ਨਾਂ ਕਿਸੇ ਨਜਦੀਕੀ ਤਾਰੇ ਦੇ ਨਾਂ ਉੱਪਰ ਹੀ ਰੱਖਿਆ ਹੁੰਦਾ ਹੈ ਇਹਨਾਂ ਦੀ ਗਿਣਤੀ 27 ਹੈ ਪ੍ਰੰਤੂ ਕਦੇ ਇਹ 28 ਵੀ ਮੰਨੀ ਗਈ ਹੈ। ਦੂਜੇ ਸਬਦਾਂ ਵਿਚ ਇਹਨਾਂ ਖੇਤਰਾਂ ਨੂੰ ਚੰਦ ਦੇ 'ਘਰ' ਵਜੋਂ ਵੀ ਜੰਤਰੀਆਂ ਵਿਚ ਲਿਖਿਆ ਹੋਇਆ ਹੈ। ਇੰਝ ਇਹ ਸਪਸ਼ਟ ਹੋ ਜਾਂਦਾ ਹੈ ਕਿ ਅਸਮਾਨ ਨੂੰ ਹੋਰ ਵੀ ਸਟੀਕ ਤਰੀਕੇ ਨਾਲ ਵੰਡਣ ਕਾਰਨ ਰਾਸ਼ੀਆਂ ਤੋਂ ਜਿਆਦਾ ਸ਼ੁੱਧ ਕਿਸਮ... ਇਹ ਨਛੱਤਰ ਹੀ ਹਨ। ਇਹਨਾਂ ਦੇ ਨਾਂ ਮਿਥਿਹਾਸਕ ਕਥਾਵਾਂ ਨਾਲ ਜੁੜੇ ਹੋਣ ਕਾਰਨ ਮਿਥਿਹਾਸਕ ਹੀ ਹਨ।

ਫਿਰ ਇਸ ਖੇਤਰ ਵਿਚ ਹੋਰ ਸੋਧ ਲਈ ਇਕ ਨਛੱਤਰ ਨੂੰ ਵੀ ਚਾਰ ਹਿੱਸਿਆਂ ਵਿਚ ਵੰਡ ਲਿਆ ਗਿਆ। ਇੰਝ 27 ਨਛੱਤਰ ਗੁਣਾਂ ਚਾਰ ਬਰਾਬਰ 108 ਬਣਦਾ ਹੈ। ਇਹ ਸਭ ਕੁੱਝ ਇਕ ਸੋਚੀ ਸਮਝੀ ਚਾਲ ਅਤੇ ਚਲਾਕੀ ਦਾ ਸਿੱਟਾ ਸੀ। ਕਿਉਂਕਿ ਸੰਸਕ੍ਰਿਤ ਭਾਸ਼ਾ ਵਿਚ 108 ਧੁਨੀਆਂ ਹਨ ਇਸ ਲਈ ਧੁਨੀਆਂ ਦੇ ਅਧਾਰ ਉਪਰ ਹੀ ਨਾਮ ਰਖਵਾਏ ਜਾਂਦੇ ਸਨ। ਹੁਣ ਚਲਾਕੀ ਇਹ ਵਰਤੀ ਗਈ ਕਿ ਲੋਕਾਂ ਨੂੰ ਕਿਹਾ ਜਾਵੇ ਕਿ ਤੁਹਾਡੇ ਨਵੇਂ ਜਨਮੇ ਬੱਚੇ ਦਾ ਨਾਂ ਉਸਦੇ ਜਨਮ ਵੇਲੇ ਦੇ ਨਛੱਤਰਾਂ ਉੱਪਰ ਰੱਖਣ ਨਾਲ ਉਹ 'ਚੰਗੀ ਕਿਸਮਤ' ਵਾਲਾ ਹੋਵੇਗਾ। ਨਛੱਤਰਾਂ ਵਿਚ ਇਹਨਾਂ ਧੁਨੀਆਂ ਦੀ ਵੰਡ ਇੰਝ ਕੀਤੀ ਹੋਈ ਹੈ:

1. ਅਸ਼ਵਨੀ- ਚੂ, ਚੇ, ਚੋ, ਲਾ
2. ਭਰਣੀ- ਲੀ, ਲੂ, ਲੇ, ਲੋ
3. ਕ੍ਰਿਤਿਕਾ- ਅ, ਈ, ਉ, ਐ
4. ਰੋਹਿਨੀ - ਔ, ਵਾ, ਵੀ, ਵੁ
5. ਮ੍ਰਿਗਸ਼ਿਰਾ- ਵੇ, ਵੋ, ਕਾ, ਕੀ
6. ਆਦਰਾ- ਕੁ, ਘ, ਙ, ਛ
7. ਪੁਨਰਵਸ਼- ਕੇ, ਕੋ, ਹਾ, ਹੀ
8. ਪੁਸ਼ਿਆ- ਹੁ, ਹੇ, ਹੋ, ਡਾ
9. ਅਸ਼ਿਲੇਸ਼ਾ- ਡੀ, ਡੂ, ਡੇ, ਡੋ
10. ਮਘਾ - ਮਾ, ਮੀ, ਮੂ, ਮੇ
11. ਪੂਰਵ ਫ਼ਾਲਗੁਨੀ - ਮੋ, ਟਾ, ਟੀ, ਟੂ
12. ਉਤਰ ਫ਼ਾਲਗੁਨੀ - ਟੇ, ਪਾ, ਪੀ, ਪੂ
13. ਹਸਤਾ- ਪੂ, ਸ਼, ਣ, ਠ
14. ਚਿਤ੍ਰਾ - ਪੇ, ਪੋ, ਰਾ, ਰੀ
15. ਸਵਾਤੀ - ਰੇ, ਰੂ, ਰੋ, ਤਾ
16. ਵਿਸ਼ਾਖਾ - ਤੀ, ਤੂ, ਤੇ, ਤੋ
17. ਅਨੁਰਾਧਾ - ਨਾ, ਨੀ, ਨੂ, ਨੇ
18. ਯਏਸ਼ਠਾ - ਨੋ, ਯਾ, ਯੀ, ਯੂ
19. ਮੂਲਾ - ਯੇ, ਯੋ, ਭਾ, ਭੀ
20. ਪੂਰਵ ਅਸ਼ਾੜਾ-ਭੂ, ਧਾ, ਫਾ, ਡ਼ਾ
21. ਉਤਰ ਅਸ਼ਾੜਾ - ਭੇ, ਭੋ, ਜਾ, ਜੀ
22. ਸ਼੍ਰਵਣ- ਖੀ, ਖੂ, ਖੇ, ਖੋ
23. ਧਨਿਸ਼ਠਾ - ਗਾ, ਗੀ, ਗੁ, ਗੇ
24. ਸ਼ਤਭਿਸ਼ਾ - ਗੋ, ਸਾ, ਸੀ, ਸੂ
25. ਪੂਰਵ ਭਦਰਪਾੜਾ-ਸੇ, ਸੋ, ਦਾ, ਦੀ
26. ਉਤਰ- ਭਦਰਪਾੜਾ- ਦੂ, ਥ, ਝ, ਨ
27. ਰੇਵਤੀ - ਦੇ, ਦੋ, ਚ, ਚੀ

ਉਪਰੋਕਤ ਧੁਨੀਆਂ ਵਿੱਚ ਕੋਈ ਵੀ ਕਿਸੇ ਵੀ ਤਰ੍ਹਾਂ ਦਾ ਵਿਗਿਆਨ ਨਹੀਂ ਹੈ ਕਿ 'ਫ਼ਲਾਣੇ ਨਛੱਤਰ' ਨੂੰ ਇਹੋ ਧੁਨੀਆਂ ਹੀ ਕਿਉਂ ਪ੍ਰਦਾਨ ਕੀਤੀਆਂ ਗਈਆਂ? ਇਹ ਤਾਂ ਸੰਸ਼ਕ੍ਰਿਤ ਭਾਸ਼ਾ ਦੇ ਠੇਕੇਦਾਰਾਂ ਨੇ ਸਭ ਕੁੱਝ ਆਪਣੇ ਕਬਜ਼ੇ ਵਿਚ ਰੱਖਣ ਲਈ ਕੀਤਾ ਸੀ। ਇੰਝ ਸਿੱਟੇ ਵਜੋਂ... ਪਹਿਲਾਂ ਨਾਮ ਰੱਖਣ ਵੇਲੇ ਆਪਣੀ ਦਾਨ-ਦੱਛਣਾ ਰਖਵਾ ਲਈ... ਫਿਰ ਸੁਰੂ ਹੋ ਗਿਆ ਉਸਦੀ ਰਾਸ਼ੀ ਦਾ ਚੱਕਰ, ਗ੍ਰਹਿਆਂ ਦੀ ਸਥਿਤੀ ਦਾ ਚੱਕਰ ਅਤੇ ਮੁੜ ਨਛੱਤਰਾਂ ਦਾ ਚੱਕਰ... ਮੁੱਕਦੀ ਗੱਲ ਕਿ ਲੋਕਾਂ ਦੀ ਮਾੜੀ ਸਿਹਤ,

ਆਰਥਿਕ ਮੰਦਹਾਲੀ ਦਾ ਸਾਰਾ ਦੋਸ਼ ਰਾਜਿਆਂ ਦੀਆਂ ਗਲਤ ਨੀਤੀਆਂ ਦੀ ਬਜਾਏ ਇਹਨਾਂ ਰਾਸ਼ੀਆਂ, ਨਛੱਤਰਾਂ, ਗ੍ਰਹਿਆਂ ਉੱਪਰ ਮੜ੍ਹ ਦਿੱਤਾ ਜਾਂਦਾ ਸੀ, ਕਿਉਂਕਿ ਜ਼ੋਤਿਸ਼ੀਆਂ ਦੇ ਤਾਂ ਦੋਹੀਂ ਹੱਥੀਂ ਲੱਡੂ ਸਨ। ਪਹਿਲਾ, ਲੋਕਾਂ ਵਿਚ ਮਾਨਸਿਕ ਡਰ ਪੈਦਾ ਕਰਕੇ ਅਤੇ ਫਿਰ ਇਹਨਾਂ ਗ੍ਰਹਿਆਂ/ਨਛੱਤਰਾਂ ਦੇ ਮਾੜੇ ਪ੍ਰਭਾਵਾਂ ਨੂੰ ਘਟਾਉਣ ਜਾਂ ਖਤਮ ਕਰਨ ਲਈ ਦਾਨ-ਪੁੰਨ ਦੇ ਬਹਾਨੇ ਉਹਨਾਂ ਦਾ ਆਰਥਿਕ ਸ਼ੋਸ਼ਣ ਕਰਨਾ, ਦੂਜੇ ਹੱਥ... ਰਾਜੇ ਤੋਂ ਉਸਦੀ ਚਮਚਾਗਿਰੀ ਅਤੇ ਰਾਜੇ ਵਿਰੁੱਧ 'ਲੋਕ ਰੋਹ' ਨੂੰ ਖੇਰੂੰ ਖੇਰੂੰ ਕਰਨ ਵਿਚ ਨਿਭਾਈ ਭੂਮਿਕਾ ਕਰਕੇ 'ਵੱਡੇ ਇਨਾਮ' ਪ੍ਰਾਪਤ ਕਰਨਾ। ਉੱਧਰ ਰਾਜੇ ਵਲੋਂ ਇਹਨਾਂ ਜ਼ੋਤਿਸ਼ੀਆਂ ਦੀ ਜਾਨ-ਮਾਲ ਦੀ ਰਾਖੀ ਦੀ ਗਰੰਟੀ ਦੇਣਾ... ਇਹ ਸਭ ਕੁੱਝ ਇਕ 'ਦੁਸ਼-ਚੱਕਰ' ਦੇ ਰੂਪ ਵਿਚ ਕਈ ਸਦੀਆਂ ਤੱਕ ਚੱਲਦਾ ਰਿਹਾ ਅਤੇ ਅੱਜ ਵੀ ਬਕਾਇਦਾ ਚਲ ਰਿਹਾ ਹੈ ਅਤੇ ਸਭ ਤੋਂ ਦੁਖਦਾਇਕ ਪਹਿਲੂ ਇਹ ਕਿ 'ਜ਼ੋਤਿਸ਼ ਕਾਲਪਨਿਕ' ਹੁੰਦਾ ਹੋਇਆ ਵੀ ਭਾਰਤੀ ਸਮਾਜ਼ ਵਿਚ ਆਪਣੀਆਂ ਜੜ੍ਹਾਂ ਮਜਬੂਤ ਕਰਦਾ ਗਿਆ ਅਤੇ ਕਰ ਰਿਹਾ ਹੈ। ਤੀਜੇ, ਇੰਝ ਉਹ ਚਲਾਕ ਅਤੇ ਮੱਕਾਰ ਵਿਅਕਤੀ ਜਿਹਨਾਂ ਨੂੰ ਬ੍ਰਹਿਮੰਡ ਦੇ 108 ਹਿੱਸਿਆਂ ਬਾਰੇ ਗਿਆਨ ਹੁੰਦਾ ਸੀ ਉਹਨਾਂ ਨੂੰ ਰਾਜੇ ਵੱਲੋਂ ਸ੍ਰੀ 108 ਦੀ ਉਪਾਧੀ ਨਾਲ ਸਨਮਾਨਿਆ ਜਾਂਦਾ ਸੀ। ਪ੍ਰੰਤੂ ਅੱਜ ਜਣਾ-ਖਣਾ ਭਗਵੇਂ ਕੱਪੜੇ ਪਾ ਕੇ, ਮੱਥੇ ਤਿਲਕ ਲਗਾ ਕੇ ਸ੍ਰੀ ਸ੍ਰੀ 108 ਅਤੇ ਇਸ ਤੋਂ ਵੀ ਅੱਗੇ ਆਪਣੇ ਨਾਂ ਨਾਲ ਸ੍ਰੀ ਸ੍ਰੀ 1008 ਲਗਾ ਕੇ 'ਬ੍ਰਹਮ ਗਿਆਨੀ' ਬਣਿਆ ਫਿਰਦਾ ਹੈ। ਦੋਸਤੋ, ਤੁਸੀਂ ਰਾਸ਼ੀਆਂ ਅਤੇ ਨਛੱਤਰਾਂ ਦੀ ਜਾਣਕਾਰੀ ਨਾਲ ਅਜਿਹੇ ਪਾਖੰਡੀਆਂ ਦਾ ਸਹਿਜੇ ਹੀ ਪਰਦਾਫਾਸ਼ ਕਰ ਸਕਦੇ ਹੋ।

ਦੋਸਤੋ, ਹੁਣ ਤਾਂ ਤੁਸੀਂ ਆਪ ਹੀ ਵਿਚਾਰ ਕਰੋ ਕਿ ਜੇਕਰ ਨਾਮ ਤੁਸੀਂ ਆਪਣੀ ਪਸੰਦ ਦਾ ਰੱਖ ਲਿਆ ਜਾਂ ਕਿਸੇ ਹੋਰ ਗ੍ਰੰਥ ਵਿਚੋਂ ਕਢਵਾ ਲਿਆ... ਭਲਾ ਇਸ ਵਿਚ ਨਛੱਤਰ ਆਪਣੀ ਟੰਗ ਕਿਵੇ ਅੜਾ ਸਕਦਾ ਹੈ। ਦੂਜੇ, ਇਹ ਵੀ ਧਿਆਨ ਦੇਣ ਦੀ ਲੋੜ ਹੈ ਕਿ ਜੇਕਰ ਤੁਹਾਡਾ ਨਾਮ ਸੰਸ਼ਕ੍ਰਿਤ ਦੀਆਂ ਧੁਨੀਆਂ ਅਨੁਸਾਰ ਨਹੀਂ ਹੈ ਤਾਂ ਤੁਸੀਂ ਆਪਣੀ ਰਾਸ਼ੀ ਨਹੀਂ ਪੜ੍ਹ ਰਹੇ, ਸ਼ਾਇਦ ਕਿਸੇ ਹੋਰ ਦੀ ਰਾਸ਼ੀ ਪੜ੍ਹ ਕੇ ਹੀ ਖ਼ੁਸ਼ ਜਾਂ ਦੁਖੀ ਹੋ ਰਹੇ ਹੋ... ਭਾਵੇਂ ਕਿ ਇਹਨਾਂ 'ਮਨੋਕਲਪਿਤ ਅੰਦਾਜ਼ਿਆਂ' ਵਿੱਚ ਕੋਈ ਵੀ ਸਚਾਈ ਨਹੀਂ ਹੈ।

ਇਤਿਹਾਸਕ ਪੱਧਰ ਉਪਰ ਘੋਖਣ ਤੇ ਇਹਨਾਂ ਨਛੱਤਰਾਂ ਬਾਰੇ ਲਿਖਤੀ ਸਬੂਤ ਲਗਭਗ 5000 ਹਜ਼ਾਰ ਸਾਲ ਪਹਿਲਾਂ ਰਚਿਤ ਮੰਨੇ ਗਏ 'ਰਿਗਵੇਦ' ਦੇ 'ਜੋਤਿਸ਼ ਵੇਦਾਂਗ' ਵਿਚ ਮਿਲਦਾ ਹੈ ਭਾਵ ਰਿਗਵੇਦ ਵਿੱਚ ਸੂਰਜ, ਚੰਦ, ਗ੍ਰਹਿ ਅਤੇ ਨਛੱਤਰਾਂ ਬਾਰੇ 36 ਸਲੋਕ ਦਿੱਤੇ ਹੋਏ ਹਨ। ਇਹਨਾਂ ਨੂੰ ਹੀ 'ਜ਼ੋਤਿਸ਼ ਦਾ ਅਧਾਰ' ਮੰਨਿਆ ਗਿਆ ਹੈ। ਇਹਨਾਂ ਦਾ ਜਿਕਰ ਯਜੁਰਵੇਦ ਵਿੱਚ ਵੀ ਮਿਲਦਾ ਹੈ। ਯਜੁਰਵੇਦ ਵਿੱਚ 43 ਸਲੋਕ ਹਨ ਜਿਹੜੇ "ਦਰਸਪੁਰਾਨਾਮਾਸ" ਦੀ ਵਿਆਖਿਆ ਕਰਦੇ ਹਨ। ਹੁਣ ਤੁਹਾਡਾ ਸਵਾਲ ਹੋਵੇਗਾ ਕਿ ਇਹ "ਦਰਸਪੁਰਾਨਾਮਾਸ" ਦਾ ਕੀ ਅਰਥ ਹੈ? ਲਓ ਧਿਆਨ ਦਿਓ, ਇਸਦਾ ਮਤਲਬ ਹੈ ਚਾਰ ਮਹੀਨਿਆਂ ਬਾਅਦ ਦੇਣ ਵਾਲੀ ਬਲੀ। ਇੰਝ ਵੈਦਿਕ ਕਾਲ ਵਿੱਚ 'ਬਲੀ ਦੇਣਾ' ਅਤੇ ਬਾਕੀ 'ਸਮਾਜਕ ਰੀਤੀ ਰਿਵਾਜਾਂ' ਲਈ 'ਮਿਤੀਆਂ ਤਹਿ ਕਰਨ' ਸਮੇਂ ਨਛੱਤਰਾਂ ਦੀ ਵਰਤੋਂ ਕਰਨ ਨਾਲ ਹੀ ਵੈਦਿਕ ਕੈਲੰਡਰ ਦਾ ਜਨਮ ਹੋਇਆ ਸੀ।

ਨਛੱਤਰ ਅਸਲ ਵਿੱਚ ਤਾਰਾ-ਸਮੂਹ ਵੀ ਹੋ ਸਕਦੇ ਹਨ ਅਤੇ ਉਹਨਾਂ ਵਿੱਚੋਂ ਇੱਕ ਤਾਰੇ ਨੂੰ ਨਛੱਤਰ ਕਿਹਾ ਜਾਂਦਾ ਹੈ। ਚੰਦ ਦੀ ਸਥਿਤੀ ਹਰ ਰਾਤ ਨੂੰ ਕਿਸੇ ਨਾ ਕਿਸੇ ਤਾਰੇ ਕੋਲ ਹੁੰਦੀ ਹੈ। ਭਾਵ 27 ਰਾਤਾਂ ਵਿੱਚ 27 ਤਾਰੇ ਅਜਿਹੇ ਹਨ ਜਿਨ੍ਹਾਂ ਦੇ ਨੇੜੇ ਤੋਂ ਨੇੜੇ ਚੰਨ ਸਥਿਤ ਨਜ਼ਰ ਆਉਂਦਾ ਹੈ। ਇੰਝ ਪੁਰਾਤਨ ਭਾਰਤ ਕੋਲ 7 ਦੀ ਬਜਾਏ 27 ਦਿਨ ਸਨ।

ਹੁਣ ਤੁਹਾਡੀ ਜਿਗਿਆਸਾ ਜਰੂਰ ਇੱਥੇ ਅਟਕੀ ਹੋਵੇਗੀ ਕਿ ਕੀ ਚੰਦ ਦਾ ਕਿਸੇ ਖਾਸ ਨਛੱਤਰ ਕੋਲ ਹੋਣਾ, ਸਾਨੂੰ ਪ੍ਰਭਾਵਤ ਕਰਦਾ ਹੋਵੇਗਾ ? ਤਾਰੇ ਤਾਂ ਸਾਡੇ ਤੋਂ ਅਰਬਾਂ-ਖਰਬਾਂ ਕਿਲੋਮੀਟਰ ਦੂਰ ਹਨ ਅਤੇ ਆਪਸ ਵਿਚ ਵੀ ਅਰਬਾਂ ਖਰਬਾਂ ਕਿਲੋਮੀਟਰ ਦੂਰ ਹਨ। ਚੰਦ ਅਤੇ ਨਛੱਤਰ (ਤਾਰੇ) ਬਹੁਤ ਨੇੜੇ ਨੇੜੇ ਨਜ਼ਰ ਆਉਂਦੇ ਹਨ। ਇਹ ਸਾਡੀ ਨਜ਼ਰ ਦਾ ਭੁਲੇਖਾ ਹੈ। ਜਦੋਂ ਕਿ ਚੰਦ ਵੀ ਤਾਰਿਆਂ ਤੋਂ ਅਰਬਾਂ-ਖਰਬਾਂ ਕਿਲੋਮੀਟਰ ਧਰਤੀ ਵੱਲ ਹੈ। ਫਿਰ ਅਸਰ ਜਾਂ ਬੇ-ਅਸਰ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।


ਦੋਸਤੋ, ਰਾਸ਼ੀ ਵਿਚ ਹਰ ਇਕ ਨਛੱਤਰ 13 ਡਿਗਰੀ 20 ਮਿੰਟ ਦੇ ਕੋਣਿਕ ਖੇਤਰ ਜਿੰਨਾ ਹੁੰਦਾ ਹੈ ਜਾਂ ਇਹ ਕਹਿ ਲਵੋ ਕਿ ਚੰਦ ਇੱਕ ਨਛੱਤਰ ਨੂੰ ਪਾਰ ਕਰਨ ਵਿਚ ਵਿਚ ਕਿੰਨਾ ਸਮਾਂ ਲਗਾਉਂਦਾ ਹੈ। ਇਸ ਵਿਗਿਆਨਕ ਤੱਥ ਤੋਂ ਇਹ ਸਿੱਧ ਹੁੰਦਾ ਹੈ ਕਿ ਚੰਦ ਅਧਾਰਤ ਸਮੇਂ ਦਾ ਕੈਲੰਡਰ ਬਣਾਉਣ ਲਈ ਇਹ ਗਿਣਤੀਮਿਣਤੀ ਕੀਤੀ ਗਈ ਸੀ ਪਰ ਚਲਾਕ ਲੋਕਾਂ ਨੇ ਇਸ ਸਭ ਕੁੱਝ ਨੂੰ ਮਨੁੱਖ ਦੀ ਕਿਸਮਤ ਨਾਲ ਜੋੜ ਕੇ ਡਰ/ਸਹਿਮ ਪੈਦਾ ਕਰਕੇ ਆਪਣੀ ਕਮਾਈ ਦਾ ਸਾਧਨ ਬਣਾ ਲਿਆ।

ਦੋਸਤੋ, ਆਓ ਮਿਣਤੀ ਕਰੀਏ ਕਿ ਇੱਕ ਨਛੱਤਰ ਕਿੰਨ੍ਹੇ ਡਿਗਰੀ ਦਾ ਹੁੰਦਾ ਹੈ : ਦਿਨ-ਰਾਤ ਦੇ ਇਕ ਪੂਰੇ ਚੱਕਰ ਦਾ ਕੋਣ 360 ਡਿਗਰੀ ਹੁੰਦਾ ਹੈ। ਇੱਕ ਡਿਗਰੀ ਵਿਚ 60 ਮਿੰਟ ਹੁੰਦੇ ਹਨ ਭਾਵ 360 ਡਿਗਰੀ ਗੁਣਾ 60 ਮਿੰਟ ਬਰਾਬਰ ਹੈ 21600 ਮਿੰਟ.. ਇਹਨਾਂ 21600 ਮਿੰਟਾਂ ਨੂੰ 27 ਨਾਲ ਵੰਡ ਕਰਨ 'ਤੇ ਪ੍ਰਾਪਤ ਹੁੰਦਾ ਹੈ 800 ਮਿੰਟ ਅਤੇ ਇਹਨਾਂ 800 ਮਿੰਟਾਂ ਨੂੰ 60 ਨਾਲ ਵੰਡ ਕੇ ਪ੍ਰਾਪਤ ਹੁੰਦਾ ਹੈ 13 ਡਿਗਰੀ ਅਤੇ 20 ਮਿੰਟ... ਇਸਦਾ, ਮਤਲਬ ਇਹ ਹੋਇਆ ਇਕ ਨਛੱਤਰ 13 ਦਰਜ਼ੇ 20 ਮਿੰਟ ਦਾ ਹੁੰਦਾ ਹੈ। ਪ੍ਰੰਤੂ ਇੱਕ ਰਾਸ਼ੀ ਹੁੰਦੀ ਹੈ 30 ਡਿਗਰੀ ਦੀ। ਸੋ ਸਿੱਟਾ ਇਹ ਨਿਕਲਿਆ ਕਿ ਇੱਕ ਰਾਸ਼ੀ ਵਿਚ 2 ਨਛੱਤਰਾਂ ਤੋਂ ਵੱਧ ਲਗਭਗ ਸਵਾ ਕੁ ਦੋ ਨਛੱਤਰ ਹੁੰਦੇ ਹਨ ਅਤੇ ਤੀਜਾ ਨਛੱਤਰ ਅਗਲੀ ਰਾਸ਼ੀ ਵਿਚ ਜਾ ਕੇ ਪੂਰਾ ਹੁੰਦਾ ਹੈ।

ਇਹ ਸਭ ਕੁੱਝ ਦੀ ਗਿਣਤੀ ਮਿਣਤੀ ਇੱਕ ਮਹੀਨੇ ਅਤੇ ਸਾਲ ਦਾ ਕੈਲੰਡਰ ਬਣਾਉਣ ਲਈ ਬਹੁਤ ਜਰੂਰੀ ਸੀ ਅਤੇ ਇਹ ਸਭ ਕੁੱਝ ਜੋਤਿਸ਼ੀਆਂ ਨੇ ਨਹੀਂ ਸਗੋਂ ਵਿਗਿਆਨੀਆਂ ਨੇ ਕੀਤਾ ਹੈ ।

ਸਾਥੀਓ, ਗੱਲਾਂ ਗੱਲਾਂ ਵਿਚ ਕਿਧਰੇ ਤੁਹਾਡਾ ਇਕ ਪ੍ਰਸ਼ਨ ਅਧੂਰਾ ਹੀ ਨਾ ਰਹਿ ਜਾਵੇ. ਕਿ 28ਵਾਂ ਨਛੱਤਰ ਕਿਹੜਾ ਹੋਇਆ ? ਅਸਲ ਵਿੱਚ ਪੂਰਨਮਾਸੀ ਨਾਲ ਪੂਰਾ ਹੋਣ ਵਾਲੇ ਮਹੀਨੇ ਦੀ ਵਿਧੀ ਅਨੁਸਾਰ, ਚੰਦ ਜਿਸ ਨਛੱਤਰ ਕੋਲ ਪੂਰਨਮਾਸੀ ਵਾਲੇ ਦਿਨ ਹੁੰਦਾ ਹੈ। ਉਸ ਮਹੀਨੇ ਦਾ ਨਾਮ ਉਸ ਨਛੱਤਰ ਤੋਂ ਹੀ ਰੱਖਿਆ ਗਿਆ ਹੈ। ਪਰੰਤੂ ਜਿਸ ਸਾਲ ਵਿੱਚ 13 ਮਹੀਨੇ ਹੁੰਦੇ ਹਨ ਭਾਵ 'ਲੌਂਣ' ਦਾ ਮਹੀਨਾ ਹੁੰਦਾ ਹੈ. ਜਿਵੇਂ ਦੋ ਸਾਵਣ ਜਾਂ ਦੋ ਭਾਦੋਂ ਦੇ ਮਹੀਨੇ ਉਸ ਸਾਲ ਇਹ 28 ਨਛੱਤਰ ਸਾਹਮਣੇ ਆਉਂਦਾ ਹੈ। ਉਸ ਸਾਲ ਇਸ ਵਾਧੂ ਮਹੀਨੇ ਦੀ ਪੂਰਨਮਾਸੀ 28ਵੇਂ ਨਛੱਤਰ ਕੋਲ ਲਗਦੀ ਹੈ।

ਦੋਸਤੋ, ਆਓ ਅਸੀਂ ਨਛੱਤਰਾਂ ਦੀ ਗਿਣਤੀ ਸੁਰੂ ਕਰੀਏ। ਚਲੋ ਅਹੁ ਵੇਖੋ ਪਹਿਲੀ ਰਾਸ਼ੀ "ਮੇਖ" ਦੇ ਤਾਰੇ 'ਬੀਟਾ ਏਰਾਈਟਸ' ਅਤੇ 'ਗੈਮਾ ਏਰਾਈਟਸ' ਵੱਲ (ਚਿੱਤਰ ਨੰ: 1) ਇਥੋਂ ਸੁਰੂ ਹੁੰਦੀ ਹੈ ਨਛੱਤਰਾਂ ਦੀ ਗਿਣਤੀ। ਇਹ ਜ਼ੀਰੋ (0) ਡਿਗਰੀ ਤੋਂ ਸ਼ੁਰੂ ਹੋ ਕੇ 13 ਡਿਗਰੀ ਅਤੇ 20 ਮਿੰਟ ਤੇ ਪੂਰੀ ਹੋ ਜਾਂਦੀ ਹੈ (ਚਿੱਤਰ ਨੰ: 3) ਭਾਵ ਜਦੋਂ ਚੰਦ ਇਹਨਾਂ ਦੇ ਪਿੱਠਵਰਤੀ ਖੇਤਰ ਵਿਚੋਂ ਗੁਜਰਦਾ ਨਜ਼ਰ ਆਉਂਦਾ ਹੈ ਤਾਂ ਉਹ ਹੋਇਆ 'ਅਸ਼ਵਨੀ ਨਛੱਤਰ'। ਫਿਰ 13 ਡਿਗਰੀ 20 ਮਿੰਟ ਤੋਂ



ਚਿੱਤਰ ਨੰ : 1

ਸੁਰੂ ਹੋ ਕੇ 26 ਡਿਗਰੀ 40 ਮਿੰਟ ਤੱਕ ਹੋਇਆ 'ਭਰਣੀ ਨਛੱਤਰ' ਅਤੇ ਇਹ 'ਮੇਖ' ਰਾਸ਼ੀ ਤਾਰਾ ਨੰਬਰ 35, 39 ਅਤੇ 41 ਦੇ ਵਿਚਕਾਰ ਦਾ ਖੇਤਰ ਅਤੇ ਇੰਝ ਚੜ੍ਹਿਆ ਦੂਜਾ ਦਿਨ।


ਦੋਸਤੋ, ਤੀਜਾ ਦਿਨ ਸ਼ੁਰੂ ਹੋਇਆਂ 'ਮੇਖ' ਰਾਸ਼ੀ ਦੇ 26 ਡਿਗਰੀ 40 ਮਿੰਟ ਤੋਂ ਅਤੇ ਪੂਰਾ ਹੋਇਆ ਕ੍ਰਿਤਿਕਾ 'ਤਾਰਾ ਸਮੂਹ' ਦੇ 10 ਡਿਗਰੀ ਤੱਕ। ਅਤੇ ਇੰਝ ਤੀਜਾ ਦਿਨ 'ਮੇਖ' ਰਾਸ਼ੀ ਵਿਚ ਸ਼ੁਰੂ ਹੋਇਆ ਸੀ ਅਤੇ ਕ੍ਰਿਤਿਕਾ ਰਾਸ਼ੀ ਦੇ 10 ਦਰਜੇ ਦੇ ਕੋਣਿਕ ਹਿੱਸੇ ਵਿਚ ਪੂਰਾ ਹੋਇਆ ।

ਹੁਣ ਸਵਾਲ ਉਠਦਾ ਹੈ ਕਿ ਇਸ ਦਿਨ ਜਨਮੇ ਬੱਚੇ ਨੂੰ ਜ਼ੋਤਿਸ਼ੀ ਕਿਹੜੀ ਰਾਸ਼ੀ ਵਿਚ ਅਤੇ ਕਿਹੜੇ ਨਛੱਤਰ ਵਿਚ ਰੱਖਣਗੇ ? ਕਿਉਂਕਿ ਕ੍ਰਿਤਿਕਾ ਨਛੱਤਰ ਦੋ ਰਾਸ਼ੀਆਂ ਵਿਚ ਆਉਂਦਾ ਹੈ... ਬਸ ਸਾਥੀਓ ਇਹ 'ਬ੍ਰਹਮ ਗਿਆਨ' ਹੀ ਤੁਹਾਨੂੰ ਜ਼ੋਤਿਸ਼ੀਆਂ ਅਤੇ ਪਾਖੰਡੀਆਂ ਦੀ ਲੁੱਟ ਤੋਂ ਬਚਾਉਣ ਲਈ ਇਕ ਬਹੁਤ ਵੱਡਾ ਹਥਿਆਰ ਹੈ।


ਪਰ ਇੱਥੇ ਸ਼ਪਸ਼ਟ ਕਰ ਦੇਣਾ ਬਣਦਾ ਹੈ ਕਿ ਸੱਚ ਇਹ ਹੈ ਕਿ ਚੰਦ ਆਪਣਾ ਨਛੱਤਰ(ਆਪਣੀ ਸਥਿਤੀ) ਤਾਂ ਦਿਨ ਵਿਚ ਵੀ ਬਦਲਦਾ ਰਹਿੰਦਾ ਹੈ ਭਾਵ ਇੱਕ ਦਿਨ ਵਿਚ ਦੋ ਨਛੱਤਰ ਹੋ ਸਕਦੇ ਹਨ ਅਤੇ ਅਸਲ ਵਿਚ ਹੁੰਦੇ ਵੀ ਹਨ ਪਰ ਜ਼ੋਤਿਸ਼ੀ ਅਜਿਹਾ ਸੱਚ ਕਦੇ ਵੀ ਦੱਸਣ ਨੂੰ ਤਿਆਰ ਨਹੀਂ ਹੁੰਦੇ।

ਦੋਸਤੋ, ਆਓ ਦਿਨ ਜਾਂ ਚੰਦ ਦੀਆਂ "ਥਿਤੀਆਂ" (ਤਿੱਥੀਆਂ) ਬਾਰੇ ਅਸ਼ੀਂ ਹੋਰ ਸ਼ਪਸ਼ਟ ਹੋ ਲਈਏ। ਤਿਥੀ ਕੀ ਹੁੰਦੀ ਹੈ ? ਜਿਵੇਂ ਸੂਰਜ ਦਾ ਦਿਨ ਰਾਤ ਹੁੰਦਾ ਹੈ। ਚੰਦ ਦੀ ਸਿਰਫ਼ ਤਿਥ ਮੰਨੀ ਗਈ ਹੈ। ਕਿਉਂਕਿ ਦਿਨ/ਰਾਤ ਬਨਣ ਦਾ ਕਾਰਨ ਚੰਦ ਨਹੀਂ ਹੈ। ਇਸ ਲਈ ਚੰਦ ਦੇ ਸੂਰਜ ਤੋਂ 13 ਦਰਜੇ 20 ਮਿੰਟ ਦੇ ਕੋਣ ਉਪਰ ਦੂਰ ਹੱਟਣ ਨੂੰ ਇੱਕ ਤਿਥੀ ਮੰਨਿਆ ਗਿਆ ਹੈ। ਹੁਣ ਤੁਹਾਡਾ ਸਵਾਲ ਹੋਵੇਗਾ ਕਿ ਚੰਦ ਦੀ ਤਿਥੀ ਵਿੱਚ ਦਿਨ ਰਾਤ ਨਹੀਂ ਤਾਂ ਕੀ ਹੁੰਦਾ ਹੈ। ਇਸ ਨੂੰ "ਕਰਨਮ" ਕਿਹਾ ਜਾਂਦਾ ਹੈ ਭਾਵ ਅੱਧੀ ਤਿਥੀ। ਪਰ ਕਦੇ-ਕਦੇ ਇੱਕੋ ਤਿਥੀ ਦੋ ਦਿਨਾਂ ਤੱਕ ਰਹਿੰਦੀ ਹੈ ਜਿਵੇਂ ਕਿਸੇ ਮਹੀਨੇ 'ਦੋ ਦਸਵੀਆਂ' ਜਾਂ 'ਦੋ ਅੱਠੇਂ' ਆਦਿ, ਇਸ ਦਾ ਕੀ ਕਾਰਨ ਹੈ ਚੰਦ ਦੀ ਤਿਥੀ 19 ਘੰਟੇ ਤੋਂ ਲੈ ਕੇ 26 ਘੰਟੇ ਤੱਕ ਲੰਬੀ ਹੋ ਸਕਦੀ ਹੈ। ਸੋ ਜਿਹੜੀ ਤਿਥੀ 26 ਘੰਟੇ ਲੰਮੀ ਹੁੰਦੀ ਹੈ ਅਤੇ ਉਹ ਸੂਰਜ ਨਿਕਲਣ ਸਮੇਂ ਹੁੰਦੀ ਹੈ ਅਤੇ ਦੂਜੀ ਸਵੇਰ ਭਾਵ 24 ਘੰਟੇ ਬਾਅਦ ਵੀ ਉਹੀ ਤਿਥੀ ਰਹਿ ਸਕਦੀ ਹੈ। ਇਸ ਕਰਕੇ ਕਦੇ-ਕਦੇ ਚੰਦ ਦੀ ਇੱਕ ਤਿਥੀ, ਦੋ ਸੂਰਜੀ ਦਿਨਾਂ ਤੱਕ ਚਲੀ ਜਾਂਦੀ ਹੈ।

ਦੋਸਤੋ, ਆਓ ਵੇਖੀਏ ਕਿ 27 ਦਿਨਾਂ ਤੋਂ ਸੱਤ ਦਿਨ ਵਾਲਾ ਕੈਲ਼ੰਡਰ ਕਿਵੇਂ ਬਣਿਆ ਅਤੇ ਹੈਰਾਨੀ ਵਾਲੀ ਗੱਲ ਇਹ ਵੀ ਹੈ ਕਿ ਪਹਿਲਾਂ ਦਿਨ ਸੋਮਵਾਰ, ਫਿਰ ਮੰਗਲਵਾਰ, ਫਿਰ ਬੁਧਵਾਰ ਇਹ ਇੰਝ ਹੀ ਕਿਉਂ ਰੱਖੇ ਗਏ ਹਨ। ਪਹਿਲਾ ਮੰਗਲਵਾਰ ਕਿਉਂ ਨਹੀਂ... ਭਾਵ ਸੋਮਵਾਰ, ਮੰਗਲਵਾਰ ਤੋਂ ਬਾਅਦ ਕਿਉਂ ਨਹੀਂ ਆ ਜਾਂਦਾ ? ਸਵਾਲ ਟੇਢਾ ਤਾਂ ਹੈ ਪਰ



ਚਿਤਰ 2



ਮੁਸ਼ਕਿਲ ਨਹੀਂ ਹੈ .. ਚਲੋ, ਦਿਓ ਧਿਆਨ... ਦਿਨਾਂ ਦੇ ਨਾਮ ਗ੍ਰਹਿਆਂ ਦੀਆਂ ਗਤੀਆਂ ਦੇ ਕ੍ਰਮ ਅਨੁਸਾਰ ਰੱਖੇ ਗਏ ਹਨ। ਜੋਤਿਸ਼ ਵਿੱਚ ਸੂਰਜ, ਚੰਦ ਨੂੰ ਵੀ ਗ੍ਰਹਿ ਮੰਨਿਆ ਗਿਆ ਹੈ, ਅਤੇ ਇੰਝ ਸੂਰਜ, ਚੰਦ, ਬੁੱਧ, ਸ਼ੁੱਕਰ, ਮੰਗਲ, ਬ੍ਰਹਿਸਪਤੀ ਅਤੇ ਸ਼ਨੀ ਨਾਲ ਕੁੱਲ ਗ੍ਰਹਿ ਹੋਏ ਸੱਤ (7)। ਪਰ, ਚੰਦ ਤਾਂ ਉਪ ਗ੍ਰਹਿ ਹੈ ਅਤੇ ਸੂਰਜ ਵੀ ਇਕ ਤਾਰਾ ਹੈ। ਇਸੇ ਕਰਕੇ ਤਾਂ ਜੋਤਿਸ਼ ਦੀ ਸ਼ੁਰੂਆਤ ਹੀ ਗਲਤ ਹੈ। ਚਲੋ ਗਲਤ ਹੀ ਸਹੀ... ਅਸੀਂ ਆਪਣੇ ਪ੍ਰਸ਼ਨ ਵੱਲ ਮੁੜਦੇ ਹਾਂ... ਅੰਦਾਜ਼ਾ ਲਗਾਓ ਕਿ ਕਿਹੜਾ ਗ੍ਰਹਿ ਸਭ ਤੋਂ ਤੇਜ ਅਤੇ ਸਭ ਤੋਂ ਹੌਲੀ ਗਤੀ ਕਰਦਾ ਹੈ ? ਸ਼ਪਸ਼ਟ ਹੈ ਕਿ ਚੰਦ ਸਭ ਤੋਂ ਤੇਜ ਗਤੀ ਕਰਦਾ ਹੈ ਫਿਰ ਕ੍ਰਮ ਅਨੁਸਾਰ ਬੁੱਧ, ਸ਼ੁੱਕਰ, ਸੂਰਜ, ਮੰਗਲ, ਬ੍ਰਹਿਸਪਤੀ ਅਤੇ ਸ਼ਨੀ ਆਉਂਦੇ ਹਨ। ਭਾਵ ਸ਼ਨੀ ਦੀ ਗਤੀ ਸਭ ਤੋਂ ਘੱਟ ਹੁੰਦੀ ਹੈ। ਜੇਕਰ ਸ਼ਨੀ ਨੂੰ ਪਹਿਲੇ ਸਥਾਨ ਉੱਪਰ ਮੰਨੀਏ ਤਾਂ ਦੁਬਾਰਾ ਇਸ ਦਾ ਉਹੀ ਸਥਾਨ 8ਵੇਂ ਫਿਰ 15ਵੇਂ, ਫਿਰ 22ਵੇਂ ਸਥਾਨ ਤੇ ਆਵੇਗਾ ਅਤੇ 23ਵੇਂ ਵੀ ਸਥਿਤੀ ਬਣੇਗੀ ਬ੍ਰਹਿਸਪਤੀ ਦੀ, 24ਵੀਂ ਬਣੇਗੀ ਮੰਗਲ ਦੀ। ਅਤੇ ਹੋ ਗਏ 24 ਘੰਟੇ ਪੂਰੇ।

ਹੁਣ ਅਗਲੇ ਦਿਨ ਦਾ ਪਹਿਲਾ ਘੰਟਾ ਸ਼ੁਰੂ ਹੋਵੇਗਾ 25ਵੇਂ ਸਥਾਨ ਉਪਰਲੇ ਸੂਰਜ ਗ੍ਰਹਿ ਦੇ ਨਾਮ ਤੇ ਭਾਵ ਅੰਗਰੇਜੀ ਵਿੱਚ **Sun**। ਤਾਂ ਸ਼ਨੀ ਤੋਂ ਬਾਅਦ ਬਣਿਆ ਅਗਲਾ ਦਿਨ (**Sunday**) ਭਾਵ ਐਤਵਾਰ। ਇਸ ਤਰਾਂ 24 ਘੰਟਿਆਂ ਦੀ ਸਥਿਤੀ ਤੋਂ ਬਾਅਦ ਜਿਸ ਗ੍ਰਹਿ ਦੇ ਹਿੱਸੇ 25ਵਾਂ ਘੰਟਾ ਭਾਵ ਅਗਲੇ ਦਿਨ ਦਾ ਪਹਿਲਾ ਘੰਟਾ ਆਉਂਦਾ ਹੈ। ਉਸ ਦਿਨ ਦਾ ਉਹੀ ਨਾਮ ਹੁੰਦਾ ਹੈ। ਕਿੰਨੀ ਵਧੀਆ ਗਿਣਤੀ ਮਿਣਤੀ ਕੀਤੀ ਹੈ ਤਾਰਾ ਵਿਗਿਆਨ ਨੇ। ਪਰ ਜੋਤਿਸ਼ੀਆਂ ਨੇ ਦਿਨਾਂ ਨੂੰ ਵੀ ਚੰਗੇ ਮਾੜੇ ਬਣਾ ਛੱਡਿਆ ਹੈ। ਇਹ ਚੰਗੇ ਮਾੜੇ ਦਾ ਫਰਕ ਵੀ ਜੋਤਿਸ਼ ਦੀ ਬੇਤੁਕੀ ਕਾਢ ਹੈ। ਚੰਗੇ ਕੰਮ ਕਰੋ ਸਾਰੇ ਦਿਨ ਚੰਗੇ ਅਤੇ ਮਾੜੇ ਕੰਮ ਕਰੋ ਸਾਰੇ ਦਿਨ ਮਾੜੇ। ਇਸੇ ਲਈ ਤਾਂ ਕਿਹਾ ਹੈ "ਥਿਤ ਵਾਰ ਨਾ ਯੋਗੀ ਜਾਣੈ, ਰੁਤ ਮਾਹ ਨਾ ਕੋਇ"॥

ਇਸੇ ਤਰ੍ਹਾਂ ਜੇਕਰ ਅਸੀਂ ਚੁਣਦੇ ਹਾਂ ਧਨੁ (**Sagittarius**) ਰਾਸ਼ੀ (ਕਿਉਂਕਿ ਬਾਅਦ ਵਿਚ ਇਸਦੇ ਵਿਚੋਂ ਦੀ ਲੰਘ ਕੇ ਹੀ ਅਸੀਂ ਆਪਣੀ ਅਕਾਸ਼ਗੰਗਾ ਦੇ ਕੇਂਦਰ ਵੱਲ ਯਾਤਰਾ ਕਰਾਂਗੇ)। ਧਨੁ ਰਾਸ਼ੀ ਨੂੰ ਤਿੰਨ ਹਿੱਸਿਆਂ/ਨਛੱਤਰਾਂ ਵਿਚ ਵੰਡਿਆ ਹੋਇਆ ਹੈ : ਮੂਲਾ, ਪੂਰਵ-ਅਸਾੜਾ ਅਤੇ ਉੱਤਰ-ਅਸਾੜਾ। ਚੰਦ ਇਕ ਦਿਨ 'ਮੂਲਾ ਨਛੱਤਰ' ਵਿਚ ਰਹਿੰਦਾ ਹੈ ਅਤੇ ਪੁਰਾਤਨ ਭਾਰਤੀ ਵੈਦਿਕ ਕੈਲੰਡਰ ਅਨੁਸਾਰ ਇਸ ਦਿਨ ਦਾ ਨਾਮ ਵੀ 'ਮੂਲਾ' ਹੀ ਹੈ। ਕਮਾਲ ਦੀ ਗੱਲ ਇਹ ਜਨਮ ਸਮੇਂ ਬਹੁਤੇ ਨਾਂ ਇਹਨਾਂ ਦਿਨਾਂ ਦੇ ਨਾਵਾਂ ਉਪਰ ਹੀ ਜੋਤਿਸ਼ੀਆਂ ਵਲੋਂ ਰੱਖਵਾਏ ਜਾਂਦੇ ਸਨ ਜਿਵੇਂ ਮੂਲਾ ਖੱਤਰੀ, ਮੂਲ ਚੰਦ ਆਦਿ ਅਤੇ ਕਈ ਵਾਰ ਜਦੋਂ ਜ਼ੋਤਿਸ਼ੀ ਨਹੀਂ ਮਿਲਦਾ ਸੀ ਤਾਂ ਬੱਚੇ ਦਾ ਨਾਂ... ਖਾਸ ਤੌਰ ਤੇ ਲੜਕੇ ਦਾ ਨਾਂ ਨਛੱਤਰ ਸਿੰਘ ਆਪ ਹੀ ਰੱਖ ਲਿਆ ਜਾਂਦਾ ਸੀ/ਹੈ। ਦੋਸਤੋ, ਨਛੱਤਰਾਂ ਦੀ ਅਜੀਬੋ ਗਰੀਬ ਦੁਨੀਆ ਵਿਚੋਂ ਨਿਕਲਣ ਨੂੰ ਦਿਲ ਤਾਂ ਨਹੀਂ ਕਰਦਾ ਪਰ ਤੁਹਾਡੇ ਹਰਮਨ ਪਿਆਰੇ ਮੈਗਜ਼ੀਨ 'ਤਰਕਸ਼ੀਲ' ਨੇ ਆਪਾਂ ਨੂੰ ਵੀ ਕੁੱਝ ਥਾਂ (ਪੰਨੇ/ਨਛੱਤਰ) ਹੀ ਦੇਣੇ ਹਨ। ਇੰਝ ਆਪਾਂ ਨੂੰ ਵੀ ਇਸਦੇ ਖੇਤਰ ਨੂੰ ਧਿਆਨ ਵਿਚ ਰਖਦੇ ਹੋਏ ਆਪਣੀ ਵਿਆਖਿਆ ਸਮੇਟਣੀ ਪੈ ਰਹੀ ਹੈ ਬਾਕੀ ਯਾਤਰਾ ਜਾਰੀ ਹੈ ਨਾਲ ਚਲਦੇ ਰਹਿਣਾ।

ਲੈਕਚਰਾਰ, **DIET** ਸੰਗਰੂਰ, **94634-89789**

ਚੁੱਕੋ ਕਲਮ .... ਲਿਖੋ ਵਿਚਾਰ

ਪਾਠਕਾਂ ਨੂੰ ਅਦਾਰੇ ਵੱਲੋਂ ਆਪਣੇ ਵਿਚਾਰ ਪ੍ਰਗਟਾਉਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ।

ਵਿਸ਼ਾ:- ਅਜੋਕੀ ਸਿੱਖਿਆ ਪ੍ਰਣਾਲੀ ਦਾ ਵਿਗਿਆਨਕ ਦ੍ਰਿਸ਼ਟੀਕੋਣ ਬਨਾਉਣ ਵਿੱਚ ਕੀ ਰੋਲ ਹੈ ?

-ਵਿਚਾਰ ਗਲਪ ਜਾਂ ਕਾਵਿ ਕਿਸੇ ਭੀ ਰੂਪ ਵਿੱਚ ਹੋ ਸਕਦੇ ਹਨ ਭਾਵ ਵਿਧਾ ਕਵਿਤਾ, ਮਿੰਨ੍ਹੀ ਕਹਾਣੀ, ਲੇਖ ਕੋਈ ਭੀ ਹੋ ਸਕਦੀ ਹੈ।

-ਵੱਧ ਤੋਂ ਵੱਧ 150 ਸ਼ਬਦਾਂ ਵਿੱਚ ਲਿਖਿਆ ਜਾਵੇ ।

-ਕਿਸੇ ਭੀ ਉਮਰ ਵਰਗ ਦਾ ਪਾਠਕ ਇਸ ਮੁਕਾਬਲੇ ਵਿੱਚ ਹਿੱਸਾ ਲੈ ਸਕਦਾ ਹੈ ।

-ਲਿਖਤ ਹਰ ਹਾਲਤ ਵਿੱਚ ਦਸਤੀ ਜਾਂ ਡਾਕ ਰਾਹੀਂ 10 ਅਗਸਤ ਤੱਕ ਮੁੱਖ ਦਫ਼ਤਰ ਦੇ ਪਤੇ 'ਤੇ ਪੁੱਜ ਜਾਣੀ ਚਾਹੀਦੀ ਹੈ। ਇਹ **e-mail** ਰਾਹੀਂ ਭੀ ਭੇਜੀ ਜਾ ਸਕਦੀ ਹੈ ।

-ਸੰਪਾਦਕੀ ਮੰਡਲ ਵੱਲੋਂ ਰਚਨਾਵਾਂ ਦਾ ਅਧਿਐਨ ਕਰਕੇ ਵਿਚਾਰ-ਵਟਾਂਦਰੇ ਉਪਰੰਤ ਚੋਣਵੀਆਂ ਤਰਕ ਅਧਾਰਿਤ ਮਿਆਰੀ ਰਚਨਾਵਾਂ ਨੂੰ ਮੈਗਜ਼ੀਨ ਦੇ ਅਗਲੇ ਅੰਕਾਂ ਵਿੱਚ ਸਥਾਨ ਦਿੱਤਾ ਜਾਵੇਗਾ ।

'ਤਰਕਸ਼ੀਲ' ਨੂੰ ਰਚਨਾਵਾਂ ਭੇਜਣ ਲਈ ਈ. ਮੇਲ. ਪਤਾ

ਅੱਗੇ ਤੋਂ ਰਚਨਾਵਾਂ, ਰਿਪੋਰਟਾਂ ਤੇ ਹਰ ਕਿਸਮ ਦਾ ਮੈਟਰ ਹੇਠ ਲਿਖੇ e-mail ਪਤੇ ਤੇ ਹੀ ਭੇਜਿਆ ਜਾਵੇ ਜੀ।


magazinetaraksheel@rediffmail.com

ਅੱਜ ਕੱਲ ਸੋਸਲ ਮੀਡੀਆ ਲੋਕ ਮਨਾਂ 'ਚ ਘਰ ਕਰ ਰਿਹਾ ਹੈ, ਇਸ ਦੀ ਹੋ ਰਹੀ ਦੁਰਵਰਤੋਂ ਦੇ ਨਾਲ ਨਾਲ ਹਾਂ ਪੱਖੀ ਰੁਝਾਨ ਵੀ ਜ਼ਿਕਰਯੋਗ ਹੈ, ਨਵੇਂ ਰਾਹ ਤਲਾਸ਼ਦੇ ਲੋਕਾਂ ਦੇ ਵਿਚਾਰਾਂ ਨੂੰ ਇਸ ਕਾਲਮ ਚ ਪਰੋ ਕੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।

... ਅਦਾਰਾ

ਸੱਚ-ਸੱਚ

- ਮੱਖਣ ਛੋਟਾਘਰ



ਔਹ ਕਿਸਦੀ ਤਸਵੀਰ ਹੈ ਸੱਜਣਾ,
ਗਲ਼ ਵਿੱਚ ਜਿਸਦੇ ਲੀਰ ਹੈ ਸੱਜਣਾ।
ਹਿੰਦਸਤਾਨ ਦਾ ਵਾਸੀ ਲੱਗਦਾ,
ਬਾਹਲਾ ਕੋਈ ਫਕੀਰ ਹੈ ਸੱਜਣਾ।

ਮੈਂ ਜਦ ਉਸ ਤਸਵੀਰ ਤੋਂ ਪੁੱਛਿਆ,
ਕਹਿੰਦਾ 'ਬੱਸ ਅਖੀਰ ਹੈ ਸੱਜਣਾ।
ਮੈਂ ਕਿਉਂ ਏਸ ਮੁਲਕ ਵਿੱਚ ਜੰਮਿਆ,
ਫੁੱਟ ਗਈ ਤਕਦੀਰ ਹੈ ਸੱਜਣਾ।
ਪਤਾ ਨਹੀਂ ਕਦ ਮਿਲੀ ਆਜ਼ਾਦੀ,
ਪੈਰਾਂ ਵਿੱਚ ਜੰਜੀਰ ਹੈ ਸੱਜਣਾ।

ਸੱਚਿਆਂ ਨੂੰ ਕੋਈ ਪੁੱਛਦਾ ਹੈ ਨੀ,
ਝੂਠਿਆਂ ਮਗਰ ਵਹੀਰ ਹੈ ਸੱਜਣਾ।
ਵਿੱਚ ਵਿਦੇਸ਼ਾਂ ਘੁੰਮਦੇ ਫਿਰਦੇ,
ਰਾਜੇ ਅਤੇ ਵਜ਼ੀਰ ਹੈ ਸੱਜਣਾ।
ਅੰਗਰੇਜ਼ਾਂ ਨੂੰ ਮੁੜ ਤੋਂ ਸੱਦਦੇ,
ਪੂਰੀ ਮਰੀ ਜ਼ਮੀਰ ਹੈ ਸੱਜਣਾ।

ਕਾਰਖਾਨਾ ਨੀ ਖੁਦ ਤੋਂ ਲੱਗਦਾ,
ਕਹਿੰਦੇ ਮੁਲਕ ਅਮੀਰ ਹੈ ਸੱਜਣਾ।
ਕਿਵੇਂ ਸਲਾਹਵਾਂ ਇਸ ਸਿਸਟਮ ਨੂੰ,
ਡੁੱਲ੍ਹ-ਡੁੱਲ੍ਹ ਪੈਂਦਾ ਨੀਰ ਹੈ ਸੱਜਣਾ।

ਓਸੇ ਨੂੰ ਦੁੱਖ ਝੱਲਣਾ ਪੈਂਦਾ,
ਲੰਘਦਾ ਜੋ ਲਕੀਰ ਹੈ ਸੱਜਣਾ।
ਨਿਆਂ ਦੀ ਇੱਛਾ ਜਿਸਤੋਂ ਕੀਤੀ,
ਉਸਦੀ ਅੱਖ ਵਿੱਚ ਟੀਰ ਹੈ ਸੱਜਣਾ।
'ਛੋਟੇਘਰੀਆ' ਬਚ ਕੇ ਚੱਲੀਂ,
ਤੇਰੇ ਵੱਲੀਂ ਤੀਰ ਹੈ ਸੱਜਣਾ। (94174-23416)

ਸਾਗਰ ਦਾ ਸਵਾਲ

- ਪਰਮਿੰਦਰ ਸਰਾਂ

ਸਕੂਲ 'ਚ ਮਾਸਟਰਾਂ ਦੀਆਂ ਕਹੀਆਂ ਗੱਲਾਂ
ਤੀਜੀ ਜਮਾਤ 'ਚ ਪੜਦੇ ਸਾਗਰ ਦੇ
ਮਨ ਵਿੱਚ ਬਹਿ ਜਾਂਦੀਆਂ ਸੀ
ਇੱਕ ਦਿਨ ਉਸਨੇ ਸੁਣਿਆ
ਕਿ 'ਮਾਂ ਦੇ ਪੈਰਾਂ 'ਚ ਸੁਰਗ ਹੁੰਦਾ ਐ '
ਘਰ ਜਾ ਕੇ ਉਡੀਕਦਾ ਰਿਹਾ ਮਾਂ ਨੂੰ
ਉਸਦੇ ਪੈਰਾਂ ਵਿਚਲਾ ਸੁਰਗ ਦੇਖਣ ਲਈ..
ਦਿਨ ਛਿਪੇ ਤੋਂ ਮੁੜ ਕੇ ਆਈ
ਨਿੱਤ ਦੀ ਦਿਹਾੜੀ ਗਈ ਮਾਂ ਦੇ
ਪੈਰਾਂ 'ਚ ਵੇਖਣ ਲੱਗਾ.....
ਘਸੀਆਂ ਚੱਪਲਾ,
ਖੱਬੇ ਗੂਠੇ ਤੇ ਜ਼ਖ਼ਮ
ਤੇ ਬਿਆਈਆਂ ਪਾਟੇ ਮਿੱਟੀ ਚ ਗੜੁੱਚ ਪੈਰਾਂ ਚ
ਕਿਧਰੇ ਸੁਰਗ ਨਹੀ ਲੱਭਾ...
ਉਹ ਹੈਰਾਨ ਹੋ ਸੋਚਣ ਲੱਗਾ
ਜਾਂ ਤਾਂ ਮੈਨੂੰ ਨਹੀ ਲੱਭਾ
ਜਾਂ ਮਾਸਟਰਾਂ ਨੇ ਗੱਪ ਮਾਰਿਆ
ਅਗਲੇ ਦਿਨ ਉਸਨੇ ਆਉਂਦੇ ਸਾਰ ਹੀ
ਦਾਗ ਦਿੱਤਾ ਇੱਕ ਭੋਲਾ ਜਿਹਾ ਸਵਾਲ
'ਮੇਰੀ ਮਾਂ ਦੇ ਪੈਰਾਂ ਚੋਂ ਸੁਰਗ ਕਿਉਂ ਨੀ ਲੱਭਿਆ ?
ਜਿਸਦੇ ਖੜਾਕ ਨੇ
ਮਾਸਟਰਾਂ ਦੇ ਦਿਮਾਗ ਸੁੰਨ ਕਰਤੇ। (98156-70305)

ਸੁਲਘਦੇ ਬੋਲ

ਧਰਮ



ਹਰਚਰਨ ਚੋਹਲਾ

ਧਰਮ ਅਫੀਮ ਹੈ
ਧਰਮ ਕੁਝ ਵੀ ਨਹੀਂ
ਧਰਮ ਸਭ ਕੁਝ ਹੈ
ਧਰਮ ਲਈ ਮਰਨਾ
ਜਾਂ ਮਾਰਨਾ ਸਭ ਜਾਇਜ਼ ਹੈ
ਇਹਨਾਂ ਫਲਸਫਿਆਂ ਚ ਉਲਝਿਆ ਮਨੁੱਖ
ਮਰ ਰਿਹਾ, ਮਾਰ ਰਿਹਾ
ਕਿਸੇ ਨੂੰ ਪੱਥਰਾਂ ਚੋਂ ਰੱਬ ਦਿਸਦਾ
ਕਿਸੇ ਨੂੰ ਅੱਖਰਾਂ ਚੋਂ
ਕੋਈ ਪੱਥਰਾਂ ਨੂੰ ਨਫਰਤ ਕਰਦਾ
ਕੋਈ ਅੱਖਰਾਂ ਨੂੰ
ਮਨੁਖਤਾ ਲਈ ਪੈਦਾ ਕੀਤੇ ਧਰਮਾਂ ਚੋਂ
ਮਨੁਖਤਾ ਹੀ ਗਾਇਬ ਹੈ
ਧਰਮ ਜੀਵਨ-ਜਾਂਚ ਨਹੀਂ
ਮਰਨ ਜਾਂਚ ਬਣ ਗਏ ਨੇ
ਜ਼ਿੰਦਗੀ ਤੋਂ ਮੀਲਾਂ ਦੂਰ ਕਰ ਦਿੱਤਾ ਗਿਆ ਹੈ ਆਦਮੀ
ਇਮਾਰਤਾਂ, ਕਿਤਾਬਾਂ, ਪੋਸਟਰਾਂ, ਜਾਨਵਰਾਂ
ਲਿਬਾਸਾਂ ਤੇ ਚਿੰਨ੍ਹਾਂ ਤੇ
ਧਾਰਮਿਕ ਠੱਪੇ ਲਾ ਦਿੱਤੇ ਨੇ
ਇਹਨਾਂ ਲਈ ਲੜੋ
ਇਹਨਾਂ ਦੀ ਰਾਖੀ ਕਰੋ
ਨਹੀਂ ਤਾਂ ਸ਼ਹੀਦ ਹੋ ਜਾਓ,
ਬੱਸ ਇਹੀ ਸਿਖਾ ਰਿਹਾ ਧਰਮ ਸਾਨੂੰ
ਬੱਸ ਇਹੀ ਸਿਖਾ ਰਿਹਾ।

(ਮੋਬਾ. 98889-09513)

ਚੁਣੌਤੀ

ਤੂੰ ਸੁਪਨੇ ਕੁੰਵਾਰੇ ਮਾਰ ਤੇ
ਸੱਧਰਾਂ ਝੰਜੋੜੀਆਂ
ਅੱਖਾਂ ਸਾਹਵੇਂ ਜ਼ੁਲਮ ਨੂੰ
ਕਿੱਦਾਂ ਸਹਾਰਦਾ।
ਪੈਰੀਂ ਤੂੰ ਪੱਗਾਂ ਰੋਲੀਆਂ
ਅਣਖਾਂ ਮਧੋਲ ਕੇ।
ਹੁਣ ਤਾਂ ਸਿਖਰ ਹੋ ਗਿਆ
ਤੇਰੇ ਹੰਕਾਰ ਦਾ।
ਹੱਕ ਮੰਗੇ ਜਦੋਂ ਵੀ
ਅਸੀਂ ਬਾਹਾਂ ਉਛਾਲ ਕੇ
ਦਿੰਦਾ ਰਿਹਾ ਤੂੰ ਰਾਜਿਆ
ਫਤਵਾ ਗੱਦਾਰ ਦਾ ।
ਟੱਕਰਾਂਗੇ ਤੈਨੂੰ ਜ਼ਾਲਮਾ
ਪਾ ਕਿਰਤ ਦੀ ਕਰੰਗੜੀ
ਬੜਾ ਸਬਰ ਤੂੰ ਪਰਖਿਆ ਹੈ
ਸਾਡੇ ਪਰਿਵਾਰ ਦਾ।

– **ਸ਼ਿਵਰਾਜ ਖੁੰਡੇ ਹਲਾਲ** (98151-38062)

****

ਏਕਲਵਿਆ

ਬੜਾ ਫਰਕ ਹੈ
ਉਦੋਂ ਦੇ ਤੇ ਹੁਣ ਦੇ
ਦਰੋਣਾ ਅਤੇ ਏਕਲਵਿਆ ਵਿਚ।
ਉਦੋਂ ਦੇ ਦਰੋਣ ਨੇ ਤਾਂ
ਏਕਲਵਿਆ ਦਾ ਅੰਗੂਠਾ ਕੱਟ
ਕਰ ਦਿਤਾ ਸੀ ਮੁਕਤ ਉਸਨੂੰ।
ਪਰ ਅੱਜ ਦੇ ਦਰੋਣ ਤਾਂ
ਕੱਟ ਲੈਂਦੇ ਨੇ ਏਕਲਵਿਆ ਦੀ ਜੀਭ
ਤੇ ਰਖਦੇ ਉਸਨੂੰ ਨਾਲ ਨਾਲ
ਅਰਜੁਨਾਂ ਦੇ ਸਿੰਘਾਸਨ ਬਚਾਈ ਰੱਖਣ ਲਈ।

- **ਗੁਰਪਿਆਰ ਹਰੀ ਨੌ** (95924-31999)

ਸੰਵਾਦ
(ਇੱਕ ਵਿਚਾਰ ਇਹ ਵੀ)

ਵਿਅਕਤੀ, ਜਥੇਬੰਦੀ ਅਤੇ ਸਮਾਜ



-ਅਵਤਾਰ ਗੋਂਦਾਰਾ

ਵਿਅਕਤੀ ਬੇਸ਼ੱਕ, ਸਮਾਜ ਵਿੱਚ ਪਰਵਾਨ ਚੜ੍ਹਦਾ ਹੈ, ਪਰ ਉਸ ਦੀ ਸਮਾਜ ਨਾਲ ਵਿਰੋਧਤਾਈ ਬਣੀ ਹੀ ਰਹਿੰਦੀ ਹੈ। ਸੱਭਿਆ ਸਮਾਜ ਵਿੱਚ, ਉਸਦਾ ਦਮ ਘੁੱਟਦਾ ਹੈ, ਉਸ ਦੇ ਜਿਉਣ-ਵਿਚਰਣ ਤੇ ਪਾਬੰਦੀਆਂ ਰਹੀਆਂ ਹਨ। ਕਿਸੇ ਸਿਆਣੇ ਨੇ ਠੀਕ ਕਿਹਾ ਹੈ, ਕਿ ਤਣਾਅ, ਸਭਿਅਤਾ ਦਾ ਆਮਦਨ ਕਰ ਹੈ। ਇਸ ਵਿਰੋਧਤਾਈ ਨੂੰ ਨਜਿੱਠਣ ਲਈ,ਧੱਕੜ ਵਿਅਕਤੀ ਬਾਗੀ ਬਣਿਆ, ਸੂਝਵਾਨ ਇਨਕਲਾਬੀ, ਮੀਸਣਾ ਭਗਤ ਬਣਿਆਂ ਜਾਂ ਸਭ ਕੁਝ ਛੱਡ ਛੁਡਾ ਕੇ ਸੰਨਿਆਸੀ ਬਣ ਗਿਆ। ਸਮਾਜ-ਵਿਗਿਆਨ ਅਤੇ ਰਾਜਨੀਤੀ ਵਿੱਚ 'ਵਿਅਕਤੀ ਬਨਾਮ ਸਮਾਜ' ਨੂੰ ਅਹਿਮ ਸੁਆਲ ਵਜੋਂ ਲਿਆ ਜਾਂਦਾ ਹੈ। ਵਿਅਕਤੀ ਸਮਾਜ ਬਦਲਣ ਦੀਆਂ ਗੱਲਾਂ ਅਕਸਰ ਕਰਦੇ ਹਨ। ਸੁਆਲ ਪੈਦਾ ਹੁੰਦਾ ਹੈ, ਵਿਅਕਤੀ, ਸਮਾਜ ਹਨ ਕੀ ਤੇ ਇਹ ਇੱਕ ਦੂਜੇ ਨਾਲ ਜੁੜਦੇ/ਭਿੜਦੇ ਕਿਵੇਂ ਹਨ ?

ਵਿਅਕਤੀ ਤਾਂ ਹੱਡ-ਮਾਸ ਦਾ ਬਣਿਆ, ਦਿਸਦਾ ਹੈ, ਉਸ ਦੇ ਵਤੀਰੇ ਰਾਹੀ, ਉਸ ਦੀ ਹਉਮੈ, ਨਫਰਤ, ਗੁੱਸਾ, ਪ੍ਰੇਮ, ਹਮਦਰਦੀ, ਈਰਖਾ, ਦਵੈਖ ਤੁਸੀਂ ਦੇਖ ਸਕਦੇ ਹੋ, ਪਰ ਸਮਾਜ ਨਾਂ ਦੀ ਚੀਜ ਕਿਤੇ ਦਿਖਾਈ ਨਹੀਂ ਦਿੰਦੀ। ਨਾਂ ਇਸ ਦਾ ਕੋਈ ਦਫਤਰ ਹੈ ਨਾਂ ਥਹੁ ਪਤਾ। ਤੁਸੀਂ ਇਹ ਨਹੀਂ ਕਹਿ ਸਕਦੇ ਕਿ ਸਮਾਜ ਫਲਾਣੇ ਥਾਂ ਬੈਠਾ ਹੈ, ਜਾ ਕੇ ਬਦਲ ਆਈਏ। ਇਹ 'ਮਾਊਂ' ਵਰਗਾ ਹੈ, ਜਿਸ ਨੂੰ ਦੇਖਿਆ ਕਿਸੇ ਨੇ ਨਹੀਂ, ਪਰ ਗੱਲਾਂ ਸਭ ਕਰਦੇ ਹਨ।

ਸਮਾਜ ਕੀ ਹੈ ? ਇਸ ਬਾਰੇ ਸੋਚੀਏ ਤਾਂ ਮਨ ਵਿੱਚ ਬਿੰਬ, ਵਿਅਕਤੀ-ਸਮੂਹ, ਮਕਾਨਾਂ ਦਾ ਹੀ ਉਭਰਦਾ ਹੈ, ਸਮਾਜ ਦਾ ਨਹੀਂ। ਫਿਰ ਇਹ ਹੈ ਕੀ ਬਲਾ, ਜੋ ਵਿਅਕਤੀ ਤੇ ਕਾਬੂ ਪਾਉਂਦੀ ਹੈ, ਉਸ ਨੂੰ ਪਾਲਤੂ ਬਣਾਉਂਦੀ ਹੈ, ਓਸ ਨੂੰ ਦੂਜਿਆਂ ਨਾਲ ਜੋੜਦੀ ਹੈ ਤੇ ਅੰਦਰੋਂ ਤੋੜਦੀ ਹੈ ? ਜਿਸ ਨੂੰ ਉਹ ਬਦਲਣਾ ਚਾਹੁੰਦਾ ਹੈ। ਗਹੁ ਨਾਲ ਦੇਖੀਏ ਤਾਂ, ਪਤਾ ਲਗਦਾ ਹੈ ਕਿ ਸਮਾਜ ਕੋਈ ਸਥੂਲ ਵਸਤ ਨਹੀਂ ਹੈ, ਵਿਅਕਤੀ ਦੀ ਚੇਤਨਾ ਹੈ, ਜਿਸ ਵਿੱਚ ਉਸ ਦੀ ਆਸਥਾ, ਉਸ ਦੇ ਵਿਸ਼ਵਾਸ਼ ਤੇ ਸੰਸਕਾਰ, ਉਸ ਦੇ ਡਰ ਤੇ ਖੁਸ਼ੀਆਂ, ਰੰਜ ਅਤੇ ਰੋਸੇ, ਵਿਤਕਰੇ, ਰੀਝਾਂ, ਪੂਰਵ-ਧਾਰਣਾਵਾਂ, ਚੰਗਾ-ਮਾੜਾ, ਉਸ ਦੀਆਂ ਪਸੰਦਾਂ-ਨਾਪਸੰਦਾਂ, ਉਸ ਦੇ ਲਗਾਅ ਤੇ ਦੁਸ਼ਮਣੀਆਂ, ਉਸ ਦੀ ਈਰਖਾ; ਸਭ ਕੁਝ ਆ ਜਾਂਦਾ ਹੈ। ਇਹ ਚੇਤਨਾ ਹੀ ਸਾਨੂੰ ਕਿਸੇ ਨਾ ਕਿਸੇ ਰਿਸ਼ਤੇ ਵਿਚ ਬੰਨਦੀ ਹੈ। ਉਸ ਨੇ ਗੁਰੂਦੁਆਰੇ ਜਾਣਾ ਹੈ ਜਾਂ ਮਸਜਿਦ ਵਿੱਚ, ਇਹ ਗੱਲ ਉਸ ਨੂੰ, ਸਮਾਜ ਨੇ ਸਿਖਾਈ ਹੈ। ਇਹ ਉਸ ਦੀ ਚੋਣ ਨਹੀਂ, ਸਮਾਜ ਹੀ ਤਹਿ ਕਰਦਾ ਹੈ। ਕਹਿ ਸਕਦੇ ਹਾਂ ਜੇ ਵਿਅਕਤੀ, ਸਮਾਜ ਵਿੱਚ ਮਕਾਨ/ਕਿਲਾ ਜਾਂ ਝੁੱਗੀ ਬਣਾ ਕੇ ਰਹਿੰਦਾ ਹੈ, ਤਾਂ ਸਮਾਜ, ਵਿਅਕਤੀ ਦੀ ਚੇਤਨਾ ਰਾਹੀਂ, ਉਸ ਦੇ ਮਨ ਵਿੱਚ ਵਾਸ ਕਰਦਾ ਹੈ। ਇਹ ਚੇਤਨਤਾ ਹੀ ਉਸ ਨੂੰ ਸਮਾਜਿਕ ਬਣਾਉਂਦੀ ਹੈ, ਇਸ ਤੋਂ ਬਿਨਾਂ ਉਹ ਜੰਗਲੀ ਹੈ, ਅਸਮਾਜਿਕ ਹੈ। ਮਜ਼ਦੂਰ ਤੋਂ ਲੈ ਕੇ ਆਈਨਸਟੀਨ ਤੱਕ, ਕੋਈ ਵੀ ਸਮਾਜ ਤੋਂ ਬਾਹਰਾ ਜਾਂ ਉਪਰ ਹੋਣ ਦਾ ਦਾਅਵਾ ਨਹੀਂ ਕਰ ਸਕਦਾ। ਕਿਸੇ ਵਿਅਕਤੀ ਦੀਆਂ ਨਲਾਇਕੀਆਂ ਤੇ ਖੂਬੀਆਂ, ਸਮਾਜ ਦੀ ਦੇਣ ਹਨ, ਇਸ ਵਿੱਚ ਰਹਿ ਕੇ ਹੀ ਪਣਪਦੀਆਂ ਹਨ। ਪਰਿਵਾਰ, ਕਲੱਬ, ਪਾਰਟੀਆਂ, ਸਮਾਜ ਦਾ ਹੀ ਜਥੇਬੰਦਕ ਰੂਪ ਹਨ। ਸਮਾਜ ਇੰਨ੍ਹਾਂ ਰਾਹੀਂ ਪ੍ਰਗਟ ਹੁੰਦਾ ਹੈ।

ਜਥੇਬੰਦਕ ਹੋਣਾ ਕੀ ਹੈ ? ਇਸ ਦੀਆਂ ਕੁਝ ਸ਼ਰਤਾਂ ਹਨ। ਜਿਵੇਂ ਔਰਤ ਦਾ, ਮਾਂ ਦਾ ਰੁਤਬਾ ਹਾਸਿਲ ਕਰਨ ਲਈ, ਮਮਤਾ ਦੇ ਭਾਵਾਂ ਨਾਲ ਵਰੋਸਾਈ ਹੋਣਾ ਜਰੂਰੀ ਹੈ। ਉਸੇ ਤਰਾਂ, ਜਥੇਬੰਦਕ ਹੋਣ ਲਈ, ਸੰਵੇਦਨਾ, ਸਾਂਝੀਵਾਲਤਾ, ਹਮਦਰਦੀ, ਅਨੇਕਤਾ ਵਿੱਚ ਏਕਤਾ, ਭਾਈਚਾਰੇ ਆਦਿ ਦੇ ਹਾਂ-ਪੱਖੀ ਭਾਵਾਂ ਦਾ ਹੋਣਾ ਹੈ, ਉਨਾਂ ਨੂੰ ਜਿਉਣਾ ਹੈ। ਇਸ ਦੇ ਉਲਟ, ਵਿਅਕਤੀਵਾਦ, ਹਉਮੈ, ਲੋਭ, ਹਿੰਸਾ, ਈਰਖਾ, ਦਵੈਖ ਆਦਿ ਦੇ ਨਾਂਹਪੱਖੀ ਭਾਵ, ਗੈਰਜਥੇਬੰਦਕ ਭਾਵ ਹਨ। ਜਿਸ ਵਿਅਕਤੀ ਵਿੱਚ, ਮਗਰਲੇ ਭਾਵਾਂ ਦੀ ਮਿਕਦਾਰ ਜਿਆਦਾ ਹੋਵੇ, ਓਹ ਅਸਮਾਜਿਕ ਹੋ ਨਿਬੜਦਾ ਹੈ, ਇੰਨਾਂ ਦੇ ਹੁੰਦਿਆਂ ਨਾ ਸਾਂਝੇ ਫਾਰਮ ਚਲਦੇ ਹਨ, ਨਾ ਕੋਆਪ੍ਰੇਟਿਵ ਲਹਿਰ ਕਾਮਯਾਬ ਹੁੰਦੀ ਹੈ। ਆਏ ਇਨਕਲਾਬ ਉਲਟ ਸਕਦੇ ਹਨ।

ਸਮਾਜ ਜੇ ਸਮਾਨ ਵਿਅਕਤੀਆਂ ਦਾ ਸਮੂਹ ਹੁੰਦਾ ਤਾਂ ਕੋਈ ਰੱਟਾ ਨਹੀਂ ਸੀ। ਵਿਅਕਤੀ ਅਮੀਰ-ਗਰੀਬ, ਤਕੜੇ-ਮਾੜੇ, ਉਚ-ਨੀਚ, ਆਦਿ ਕਈ ਪਰਤਾਂ ਵਿੱਚ ਵੰਡੇ ਹੋਏ ਹਨ। ਜਿਸ ਕਰਕੇ ਉਨ੍ਹਾਂ ਦੀ ਚੇਤਨਾ ਵਿੱਚ ਦੁਫਾੜ ਪਿਆ ਰਹਿੰਦਾ ਹੈ, ਉਹ ਆਪਸ ਵਿੱਚ, ਜੁੜਦੇ, ਲੜ੍ਹਦੇ ਭਿੜਦੇ ਰਹਿੰਦੇ ਹਨ। ਪਦਾਰਥਕ ਤੌਰ ਤੇ ਲੁੱਟ ਦੇ ਨਾਲ ਨਾਲ, ਭਾਰੂ ਹੈਸੀਅਤ ਵਾਲੇ ਦੀ ਹਉਮੈ ਫੁੱਲੀ ਹੁੰਦੀ ਹੈ ਤਾਂ ਮਾੜੀ ਹਾਲਤ ਕਰਕੇ ਕਿਸੇ ਦਾ ਸਵੈ ਸੁੰਗੜ ਜਾਂਦਾ ਹੈ। ਸਮਾਜ ਨਾਲ ਵਿਰੋਧ, ਦਰਅਸਲ, ਵੱਖੋ ਵੱਖ ਹੈਸੀਅਤਾਂ ਵਿਚਲੇ ਪਾੜੇ ਦਾ ਹੀ ਵਿਰੋਧ ਹੈ। ਇਹ ਵਿਰੋਧ, ਇੱਕ ਦੂਜੇ ਬਾਰੇ ਨਾਂਹਪੱਖੀ ਭਾਵਾਂ ਰਾਹੀਂ ਵਿਅਕਤ ਹੁੰਦਾ ਰਹਿੰਦਾ ਹੈ।

ਸਾਮੰਤੀ (Feudal) ਸਮਾਜ ਵਿੱਚ, ਇੰਨਾਂ ਵਿਰੋਧਤਾਈਆਂ ਦੇ ਹੱਲ ਨੂੰ ਅਖੌਤੀ 'ਅਗਲੇ ਜਨਮ' ਤੱਕ ਮੁਲਤਵੀ ਕਰ ਲਿਆ ਜਾਂਦਾ ਸੀ। ਜੇ ਕੋਈ ਗਰੀਬ ਜਾਂ ਦੁੱਖੀ ਹੈ ਤਾਂ ਅਖੌਤੀ 'ਪਿਛਲੇ ਮਾੜੇ' ਕਰਮਾਂ ਦੀ ਆੜ 'ਚ ਧਰਵਾਸ ਕਰ ਲੈਂਦਾ ਸੀ, ਜੇ ਸੁਖੀ ਜਾਂ ਅਮੀਰ ਹੈ ਤਾਂ ਅਖੌਤੀ 'ਪਿਛਲੇ ਜਨਮ' ਵਿੱਚ ਕੀਤੇ ਚੰਗੇ ਕਰਮਾਂ ਦਾ ਫਲ ਸਮਝਿਆ ਜਾਂਦਾ ਸੀ। ਹਾਸਲ ਜ਼ਿੰਦਗੀ ਵਿੱਚ, ਕਿਸੇ ਦੁੱਖ ਜਾਂ ਮਾੜੀ ਸਥਿਤੀ ਤੋਂ ਛੁਟਕਾਰੇ ਦੀ

ਨਾ ਇੱਛਾ ਪੈਦਾ ਹੁੰਦੀ ਸੀ, ਨਾ ਹੀ ਇਸ ਤੋਂ ਛੁਟਕਾਰੇ ਲਈ, ਕਿਸੇ ਉੱਦਮ ਜਾਂ ਇਨਕਲਾਬ ਦੀ ਲੋੜ ਦਾ ਖਿਆਲ ਆਉਂਦਾ ਸੀ। ਦਿਸਦੇ ਸਮਾਜ ਦੀਆਂ ਵਿਰੋਧਤਾਈਆਂ ਨੂੰ ਅਣਦਿਸਦੇ ਕਾਰਨਾਂ ਦੇ ਸਿਰ ਮੜ ਦਿੱਤਾ ਜਾਂਦਾ ਸੀ, ਅਤੇ ਜਿੰਨ੍ਹਾਂ ਦਾ ਇਲਾਜ ਵੀ ਕਿਸੇ ਅਖੌਤੀ 'ਅਦਿੱਖ ਸੰਸਾਰ' ਵਿੱਚ ਹੀ ਵਿਦਮਾਨ ਸੀ। ਇਸ ਲਈ ਸਖਸ਼ੀ ਵਿਦਰੋਹ ਤੋਂ ਬਿਨਾਂ, ਕਿਸੇ ਸਾਂਝੇ ਉੱਦਮ ਲਈ ਕਦੇ ਕੋਸ਼ਿਸ਼ਾਂ ਹੀ ਨਹੀਂ ਹੋਈਆਂ। ਇਹ ਵਿਦਰੋਹ ਡਾਕੂ ਬਣਨ ਜਾਂ ਆਸ਼ਕ ਬਣਨ ਦੇ ਸਖਸ਼ੀ ਕਾਰਨਾਮੇ ਤੱਕ ਸੀਮਤ ਸੀ। ਆਮ ਝੰਬਿਆਂ ਵਿਅਕਤੀ ਸੱਥ ਵਿਚ ਬੈਠ ਕੇ, ਉਨਾਂ ਦੀਆਂ ਵਾਰਾਂ ਗਾ/ਸੁਣ ਕੇ ਜੀਅ ਪਰਚਾ ਲੈਂਦਾ ਸੀ।

ਸਮਾਜ ਦਾ ਚੇਤੰਨ ਹਿੱਸਾ ਅਖੌਤੀ 'ਅਗਲੇ ਜਨਮ'ਦੀਂ ਉਡੀਕ ਨਹੀਂ ਕਰਦਾ। ਉਹ ਸਮਝ ਚੁੱਕਾ ਹੈ ਕਿ ਵਿਅਕਤੀ ਅਤੇ ਸਮਾਜ ਜਾਂ ਵਿਅਕਤੀਆਂ ਅਤੇ ਵਿਅਕਤੀਆਂ ਦੀਆਂ ਆਪਸੀ ਵਿਰੋਧਤਾਈਆਂ ਦੇ ਹੱਲ ਦੀਆਂ ਸੰਭਾਵਨਾਵਾਂ, ਇਸੇ ਜਨਮ ਅਤੇ ਇਸੇ ਸੰਸਾਰ ਵਿੱਚ ਬਣ ਚੁੱਕੀਆਂ ਹਨ। ਸਾਮੰਤੀ ਸਮਾਜ ਵਿੱਚ ਲੋਕਾਈ ਦੇ ਦੁੱਖ-ਨਿਵਾਰਣ ਲਈ, ਕਿਸੇ ਅਖੌਤੀ 'ਪੈਗੰਬਰ' ਜਾਂ 'ਭਗਵਾਨ' ਅਵਤਾਰ ਦੀ ਲੋੜ ਸੀ। (ਸ਼ਬਦ ਅਵਤਾਰ ਦਾ ਭਾਵ ਹੀ ਉਪਰੋਂ ਹੇਠਾਂ ਆਉਣਾ ਹੈ) ਆਮ ਵਿਅਕਤੀ ਜਾਂ ਸਮੂਹ ਆਪਣੇ ਆਪ ਨੂੰ, ਨਿਓਟਾ ਹੀ ਸਮਝਦਾ ਸੀ। 'ਦਾਸ ਭਾਵ' ਕਰਕੇ ਉਸ ਦੇ ਮਨ ਵਿੱਚ ਬੈਠਾ 'ਸਾਮੰਤੀ ਸਮਾਜ' ਉਸ ਦੀ ਅੱਚਵੀ ਨੂੰ ਬੰਨ੍ਹੀ ਰਖਦਾ ਸੀ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਹੁਣ ਵੀ, ਸਮਾਜ ਦਾ ਤਕੜਾ ਹਿੱਸਾ, ਕਿਸੇ ਨਾ ਕਿਸੇ 'ਅਵਤਾਰ' ਦੀ ਸ਼ਰਨ ਵਿੱਚ ਬੈਠਾ ਹੈ, ਜਾਂ ਕਿਸੇ ਨਵੇਂ 'ਅਵਤਾਰ' ਦੀ ਉਡੀਕ ਕਰ ਰਿਹਾ ਹੈ। ਪਰ ਜਿੰਨਾਂ ਦੀ ਟੇਕ ਆਪਣੇ ਆਪ ਤੇ ਹੈ, ਉਨਾਂ ਨੇ ਇਹ ਗੱਲ ਜਾਣ ਲਈ ਹੈ, ਕਿ ਇਹ ਛੁਟਕਾਰਾ ਕੇਵਲ 'ਕਿਸੇ ਦੀ ਸ਼ਰਣ, ਨਿੱਜੀ ਕੋਸ਼ਿਸ਼ਾਂ ਜਾਂ ਸਖਸ਼ੀ ਗੁਣਾਂ' ਕਰਕੇ ਨਹੀਂ ਹੋਣਾ। ਇਸ ਲਈ ਜਥੇਬੰਦਕ ਕੋਸ਼ਿਸ਼ਾਂ ਦਰਕਾਰ ਹਨ।

ਇਹੀ ਸੋਝੀ ਵਿਅਕਤੀ ਨੂੰ ਜਨਤਕ-ਜਥੇਬੰਦੀਆਂ ਦੀ ਲੋੜ ਦਾ ਅਹਿਸਾਸ ਕਰਾਉਂਦੀ ਹੈ। ਪਰਿਵਾਰ ਦੀ 'ਮੈਂ-ਕੇਂਦਰਿਤ' ਜਥੇਬੰਦੀ ਤੋਂ ਬਾਹਰ, ਚੇਤੰਨ ਵਿਅਕਤੀ ਲੋਕ-ਪੱਖੀ ਵੱਡੀਆਂ-ਛੋਟੀਆਂ ਸਿਆਸੀ, ਸਭਿਆਚਾਰਕ, ਸਮਾਜਿਕ 'ਅਸੀਂ-ਕੇਂਦਰਿਤ' ਜਥੇਬੰਦੀਆਂ ਵੱਲ ਅਹੁਲਦਾ ਹੈ। ਕੱਲੇ-ਕੈਰੇ ਵਿਅਕਤੀ ਦੀ ਬਹਾਦਰੀ, ਕਿੱਸੇ-ਕਹਾਣੀਆਂ ਤਾਂ ਬਣਾ ਸਕਦੀ ਹੈ, ਵੱਡੀ ਸਮਾਜਿਕ ਤਬਦੀਲੀ ਨਹੀਂ ਕਰ ਸਕਦੀ। ਇੰਨਾਂ ਵਿੱਚ ਕੰਮ ਕਰਦਿਆਂ, ਵਿਅਕਤੀ ਮਨ ਵਿੱਚ ਬੈਠੇ 'ਸਮਾਜ' ਤੋਂ ਜਾਣੂੰ ਹੁੰਦਾ ਹੈ, ਉਸ ਨੂੰ ਸੋਝੀ ਹੁੰਦੀ ਹੈ ਕਿ ਉਸ ਦੇ ਨਿੱਜੀ ਸੁੱਖ-ਸੁਰੱਖਿਆ ਦੀ ਹੱਦ, ਘਰ ਦੀਆ ਕੰਧਾਂ ਤੋਂ ਪਾਰ ਫੈਲੀ ਹੋਈ ਹੈ। ਸਮੂਹਿਕ ਹਿੱਤ ਵਿਚ ਉਸ ਦੇ ਨਿੱਜੀ ਹਿੱਤ ਲੁਕੇ ਹੋਏ ਹਨ। ਇਸ ਦਾ ਭਾਵ ਵਿਅਕਤੀ ਦੀ ਅਹਿਮੀਅਤ ਨੂੰ ਛੁਟਿਆਉਣਾ ਨਹੀਂ, ਉਸ ਦੀ ਸੀਮਤਾਈ ਨੂੰ ਸਮਝਣਾ ਹੈ। ਦਰਅਸਲ ਛੋਟੀਆਂ ਵੱਡੀਆਂ ਅਗਾਂਹਵਧੂ ਜੱਥੇਬੰਦੀਆਂ/ਕੰਮ ਦੇ ਖੇਤਰ ਹੀ ਭਵਿੱਖੀ-ਸਮਾਜ ਹਨ।

ਕੁਝ ਇੱਕ ਨੂੰ ਛੱਡ ਕੇ, ਆਮ ਪੜ੍ਹਿਆ-ਲਿਖਿਆ ਕਬੀਲਦਾਰ ਵਾਹ ਲਗਦੀ, ਜਥੇਬੰਦਕ ਕੰਮਾਂ ਤੋਂ ਤ੍ਰਹਿੰਦਾ ਹੈ। ਉਸ ਨੂੰ ਲਗਦਾ ਹੈ, ਮਿਹਨਤ ਇਮਾਨਦਾਰੀ ਨਾਲ 'ਪਰਿਵਾਰ ਪਾਲੀ ਜਾਓ', ਬਾਕੀ 'ਰੱਬ' ਭਲੀ ਕਰੂ। ਪ੍ਰਸਿੱਧ ਵਿਦਵਾਨ ਡਾ. ਅਤਰ ਸਿੰਘ ਮੁਤਾਬਿਕ, 'ਸੁਤੰਤਰਤਾ ਦੇ ਭਾਰ ਨਾਲੋਂ, ਗੁਲਾਮੀ ਦਾ ਜੂਲਾ ਸਾਧਾਰਣ ਮਨੁੱਖ ਲਈ ਚੰਗਾ ਸੌਦਾ ਹੈ। ਕਿਉਂਕਿ ਸੁਤੰਤਰ ਹੋਣ ਲਈ ਮਨੁੱਖ ਨੂੰ ਆਪਣਾ ਆਪ ਇਕੱਲਪੁਣੇ ਦੇ ਅਨੇਕਾਂ ਡਰਾਂ ਵਹਿਮਾਂ ਅਤੇ ਚਿੰਤਾਵਾਂ ਦੇ ਹਵਾਲੇ ਕਰਨਾ ਪੈਂਦਾ ਹੈ'।

ਇਹ ਪਹੁੰਚ ਇਕ ਹੋਰ ਤਰਾਂ ਵੀ ਪ੍ਰਗਟ ਹੁੰਦੀ ਹੈ। ਕਿਸਾਨ ਹੁੰਦਿਆਂ, ਇੱਕ ਫਸਲ ਲਈ, ਜਿਹੜੀ ਸਾਲ-ਛਿਮਾਹੀਂ ਤੋਂ ਵੱਧ ਨਹੀਂ ਹੁੰਦੀ, ਵਿਅਕਤੀ ਕਿੰਨਾ ਕੁਝ ਕਰਦਾ ਹੈ। ਉਹ ਵਾਹੁੰਦਾ ਹੈ, ਕੱਖ ਕਾਨਾ ਕੱਢਦਾ ਹੈ, ਚੰਗੇ ਬੀਆਂ ਦੀ ਭਾਲ ਕਰਦਾ ਹੈ, ਵੱਤ ਆਉਣ ਤੇ ਬੀਜਦਾ ਹੈ, ਪਾਣੀ ਦਿੰਦਾ ਹੈ, ਰਾਖੀ ਕਰਦਾ ਹੈ। ਪਰ ਮਾਂ-ਪਿਉ ਬਣਦਿਆਂ ਉਹੀ ਵਿਅਕਤੀ,ਆਪਣੀ ਔਲਾਦ ਬਾਰੇ ਫਸਲ ਜਿੰਨਾਂ ਵੀ ਫਿਕਰਮੰਦ ਨਹੀਂ ਹੁੰਦਾ। ਮਾਪੇ ਬਣਨ ਦੀ ਹੋੜ ਵਿੱਚ, ਉਹ ਸਮਾਜ ਰੂਪੀ ਜਮੀਨ ਦੀ ਤਿਆਰੀ ਨੂੰ ਵਿਸਰ ਜਾਂਦਾ ਹੈ, ਜਿਸ ਵਿੱਚ ਉਸ ਦੀ ਔਲਾਦ ਦੇ ਸੁਫਨਿਆਂ ਨੇ ਉੱਗਣਾ ਹੈ, ਉਨਾਂ ਨੂੰ ਬੂਰ ਪੈਣਾ ਹੈ। ਜਿਸ ਵਿੱਚ, ਲੁੱਟ ਖੋਹ, ਬੇਰੁਜਗਾਰੀ, ਬੇਵੁਕਤੀ, ਬਲਾਤਕਾਰਾਂ, ਵਿਤਕਰਿਆਂ ਦੀ ਨਦੀਨ ਦਾ ਵਾਰਾ ਪਹਿਰਾ ਹੈ। ਸੁਆਲ ਪੈਦਾ ਹੁੰਦਾ ਹੈ, ਵਿਅਕਤੀ ਆਪਣੀ ਔਲਾਦ ਦੇ ਭਵਿੱਖ ਬਾਰੇ, ਭਰਾ ਭੈਣ ਦੀ ਇੱਜਤ ਲਈ, ਔਲਾਦ ਆਪਣੇ ਮਾਪਿਆਂ ਦੇ ਬੁਢਾਪੇ ਲਈ, ਸਮਾਜ ਦੀ ਹਰ ਪਰਤ ਦੀ ਨਿਰਖ-ਪਰਖ ਤੋਂ ਘੇਸਲ ਕਿਉਂ ਮਾਰਦਾ ਹੈ ? ਜਿਸ ਵਿੱਚ ਪਹਿਲੇ ਨੇ ਸਾਹ ਲੈਣਾ ਹੈ, ਦੂਜੇ ਦੀ ਇੱਜਤ ਮਹਿਫੂਜ ਹੋਣੀ ਹੈ ਤੇ ਤੀਜੇ ਦਾ ਬੁਢਾਪਾ ਗੁਜਰ ਹੋਣਾ ਹੈ? ਇਹ ਕੱਲੀ ਚੇਤਨਾ ਦੀ ਘਾਟ ਨਹੀਂ, ਗੈਰਜਿੰਮੇਵਾਰੀ ਵੀ ਹੈ।

ਜਿੰਮੇਵਾਰ, ਉਹੀ ਹੈ, ਜੋ ਕਿਸੇ ਗੱਲ ਦਾ ਜਿੰਮਾ ਲੈਂਦਾ ਹੈ। ਆਪਣੇ ਕੀਤੇ ਲਈ ਜੁਆਬਦੇਹ ਹੈ। ਇਸ ਜੁਆਬਦੇਹੀ ਦੇ ਪ੍ਰਸੰਗ ਵਿੱਚ, ਸਿਆਸੀ ਅਤੇ ਸੱਭਿਆਚਾਰਕ ਜਥੇਬੰਦੀਆਂ ਵਿੱਚ, ਵਿਅਕਤੀਆਂ (ਮਰਦ/ਔਰਤਾਂ) ਦਾ ਵਤੀਰਾ ਤਿੰਨ ਤਰਾਂ ਦਾ ਹੁੰਦਾ ਹੈ। ਇੱਕ-ਨਕਾਰਵਾਦੀ **(Negative)**, ਦੂਜਾ ਹਉਮੇਵਾਦੀ **(Egoist)** ਅਤੇ ਤੀਜਾ ਸਹਿਯੋਗੀ **(cooperative/comraderie)**।

ਪਹਿਲੇ ਵਿੱਚ ਉਹ ਆਉਂਦੇ ਹਨ, ਜੋ ਜਥੇਬੰਦਕ ਕੰਮਾਂ ਨੂੰ ਪਰਿਵਾਰ ਵਿਰੋਧੀ ਮੰਨਦੇ ਹਨ। ਉਹ ਸਮਝਦੇ ਹਨ, ਇਹ ਵਿਹਲਿਆਂ ਦਾ ਭੁੱਸ ਹੈ। ਉਦਾਹਰਣ ਵਜੋਂ, ਤਰਕਸ਼ੀਲ ਸੁਸਾਇਟੀ ਦੀ ਕਿਸੇ ਇਕਾਈ ਦੇ, ਆਮ ਤੌਰ ਤੇ ਲੇਟ ਆਉਂਦੇ ਜਾਂ ਸਰਗਰਮੀਆਂ ਵਿੱਚ ਘੱਟ ਹਿੱਸਾ ਲੈਂਦੇ, ਇੱਕ ਮੈਂਬਰ ਨੂੰ ਲਿਆ ਜਾ ਸਕਦਾ ਹੈ। ਜਦੋਂ ਉਸ ਨੂੰ ਪੁੱਛਿਆ ਗਿਆ ਤਾਂ ਉਸ ਦਾ ਜਵਾਬ ਸੀ, 'ਮੈਂ ਬੱਚੇ ਨੀਂ ਪਾਲਣੇ ?' ਬਾਕੀਆਂ ਨੂੰ ਲੱਗਿਆ ਜਿਵੇਂ, ਉਹ

ਔਲਾਦ ਵਿਰੋਧੀ ਹਨ, ਆਵਾਰਾਗਰਦ ਹਨ, ਸਿਰਫ ਉਹੀ 'ਜ਼ਿੰਮੇਵਾਰ' ਮਾਪਿਆਂ ਦਾ ਸਰੂਪ ਹੈ। ਇਹ ਖੁਸ਼ਫਹਿਮੀ ਹੈ, ਕਿ ਬੱਚਿਆ ਦੀ ਪਾਲਣਾ, ਸਿਰਫ ਪੜ੍ਹਾਈ ਲਿਖਾਈ ਜਾਂ ਟਿਊਸ਼ਨਾਂ ਤੱਕ ਮਹਿਦੂਦ ਹੈ, ਉਸ ਵਿੱਚ ਸਮਾਜਿਕ ਸਰੋਕਾਰ ਸ਼ਾਮਿਲ ਨਹੀਂ। ਇਉਂ ਲਗਦਾ ਹੈ, ਇਹ ਕੰਮ 'ਪਾਲਣਾ ਤੇ ਕਮਾਈ' ਦਾ ਹੀ ਹਿੱਸਾ ਨਹੀਂ। ਐਸੇ ਮਾਪੇ, ਆਪਣੇ ਬੱਚਿਆਂ ਦੇ ਸਤਿਕਾਰ ਅਤੇ ਪਿਆਰ ਦੇ ਕਦੇ ਵੀ ਹੱਕਦਾਰ ਨਹੀਂ ਬਣਦੇ, ਜਿੰਨ੍ਹਾਂ ਨੇ ਸਮਾਜ ਦੀ ਕਾਇਆ ਕਲਪ ਵਿੱਚ, ਕੋਈ ਤਿਲ-ਫੁੱਲ ਨਾ ਪਾਇਆ ਹੋਵੇ। ਬੇਰੁਜਗਾਰੀ ਅਤੇ ਕਰਜੇ ਕਰਕੇ ਖੁਦਕਸ਼ੀਆਂ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ, ਉਨਾਂ ਨਾਲੋਂ ਕਿਤੇ ਘੱਟ ਹੈ ਜੋ ਕੇਵਲ ਮਾੜੇ ਸਮਾਜਿਕ ਮਹੌਲ ਅਤੇ ਅਮਾਨਵੀ ਰਿਸ਼ਤਿਆਂ ਵਿਚਲੀ ਟੁੱਟ ਭੱਜ ਕਰਕੇ ਇਹ ਕਦਮ ਚੁੱਕਦੇ ਹਨ। ਇਹ ਨਕਾਰਵਾਦੀ ਪਹੁੰਚ-ਨਿਆਂਕਾਰੀ ਸਮਾਜ ਦੀ ਉਸਾਰੀ ਲਈ ਲੋੜੀਦੇ, ਸਾਂਝੀਵਾਲਤਾ ਅਤੇ ਸਹਿਯੋਗ ਦੇ ਭਾਵਾਂ ਨੂੰ ਖੁੰਡਾ ਕਰਦੀ ਹੈ। ਆਮ ਬੰਦੇ ਨੂੰ ਸਾਂਝੇ ਕੰਮਾਂ ਤੋਂ ਪਰੇ ਧੱਕਦੀ ਹੈ।

ਦੂਜੀ ਪਹੁੰਚ ਹਉਮੇ ਵਾਲੀ ਹੈ। ਇਸ ਵਿੱਚ ਸਵੈ-ਪ੍ਰਸ਼ੰਸਾ ਭਾਰੂ ਰਹਿੰਦੀ ਹੈ ਜੋ ਆਪਸੀ ਸਬੰਧਾਂ ਵਿੱਚ ਤ੍ਰੇੜਾਂ ਪੈਦਾ ਕਰਦੀ ਹੈ। ਇਸ ਕਰੁਚੀ ਹੇਠ ਬੰਦੇ ਨੂੰ ਲਗਦਾ ਹੈ ਕਿ ਉਹ ਸਮਾਜ/ਜਥੇਬੰਦੀ ਦਾ ਅੰਗ ਨਹੀਂ, ਸਗੋਂ ਧੁਰਾ ਹੈ ਤੇ ਬਾਕੀ ਦੁਨੀਆਂ ਗ੍ਰਹਿਆਂ ਵਾਂਗ ਉਸ ਦੁਆਲੇ ਘੁੰਮਦੀ ਹੈ। ਉਹ ਵਿਅਕਤੀ ਅਤੇ ਜਥੇਬੰਦੀ/ਸਮਾਜ ਵਿਚਲੇ ਰਿਸ਼ਤੇ ਦੇ ਅੰਤਰਸਬੰਧਾਂ ਨੂੰ ਦੇਖਣ ਤੋਂ ਅਸਮਰਥ ਹੁੰਦਾ ਹੈ। ਉਹ ਵਿਰੋਧ-ਵਿਕਾਸੀ ਸ਼ਬਦ ਦੀ ਵਰਤੋਂ ਲੱਖ ਪਿਆ ਕਰੇ, ਖ਼ੁਦ ਤੇ ਲਾਗੂ ਨਹੀਂ ਕਰਦਾ। ਉਹ ਉਸ ਰੁੱਖ ਵਰਗਾ ਹੁੰਦਾ ਹੈ ਜੋ ਆਪਣੇ ਆਪ ਨੂੰ ਜੰਗਲ ਸਮਝਣ ਲੱਗ ਪਵੇ। ਉਹ ਪ੍ਰੇਰਣਾਦਾਇਕ ਬਣਨ ਦੀ ਬਜਾਏ, ਦੂਜਿਆਂ ਵਿੱਚ ਬਿਗਾਨੇਪਣ ਦਾ ਅਹਿਸਾਸ ਭਰਦਾ ਹੈ। ਨੁਕਸਾਨ ਇਹ ਹੁੰਦਾ ਹੈ ਕਿ ਆਪਸੀ ਨੇੜਤਾ ਤੇ ਯਕਜਿਹਤੀ ਗ੍ਰਹਿਣੀ ਜਾਂਦੀ ਹੈ। ਇਸ ਤਰਾਂ ਦੀ ਪਹੁੰਚ ਕਾਰਣ ਹੀ, ਮੈਂਬਰਾਂ ਵਿੱਚ ਲਗਾਅ ਅਤੇ ਅਪਣੱਤ ਦੀ ਬਜਾਏ, ਮਸ਼ੀਨੀ ਜਿਹੀ ਏਕਤਾ ਦਿਖਾਈ ਦਿੰਦੀ ਹੈ। ਇਸ ਦੇ ਉਲਟ, 'ਮੈਂ' 'ਅਸੀਂ' ਨਾਲ ਕਰਿੰਗੜੀ ਪਾ ਕੇ ਕਿਵੇਂ ਬਲਵਾਨ ਹੁੰਦੀ ਹੈ। ਇਸ ਦੀ ਖੂਬਸੂਰਤ ਉਦਾਹਰਣ, ਰੈਲੀ ਵਿੱਚ ਭਾਗ ਲੈਣ ਉਪਰੰਤ, ਚੰਡੀਗੜ੍ਹੋਂ ਪ੍ਰਾਈਵੇਟ ਜੀਪ ਤੇ ਕੋਟਕਪੂਰੇ ਵੱਲ ਵਾਪਸ ਆਉਂਦਿਆਂ, ਪਟਿਆਲੇ ਕੋਲ, ਨਾਕੇ ਤੇ ਵਾਪਰੀ ਘਟਨਾ ਹੈ। ਹਾਲਾਤ ਮਾੜੇ ਸਨ। ਪੁਲਸ ਗੱਡੀਆਂ ਰੋਕ ਰੋਕ ਤਾਲਾਸ਼ੀ ਲੈ ਰਹੀ ਸੀ। ਲੰਮੀ ਲਾਈਨ ਲੱਗੀ ਹੋਈ ਸੀ। ਛੇਤੀ ਜਾਣ ਦੀ ਲੋੜ ਚੋਂ, ਮਰਹੂਮ ਤਰਕਸ਼ੀਲ ਆਗੂ ਕ੍ਰਿਸ਼ਨ ਬਰਗਾੜੀ ਜੀਪ ਤੋਂ ਉਤਰਿਆ ਤੇ ਜਾ ਕੇ ਪੁਲਿਸ ਅਫਸਰ ਨੂੰ ਕਹਿੰਦਾ,'ਅਸੀਂ ਤਰਕਸ਼ੀਲ ਸੁਸਾਇਟੀ ਦੇ ਮੈਂਬਰ ਹਾਂ ਤੇ ਪ੍ਰੋਗਰਾਮ ਤੋਂ ਵਾਪਸ ਆ ਰਹੇ ਹਾਂ'। ਅਫਸਰ ਕਹਿੰਦਾ, 'ਤਰਕਸ਼ੀਲ ਵਾਲੇ ਓ ਤਾਂ ਜਾਓ'। ਬਿਨਾਂ ਕਿਸੇ ਪੁੱਛ-ਪੜਤਾਲ ਦੇ ਸਾਨੂੰ ਜਾਣ ਦਿੱਤਾ। ਸਾਡਾ ਸਮਾਂ ਬਚ ਗਿਆ ਤੇ ਖੱਜਲ ਖੁਆਰੀ ਵੀ।

ਸੁਆਲ ਪੈਦਾ ਹੁੰਦਾ ਹੈ ਇਹ ਲਿਹਾਜਦਾਰੀ ਤੇ ਪੁੱਗਤ ਦਾ ਆਧਾਰ ਕੀ ਸੀ ? ਕੀ ਪੁਲਸ ਅਫਸਰ, ਕ੍ਰਿਸ਼ਨ ਬਰਗਾੜੀ ਦੀ ਕੱਲੀ ਪੱਗ... ਸਲੀਕੇ ਜਾਂ ਸ਼ਖਸ਼ੀਅਤ ਤੋਂ ਪ੍ਰਭਾਵਿਤ ਹੋਇਆ ਸੀ ? ਸੋਹਣੀਆਂ ਪੱਗਾਂ ਵਾਲਿਆ ਦੀਆਂ ਕਾਰਾਂ ਤਾਂ ਪਾਲ ਵਿੱਚ ਲੱਗੀਆਂ ਖੜੀਆਂ ਸਨ। ਦਰਅਸਲ ਇਹ ਲਿਹਾਜਦਾਰੀ , ਸ਼ਬਦ 'ਤਰਕਸ਼ੀਲ' ਕਰਕੇ ਸੀ। ਇਹ ਸਨਮਾਨ ਤੇ ਮਾਨਤਾ, ਜਿਸ ਸ਼ਬਦ 'ਚੋਂ ਨਿਕਲੀ ਸੀ, ਉਸ ਨੂੰ ਕਈ ਹਜ਼ਾਰ ਮੈਂਬਰਾਂ, ਹਮਦਰਦਾਂ ਨੇ ਦਹਾਕਿਆਂ ਤੋਂ ਜੀਵਿਆ ਤੇ ਪਰਚਾਰਿਆ ਸੀ। ਇਸ ਘਟਨਾ ਤੋਂ, ਕਿਸੇ ਲੋਕ-ਪੱਖੀ ਲਹਿਰ ਤੇ ਉਸ ਲਹਿਰ ਨਾਲ ਜੁੜੇ ਵਿਅਕਤੀ ਦੇ ਪ੍ਰਭਾਵ ਦਾ ਪਤਾ ਚਲਦਾ ਹੈ।

ਤੀਜੀ ਪਹੁੰਚ, ਸਹਿਯੋਗਵਾਲੀ, ਸਹਿਕਾਰੀ ਭਾਵਨਾ ਦੀ ਹੈ। ਇਸ ਨੂੰ 'ਟੀਮ ਵਰਕ' ਵੀ ਕਹਿ ਸਕਦੇ ਹਾਂ। ਇਸ ਦੀ ਖੂਬਸੂਰਤ ਉਦਾਹਰਣ, ਭਾਜੀ ਗੁਰਸ਼ਰਨ ਜੀ ਦਾ ਕਥਨ ਹੈ ਕਿ 'ਮੈਂ ਲੋਕਾਂ ਨੂੰ ਮਿੱਧ ਕੇ ਨਹੀਂ, ਉਨਾਂ ਨੂੰ ਨਾਲ ਲੈ ਕੇ ਅਗਾਂਹ ਵਧਣ ਵਿੱਚ ਯਕੀਨ ਰੱਖਦਾ ਹਾਂ'। ਇਵੇਂ ਵਿਅਕਤੀ ਦੀ 'ਮੈਂ' 'ਅਸੀਂ' ਨਾਲ ਜੁੜ ਕੇ ਵਿਸ਼ਾਲ ਹੋ ਜਾਂਦੀ ਹੈ, ਉਹ ਨਿਓਟਾ ਜਾਂ ਨਿਥਾਵਾਂ ਨਹੀਂ ਰਹਿੰਦਾ। ਅਜਿਹਾ ਵਿਅਕਤੀ ਆਗੂ ਰੋਲ ਵੀ ਨਿਭਾਵੇ, ਉਹ ਬਾਸ ਵਾਲਾ ਨਹੀ, ਸਾਥੀਆਂ ਵਾਲਾ ਹੋਵੇਗਾ। ਇਹ ਵੀ ਪੱਲੇ ਬੰਨਣ ਵਾਲੀ ਗੱਲ ਹੈ ਕਿ ਸਮਾਜ ਵਿੱਚ ਰਹਿਣ ਨਾਲ ਹੀ ਕੋਈ ਵਿਅਕਤੀ 'ਸਮਾਜਿਕ' ਨਹੀਂ ਬਣ ਜਾਂਦਾ। ਇਸ ਲਈ ਉੱਕਤ ਦੱਸੀਆਂ ਹਾਂ-ਪੱਖੀ ਭਾਵਨਾਵਾਂ ਚਾਹੀਦੀਆਂ ਹਨ। ਇੰਨ੍ਹਾਂ ਨਾਲ ਹੀ 'ਮੈਂ' ਨੂੰ 'ਅਸੀਂ' ਨਾਲ ਇਕਸੁਰ ਕੀਤਾ ਜਾ ਸਕਦਾ ਹੈ। ਇਹ ਪ੍ਰਕ੍ਰਿਆ ਕਿਸੇ ਨਾ ਕਿਸੇ ਲੋਕਪੱਖੀ ਜਥੇਬੰਦੀ ਰਾਹੀਂ ਸਿਰੇ ਚੜ੍ਹਦੀ ਹੈ। ਇਨਾਂ ਨਾਲ ਜੁੜਨਾ ਜ਼ਿੰਮੇਵਾਰ ਹੋਣ ਦਾ ਸਬੂਤ ਹੈ। ਇਹੀ ਸਮਾਜਿਕ ਹੋਣਾ ਹੈ।

gondarasa@yahoo.com

(ਨੋਟ: ਇਹ ਕਾਲਮ ਉਸਾਰੂ ਵਿਚਾਰ ਚਰਚਾ ਲਈ ਸ਼ੁਰੂ ਕੀਤਾ ਗਿਆ ਹੈ।)

ਸ਼ੋਕ ਮਤਾ : ਤਰਕਸ਼ੀਲ ਸੁਸਾਇਟੀ ਪੰਜਾਬ ਪ੍ਰਸਿੱਧ ਇਨਕਲਾਬੀ ਕਵੀ ਅਤੇ ਸੀ.ਪੀ.ਆਈ. (ਐੱਮ.ਐੱਲ) ਨਿਊ ਡੈਮੋਕਰੇਸੀ ਦੇ ਸੂਬਾ ਸਕੱਤਰ ਦਰਸ਼ਨ ਖਟਕੜ ਦੀ ਜੀਵਨ ਸਾਥਣ ਅਰੁਨੇਸ਼ਵਰ ਕੌਰ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ (ਸਾਹਿਤ ਵਿਭਾਗ) ਭੂਰਾ ਸਿੰਘ ਮਹਿਮਾ ਸਰਜਾ ਦੀ ਜੀਵਨ ਸਾਥਣ ਸੁਖਵਿੰਦਰ ਕੌਰ, ਇਕਾਈ ਅੰਮ੍ਰਿਤਸਰ ਦੇ ਵਿੱਤ ਵਿਭਾਗ ਦੇ ਮੁਖੀ ਸੁਖਮੀਤ ਸਿੰਘ ਦੇ ਮਾਤਾ ਸਤਿਕਾਰਤ ਪ੍ਰਕਾਸ਼ ਕੌਰ, ਅੰਮ੍ਰਿਤਸਰ ਇਕਾਈ ਦੇ ਆਗੂ ਡਾ. ਸਮਸ਼ੇਰ ਹੇਰ ਅਤੇ ਵਰਿੰਦਰ ਕੌਰ ਦੇ ਨਜਦੀਕੀ ਸਤਿਕਾਰਤ ਬਾਬੂ ਰਾਮ, ਇਕਾਈ ਕੁਲਰੀਆਂ ਦੇ ਆਗੂ ਅਮਨ ਕੁਲਰੀਆਂ ਦੀ ਸਤਿਕਾਰਯੋਗ ਭਰਜਾਈ ਕ੍ਰਿਸ਼ਨਾ ਦੇਵੀ ਅਤੇ ਫਾਜ਼ਿਲਕਾ ਇਕਾਈ ਦੇ ਆਗੂ ਓਂਕਾਰ ਨਾਥ ਦੇ ਨੌਜਵਾਨ ਬੇਟੇ ਜੈਅੰਤ ਰਿਸ਼ੀਲ ਦੀ ਬੇਵਕਤ ਮੌਤ ਤੇ ਅਦਾਰਾ ਦੁੱਖ ਦਾ ਪ੍ਰਗਟਾਵਾ ਕਰਦਾ ਹੈ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦਾ ਹੈ।

ਸਿਹਤ ਅਤੇ ਬਾਜ਼ਾਰ-6

ਸਾਹਾਂ ਨੂੰ ਲਮਕਾਉਣ ਦਾ ਬਾਜ਼ਾਰ

-ਡਾ. ਸ਼ਿਆਮ ਸੁੰਦਰ ਦੀਪਤੀ



ਸਿਹਤ ਵਿਗਿਆਨ ਨੇ ਆਪਣੇ ਵਿਕਾਸ ਦੇ ਦੌਰਾਨ ਅਜਿਹੇ ਅਨੇਕਾਂ ਹੀ ਕਾਰਜ ਕੀਤੇ ਹਨ, ਜਿੰਨ੍ਹਾਂ ਨਾਲ ਮਨੁੱਖੀ ਜ਼ਿੰਦਗੀ ਨੂੰ ਮੌਤ ਦੇ ਮੂੰਹ ਵਿੱਚੋਂ ਕੱਢਿਆ ਗਿਆ ਹੈ। ਬੇਆਸ ਲੋਕਾਂ ਨੂੰ, ਸਿਹਤ ਵਿਗਿਆਨ ਨੇ ਆਸ ਦੀ ਕਿਰਨ ਦਿਖਾਈ ਹੈ। ਇਹ ਭਾਵੇਂ ਸਿਹਤ ਵਿਗਿਆਨ ਦੇ ਛੋਟੇ ਛੋਟੇ ਕਦਮ ਸੀ ਜਿਵੇਂ, ਨਿਮੋਨੀਏਂ ਅਤੇ ਟੱਟੀਆਂ ਦੀ ਬੀਮਾਰੀ ਲਈ ਐਂਟੀਬਾਉਟਿਕ ਤੇ ਚਾਹੇ ਦਿਲ- ਗੁਰਦੇ ਬਦਲਣ ਵਰਗੇ ਵੱਡੇ ਕਾਰਜਾਂ ਰਾਹੀਂ।

ਅਸੀਂ ਭਾਰਤੀ ਸੱਭਿਆਚਾਰ ਦੇ ਤੌਰ ਤੇ ਮਨੁੱਖੀ ਜ਼ਿੰਦਗੀ ਨੂੰ ਸਾਹਾਂ ਦੇ ਤੌਰ ਤੇ ਵੀ ਗਿਣਦੇ ਹਾਂ। 'ਇਸ ਸਖਸ਼ ਦੇ ਇੰਨ੍ਹੇ ਹੀ ਸਾਹ ਲਿਖੇ ਸੀ' ਅਕਸਰ ਕਿਹਾ ਜਾਂਦਾ। ਪਰ ਜਦੋਂ ਜ਼ਿੰਦਗੀ ਅਤੇ ਮੌਤ ਨਾਲ ਜੂਝ ਰਹੇ ਵਿਅਕਤੀ ਨੂੰ ਮੁੜ ਜ਼ਿੰਦਗੀ ਦੀ ਧੜਕਣ ਮਿਲਦੀ ਹੈ ਤਾਂ ਉਸਦੇ ਇਹ ਸਾਹ ਕਿਸੇ ਨਾ ਕਿਸੇ ਤਰ੍ਹਾਂ ਸਿਹਤ ਵਿਗਿਆਨ ਸਦਕਾ ਹੀ ਕਹੇ ਜਾ ਸਕਦੇ ਹਨ।

ਸਾਹ ਦੇਣੇ ਅਤੇ ਸਾਹ ਲਮਕਾਉਣੇ, ਸਾਹਾਂ ਦੀ ਗਿਣਤੀ ਵਧਾਉਣਾ ਤੇ ਸਾਹਾਂ ਦੀ ਗੁਣਵਤਾ ਵਿੱਚ ਵਾਧਾ ਕਰਨਾ, ਦੋ ਵੱਖਰੇ ਪਹਿਲੂ ਹਨ। ਅਕਸਰ ਇਹ ਕਥਨ ਵੀ ਸੁਣਿਆ ਜਾ ਸਕਦਾ ਹੈ ਕਿ ਜ਼ਿੰਦਗੀ ਲੰਮੀ ਨਹੀਂ, ਸਗੋਂ ਵਧੀਆ ਹੋਣੀ ਚਾਹੀਦੀ ਹੈ। ਇਸਦੇ ਨਾਲ ਮੌਤ ਨੂੰ ਅਸੀਂ ਜ਼ਿੰਦਗੀ ਦਾ ਸਦੀਵੀ ਹਿੱਸਾ ਵੀ ਮੰਨਦੇ ਹਾਂ। ਪਰ ਬੇਵਕਤੀ ਮੌਤ ਵੀ ਸਾਨੂੰ ਦੁੱਖ ਪਹੁੰਚਾਉਂਦੀ ਹੈ ਤੇ ਉਹੀ ਮੌਤ ਸਾਨੂੰ ਸੋਚਣ ਅਤੇ ਕੁੱਝ ਨਵਾਂ ਕਰਨ ਲਈ ਪ੍ਰੇਰਦੀ ਵੀ ਹੈ। ਸਿਹਤ ਵਿਗਿਆਨ ਦੀ ਇਹੀ ਸਮਝ ਹੀ ਦਵਾਈਆਂ, ਆਪ੍ਰੇਸ਼ਨਾਂ ਅਤੇ ਹੋਰ ਕਈ ਤਰੀਕਿਆਂ ਨੂੰ ਵਿਕਸਿਤ ਕਰ ਪਾਈ ਹੈ। ਇਕ ਪਾਸੇ ਅਸੀਂ ਬੇਵਕਤੀ ਮੌਤ ਦੀ ਗੱਲ ਕਰਦੇ ਹਾਂ ਅਤੇ ਦੂਸਰੇ ਪਾਸੇ ਬੇਮਤਲਬ ਸਾਹਾਂ ਨੂੰ ਲਮਕਾਉਣ ਦੀ। ਇਹ ਦੋਹੇਂ ਵਰਤਾਰੇ ਅੱਜ ਸਾਡੇ ਸਮਾਜ ਵਿੱਚ ਵੇਖੇ ਜਾ ਸਕਦੇ ਹਨ।

ਕਿਸੇ ਨਵਜਨਮੇਂ ਜਾਂ ਨੌਜਵਾਨ ਦੀ ਕਿਸੇ ਹਾਦਸੇ ਵਿੱਚ ਬੁਰੀ ਹਾਲਤ, ਜੋ ਕਿ ਸਿਹਤ ਵਿਗਿਆਨ ਦੇ ਆਧੁਨਿਕ ਉਪਰਾਲਿਆਂ ਨਾਲ ਬਚ ਸਕਦੀ ਹੈ ਪਰ ਕੋਈ ਵੀ ਮਦਦ ਨਹੀਂ ਪਹੁੰਚਦੀ ਤੇ ਦੂਸਰੇ ਪਾਸੇ ਜ਼ਿੰਦਗੀ ਦੇ ਆਖਰੀ ਪੜਾਅ ਤੇ, ਆਪਣੇ ਸਾਹਾਂ ਦੀ ਗਿਣਤੀ ਮੁਕਾ ਚੁੱਕੇ ਵਿਅਕਤੀ ਨੂੰ, ਆਰਜੀ ਫਰਜੀ ਸਾਹਾਂ ਨਾਲ ਸਾਂਭਿਆ- ਲਮਕਾਇਆ ਜਾਂਦਾ ਹੈ ਕਿਉਂਕਿ ਉਹ ਸਰਦੇ-ਪੁਜਦੇ ਘਰ ਤੋਂ ਹੈ। ਇਹ ਵਿਗਿਆਨ ਦਾ ਮਨੁੱਖੀ ਸਰੀਰ ਦੀ ਸਹਿਜਤਾ ਵਿੱਚ ਅਸਹਿਣਯੋਗ ਦਖਲ ਹੈ, ਜੋ ਕਿ ਅਸੀਂ ਵਿਗਿਆਨ ਦੇ ਸਿਖਰ ਸਮੇਂ, ਇਕੀਵੀਂ ਸਦੀ ਵਿੱਚ ਦੇਖ ਰਹੇ ਹਾਂ।

ਇਕੀਵੀਂ ਸਦੀ ਵਿੱਚ ਸਿਹਤ ਇੱਕ ਬਾਜ਼ਾਰ ਦੇ ਰੂਪ ਵਿੱਚ ਵਿਕਸਿਤ ਹੋ ਰਿਹਾ ਹੈ। ਬਾਜ਼ਾਰ ਦੀ ਲੋੜ ਹੁੰਦੀ ਹੈ। ਆਪਣੀਆਂ ਵੱਖ-ਵੱਖ ਲੋੜਾਂ ਲਈ ਸਾਨੂੰ ਬਾਜ਼ਾਰ ਜਾਣਾ ਪੈਂਦਾ ਹੈ। ਲੋਕ ਲੋੜਾਂ ਦੀ ਪੂਰਤੀ ਲਈ, ਇਸ ਤਰ੍ਹਾਂ ਦੀ ਸੇਵਾ ਨਿਭਾਉਂਦੇ ਰਹੇ ਹਨ ਅਤੇ ਸੇਵਾਵਾਂ ਹਾਸਿਲ ਕਰਦੇ ਰਹੇ ਹਨ। ਇੱਥੇ ਪਰ ਸੇਵਾ ਭਾਵ ਅਹਿਮ ਪਹਿਲੂ ਹੈ। ਮਤਲਬ ਮਦਦ ਕਰਨੀ ਤੇ ਲੈਣੀ। ਇਕ ਸਹਿਯੋਗ। ਸਮਾਜ ਦੀ ਬੁਨਿਆਦ ਹੀ ਸਹਿਯੋਗ ਹੈ। ਇਹ ਸੇਵਾ ਭਾਵ ਹੌਲੀ- ਹੌਲੀ ਮੁਨਾਫਾ ਕਮਾਉਣ ਨਾਲ ਜੁੜਦਾ ਜਾਂਦਾ ਹੈ ਤੇ ਸਮਾਜ ਦੇ ਤਾਣੇ ਬਾਣੇ ਨੂੰ ਸੱਟ ਮਾਰਨ ਲੱਗਦਾ ਹੈ।

ਸਿਹਤ ਤਾਂ ਅਜਿਹਾ ਪਹਿਲੂ ਹੈ, ਜਿਥੇ ਸੇਵਾ ਭਾਵ ਦੀ ਵੱਧ ਲੋੜ ਹੁੰਦੀ ਹੈ। ਦੁਖ ਦਰਦ ਅਤੇ ਮੌਤ ਦਾ ਸਾਇਆ ਕਦੋਂ, ਕਿਵੇਂ, ਕਿਸ ਵਿਅਕਤੀ ਨੂੰ ਥੱਲੇ ਸੁੱਟ ਲਵੇਗਾ, ਇਹ ਵਿਅਕਤੀ ਵਿਸ਼ੇਸ਼ ਤੇ ਨਿਰਭਰ ਨਹੀਂ ਕਰਦਾ, ਇਸ ਲਈ ਜ਼ਿੰਦਗੀ ਦੀ ਕੀਮਤ ਨੂੰ ਸਮਝਦੇ ਸਿਹਤ ਨੂੰ ਬਾਜ਼ਾਰਵਾਦ ਤੋਂ ਅਲੱਗ ਰੱਖਣ ਦੀ ਲੋੜ ਹੈ।

ਜ਼ਿੰਦਗੀ ਦੇ ਆਖਰੀ ਪੜਾਅ ਬਾਰੇ ਇੱਕ ਤੱਥ ਇਹ ਵੀ ਹੈ ਕਿ ਪਿਛਲੇ ਕੁੱਝ ਕੁ ਦਹਾਕਿਆਂ ਤੋਂ, ਸਿਹਤ ਦੇ ਖੇਤਰ ਵਿੱਚ ਹੋਏ ਕਾਰਜਾਂ ਕਾਰਨ, ਮੌਤ ਦਰ ਦੇ ਘੱਟ ਹੋਣ ਕਾਰਨ, ਔਸਤਨ ਉਮਰ ਵਿੱਚ ਵਾਧਾ ਹੋਇਆ ਹੈ। ਜਿੱਥੇ ਇਹ ਇੱਕ ਚੰਗੀ ਖੁਸ਼ਗਵਾਰ ਖਬਰ ਹੈ, ਉੱਥੇ ਹੀ ਉਮਰ ਦੇ ਵਾਧੇ ਨੇ, ਕੁੱਝ ਕੁ ਨਵੀਆਂ ਉਮਰ ਸੰਬੰਧੀ ਬੀਮਾਰੀਆਂ ਵਿੱਚ ਵਾਧਾ ਕੀਤਾ ਹੈ, ਜਿਵੇਂ ਪਾਰਕਿਨਸਨ, ਅਲਜਾਇਮਰ ਆਦਿ ਤੇ ਨਾਲ ਹੀ ਕੁਝ ਕੁ ਜੀਵਨ ਸ਼ੈਲੀ ਨਾਲ ਜੁੜੀਆਂ ਬਿਮਾਰੀਆਂ ਜਿਵੇਂ ਦਿਲ ਦੇ ਰੋਗ, ਦਿਮਾਗ ਨਾਲ ਜੁੜੀਆਂ ਅਲਾਮਤਾਂ, ਕੈਂਸਰ, ਬਲੱਡ ਪ੍ਰੈਸ਼ਰ ਅਤੇ ਸ਼ੂਗਰ ਰੋਗ ਦੀਆਂ ਪੇਚੀਦਗੀਆਂ ਨੇ ਵੀ ਇਸ ਉਮਰ ਨੂੰ ਕਾਫੀ ਆਪਣੇ ਘੇਰੇ ਵਿੱਚ ਲਿਆ ਹੈ। ਇਹ ਦੇਖਣ ਵਿੱਚ ਆਇਆ ਹੈ ਕਿ ਕੋਈ ਵਿਰਲਾ ਹੀ ਹੋਵੇਗਾ ਜੋ ਸੱਠ ਸਾਲ ਦੀ ਉਮਰ ਤੋਂ ਬਾਅਦ ਕਿਸੇ ਨਾ ਕਿਸੇ ਦਵਾਈ ਦੇ ਸਹਾਰੇ ਨਾ ਤੁਰਦਾ ਹੋਵੇ ਤੇ ਇਸੇ ਤਰ੍ਹਾਂ ਇਸ ਪੜਾਅ ਤੇ ਹਸਪਤਾਲ ਦੇ ਦਾਖਲੇ ਦੀ ਦਰ ਵਿੱਚ ਵੀ ਵਾਧਾ ਹੋਇਆ ਹੈ।

ਸਿਹਤ ਦੇ ਮਸ਼ੀਨੀ ਯੁੱਗ ਨੇ ਬੀਮਾਰੀ ਲੱਭਣ ਅਤੇ ਇਲਾਜ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਐੱਮ.ਆਰ.ਆਈ., ਸਕੈਨ, ਅਲਟਰਾਸਾਊਂਡ, ਆਟੋਏਨਾਲਾਇਜਰ ਆਦਿ ਮਸ਼ੀਨਾਂ ਨੇ ਸਰੀਰ ਦੇ ਲੁਕਵੇਂ ਤੋਂ ਲੁਕਵੇਂ ਅਤੇ ਅੰਦਰਲੀਆਂ ਪਰਤਾਂ ਤੱਕ ਸਰੀਰ ਦੀ ਰਚਨਾ ਨੂੰ ਸਮਝਣ ਅਤੇ ਉਸ ਵਿੱਚ ਆਏ ਵਿਗਾੜ ਨੂੰ ਸਮਝਣ ਵਿੱਚ ਮਦਦ ਕੀਤੀ ਹੈ। ਇਹੀ ਕਾਰਨ ਹੈ ਕਿ ਦਿਮਾਗ ਦੀਆਂ ਸੱਟਾਂ ਜਾਂ ਹੋਰ ਅਲਾਮਤਾਂ, ਦਿਲ ਦੀਆਂ ਖੂਨ ਦੀਆਂ ਨਾੜਾਂ ਦੀ ਜਾਂਚ ਅਤੇ ਇਲਾਜ ਸੰਭਵ ਹੋ ਸਕੇ ਹਨ। ਇੰਨ੍ਹਾਂ ਮਸ਼ੀਨਾਂ ਨੇ ਦਿਲ ਦੇ ਆਪਰੇਸ਼ਨ ਨੂੰ ਬਿਨਾਂ ਚੀਰ ਫਾੜ ਰਾਹੀਂ ਅਸਾਨ ਬਣਾਇਆ ਹੈ। ਇਸੇ ਲੜੀ ਵਿੱਚ ਹੀ ਵੈਂਟੀਲੇਟਰ ਮਸ਼ੀਨ ਦੀ ਕਾਢ, ਬੇਹੋਸ਼ ਵਿਅਕਤੀ ਨੂੰ ਆਰਜੀ ਤੌਰ ਤੇ ਸਾਹ ਦੇਣ ਦੇ ਜਰੀਏ ਨੇ, ਮਰੀਜ ਨੂੰ ਐਮਰਜੈਂਸੀ ਵਿੱਚ ਕੁੱਝ ਦਿਨ ਰਾਹਤ ਪਹੁੰਚਾਉਣ ਦਾ ਕਾਰਜ

ਬਾਖੂਬੀ ਕਰਕੇ ਵਿਖਾਇਆ ਹੈ, ਤੇ ਮਰੀਜ ਨੂੰ ਉਸਦੇ ਕੁਦਰਤੀ ਸਾਹ ਮੁੜਣ ਤੱਕ ਸਾਂਭ ਕੇ ਰੱਖਿਆ ਹੈ।

ਗੱਲ ਫਿਰ ਉਹੀ ਹੈ ਕਿ ਵਿਗਿਆਨ ਦੀ ਕੋਈ ਕਾਢ, ਉਸ ਸੋਚ ਤੇ ਅਧਾਰਤ ਹੁੰਦੀ ਹੈ ਕਿ ਮਨੁੱਖੀ ਜਾਤ ਨੂੰ ਕਿਵੇਂ ਸੌਖਾ ਸੁਖਾਲਾ ਕੀਤਾ ਜਾਵੇ। ਪਰ ਬਾਜ਼ਾਰ ਵਿੱਚ ਆ ਕੇ ਉਹ ਸੋਚ ਆਪਣਾ ਰੂਪ ਮੁਨਾਫੇ ਵਾਲਾ ਬਣਾ ਲੈਂਦੀ ਹੈ। ਮਸ਼ੀਨਾਂ ਤੋਂ ਇਲਾਵਾ ਦਵਾਈਆਂ ਦੀ ਕਾਢ ਦਾ ਮਕਸਦ ਵੀ ਉਹੀ ਹੈ। ਵਿਗਿਆਨੀ ਸਾਲਾਂ ਬੱਧੀ ਦਵਾਈਆਂ ਦੀ ਖੋਜ ਕਰਦੇ ਹਨ ਤੇ ਉਸਦਾ ਅਸਰ ਅੱਜ ਮਨੁੱਖੀ ਜਾਤ ਤੇ ਸਪੱਸ਼ਟ ਨਜਰ ਆ ਰਿਹਾ ਹੈ। ਜਦੋਂ ਅਸੀਂ ਸਿਹਤ ਨਾਲ ਜੁੜੇ ਖੋਜ ਅਤੇ ਵਿਕਾਸ ਦੇ ਕਾਰਜਾਂ ’ਤੇ ਇੱਕ ਵਿਸ਼ਲੇਸ਼ਣੀ ਝਾਤ ਮਾਰਦੇ ਹਾਂ ਤਾਂ ਇੱਕ ਗੱਲ ਸਪੱਸ਼ਟ ਰੂਪ ਵਿੱਚ ਉਭਰਦੀ ਹੈ ਕਿ ਖੋਜ ਦਾ ਖੇਤਰ ਉਨ੍ਹਾਂ ਬੀਮਾਰੀਆਂ ਪ੍ਰਤੀ ਵੱਧ ਝੁਕਾਅ ਰੱਖਦਾ ਹੈ ਜੋ ਅਮੀਰ ਵਰਗ ਨਾਲ ਸੰਬੰਧਿਤ ਹੋਣ। ਉਸ ਵਕਤ ਇਸ ਸਨਅਤ ਨਾਲ ਜੁੜੇ ਲੋਕਾਂ ਵਿੱਚ ਆਪਣੇ ਸਾਲਾਂ ਬੱਧੀ ਹੋਏ ਖਰਚੇ ਨੂੰ ਕੱਢਣਾ ਹੁੰਦਾ ਹੈ। ਉਹ ਫਿਰ ਦਵਾਈ ਜਾਂ ਮਸ਼ੀਨ ਦਾ ਮੁੱਲ ਰੱਖਣ ਲੱਗੇ, ਇਸ ਖਰਚੇ ਨੂੰ ਆਧਾਰ ਬਣਾਉਂਦੇ ਹਨ।

ਇਸੇ ਲੜੀ ਵਿੱਚ ਅਗਲਾ ਅਹਿਮ ਪਹਿਲੂ ਹੈ ਕਿ ਬਿਮਾਰੀ ਲਈ ਦਵਾਈ ਲਿਖਣਾ ਜਾਂ ਆਪਰੇਸ਼ਨ ਦਾ ਸੁਝਾਅ ਦੇਣਾ, ਡਾਕਟਰ ਦੇ ਮੂੰਹ ਤੋਂ ਜਾਂ ਪਰਚੀ ਰਾਹੀਂ ਪੈੱਨ ਤੋਂ ਆਉਂਦਾ ਹੈ। ਉਸ ਵੇਲੇ ਸਨਅਤਕਾਰ ਜਾਂ ਵਿਉਪਾਰੀ ਸਾਹਮਣੇ ਨਹੀਂ ਹੁੰਦਾ, ਇਸ ਲਈ ਆਖਰ ਡਾਕਟਰ ਇਸ ਕ੍ਰਿਆ ਦਾ ਜ਼ਿੰਮੇਵਾਰ ਹੋ ਨਿਬੜਦਾ ਹੈ। ਦਰਅਸਲ ਇਸ ਪ੍ਰਕ੍ਰਿਆ ਵਿੱਚ, ਸਨਅਤਕਾਰ ਡਾਕਟਰ ਕੋਲ ਪਹੁੰਚ ਕਰਦਾ ਹੈ, ਆਪਣੀਆਂ ਮਸ਼ੀਨਾਂ ਵਰਤਣ ਜਾਂ ਦਵਾਈਆਂ ਲਿਖਣ ਲਈ। ਡਾਕਟਰ ਦੀ ਸੂਝ ਇਸ ਗੱਲ ਵਿੱਚ ਹੈ ਕਿ ਉਹ ਕਿਹੜੀ ਦਵਾਈ, ਕਿੰਨੀ ਅਤੇ ਕਿਵੇਂ ਲਿਖੇ।

ਇਹ ਵੀ ਗੱਲ ਠੀਕ ਹੈ ਕਿ ਬਲੱਡ ਪ੍ਰੈਸ਼ਰ, ਸ਼ੂਗਰ ਰੋਗ ਆਦਿ ਬੀਮਾਰੀਆਂ ਲਈ ਸਾਰੀ ਉਮਰ ਦਵਾਈ ਖਾਣ ਦੀ ਗੱਲ ਕਹੀ ਜਾਂਦੀ ਹੈ। ਇਹ ਬਿਮਾਰੀਆਂ ਦਵਾਈ ਨਾਲ ਕਾਬੂ ਹੇਠ ਰਹਿੰਦੀਆਂ ਹਨ, ਠੀਕ ਨਹੀਂ ਹੁੰਦੀਆਂ। ਜਦੋਂ ਕਿ ਡਾਕਟਰ ਨੂੰ ਇਹ ਤੱਥ ਵੀ ਪਤਾ ਹੈ ਕਿ ਇਹ ਜੀਵਨ ਸ਼ੈਲੀ ਨਾਲ ਜੁੜੀਆਂ ਬੀਮਾਰੀਆਂ ਹਨ। ਖੁਰਾਕ ਵਿੱਚ ਵਿਗਾੜ, ਸਰੀਰਕ ਹਰਕਤ ਤੋਂ ਪਰਹੇਜ, ਸਿਗਰੇਟ-ਸ਼ਰਾਬ ਦਾ ਸੇਵਨ ਆਦਿ ਬਦਲੇ ਜਾ ਸਕਣ ਵਾਲੇ ਕਾਰਨ ਹਨ। ਪਰ ਡਾਕਟਰ ਇੰਨ੍ਹਾਂ ਨੂੰ ਬਹੁਤ ਤਰਜੀਹ ਨਾ ਦੇ ਕੇ, ਆਪਣਾ ਧਿਆਨ ਦਵਾਈਆਂ ਤੱਕ ਕੇਂਦ੍ਰਿਤ ਰੱਖਦੇ ਹਨ।

ਦਵਾਈ ਸਨਅਤ ਦੇ ਖੋਜ ਦਾ ਕਾਰਜ ਵੀ ਅਜਿਹੀਆਂ ਬੀਮਾਰੀਆਂ ਤੇ ਵੱਧ ਖਰਚ ਕਰਦਾ ਹੈ, ਨਾ ਕਿ ਸਾਡੇ ਵਰਗੇ ਮੁਲਕ ਦੀਆਂ ਬੀਮਾਰੀਆਂ ਮਲੇਰੀਆ, ਟੀ.ਬੀ. ਜਾਂ ਅਜਿਹੀਆਂ ਹੋਰ। ਇਹ ਇੱਕ ਤੱਥ ਹੈ ਕਿ ਇਹ ਖੋਜ ਖਰਚ ਦਾ ਅਨੁਪਾਤ 90:10 ਹੈ। ਦਵਾਈ ਤੇ ਜੋਰ ਦੇਣਾ ਅਤੇ ਜੀਵਨ ਸ਼ੈਲੀ ਦੀ ਤਬਦੀਲੀ ਤੇ ਸਮਾਂ ਨਾ ਲਗਾਉਣਾ ਵਾਲੇ ਪੱਖ ਵਿੱਚ ਹੋਰ ਕਈ ਕਾਰਨਾਂ ਪਿੱਛੇ ਇਕ ਕਾਰਨ ਸਨਅਤਕਾਰ ਦਾ ਡਾਕਟਰ ਨੂੰ ਲਾਲਚ ਦੇਣਾ ਹੈ ਜੋ ਕਿ ਬਹੁਤ ਵਾਰੀ ਤੋਹਫੇ ਦੇ ਰੂਪ ਵਿੱਚ ਹੁੰਦਾ ਹੈ। ਉਹ ਭਾਵੇਂ ਕਾਨਫਰੰਸਾਂ ’ਤੇ ਜਾਣ ਲਈ ਹਵਾਈ ਸਫਰ ਤੇ ਹੋਟਲਾਂ ਵਿੱਚ ਠਹਿਰਣ ਦੇ ਰੂਪ ਵਿੱਚ ਹੋਵੇ ਜਾਂ ਕਲੀਨਕ ਹਸਪਤਾਲ ਵਿੱਚ ਏ.ਸੀ. ਆਦਿ ਲਵਾ ਕੇ ਦੇਣ ਦੇ ਰੂਪ ਵਿੱਚ।

ਇਸੇ ਲੜੀ ਦਾ ਹੀ ਹਿੱਸਾ ਹੈ ਕਿ ਜਿਵੇਂ ਵਿਉਪਾਰੀ ਖੋਜਾਂ ਦੇ ਪੈਸੇ ਦਵਾਈ ਵਿੱਚੋਂ ਕੱਢਣ ਲਈ ਮਹਿੰਗੇ ਮੁੱਲ ਦੀ ਗੱਲ ਕਰਦਾ ਹੈ, ਉਸੇ ਤਰ੍ਹਾਂ ਮੈਡੀਕਲ ਕਾਲਜਾਂ ਵਿੱਚ ਅਮੀਰ ਘਰਾਂ ਦੇ ਬੱਚਿਆਂ ਦੇ ਅਸਿੱਧੇ ਦਾਖਲੇ ਨੇ ਇਹ ਗੱਲ ਦਿਮਾਗ ਵਿੱਚ ਪਾਈ ਹੈ ਕਿ ਕਰੋੜ-ਰੁਪਏ ਦੀ ਡੋਨੇਸ਼ਨ ਦੇ ਕੇ ਬਣਿਆ ਡਾਕਟਰ, ਹਰ ਹੀਲੇ ਆਪਣੇ ਪੈਸੇ ਪੂਰੇ ਕਰੇਗਾ ਹੀ। ਮਸ਼ੀਨੀ ਸਨਅਤ ਦੇ ਪੱਖ ਤੋਂ, ਜੇਕਰ ਅੰਦਾਜ਼ਾ ਲਾਈਏ ਐਮ.ਆਰ.ਆਈ. ਦੀ ਮਸ਼ੀਨ, ਛੋਟੀ ਤੋਂ ਛੋਟੀ, ਘੱਟ ਪ੍ਰਭਾਵ ਵਾਲੀ ਇੱਕ ਕਰੋੜ ਦੀ ਹੈ ਤੇ ਵਧੀਆ ਮਸ਼ੀਨ ਦੀ ਕੀਮਤ ਪੰਦਰਾਂ ਕਰੋੜ। ਡਾਕਟਰ ਨੂੰ ਬੈਂਕ ਰਾਹ ਦਿਖਾਉਂਦਾ ਹੈ, ਕਰਜੇ ਦੇ ਰੂਪ ਵਿੱਚ। ਕਰਜਾ ਲੈ ਕੇ ਸ਼ੁਰੂ ਕਰਨ ਵਾਲਾ ਡਾਕਟਰ ਰੋਜ ਸ਼ਾਮ ਨੂੰ ਕਿਸ਼ਤ ਮੋੜਣ ਦਾ ਹਿਸਾਬ ਲਗਾਉਂਦਾ ਹੈ ਤੇ ਫਿਰ ਮਰੀਜਾਂ ਨੂੰ ਨਹੀਂ, ਗ੍ਰਾਹਕਾਂ ਨੂੰ ਖਿੱਚ ਕੇ ਲਿਆਉਂਦਾ ਹੈ। ਕਮੀਸ਼ਨਾਂ ਦਿੰਦਾ ਹੈ ਤੇ ਹੋਰ ਢੰਗ ਤਰੀਕੇ (ਜਾਇਜ ਨਜਾਇਜ) ਵਰਤਦਾ ਹੈ।

ਇਸ ਸਾਰੀ ਪ੍ਰਕ੍ਰਿਆ ਨੂੰ ਇਸ ਪਹਿਲੂ ਤੋਂ ਸਮਝ ਸਕਦੇ ਹਾਂ ਕਿ ਇਕ ਪਾਸੇ ਡਾਕਟਰ ਬਨਣ ਲਈ ਬੈਕਡੋਰ, ਚੋਰੀ ਰਾਹ ਲੱਭੇ ਗਏ ਹਨ, ਬਹਾਨਾ ਕਾਲਜ ਨੂੰ ਦਾਨ ਦੇਣ ਦੇ ਰੂਪ ਵਿੱਚ। ਦੂਸਰੇ ਪਾਸੇ ਦਵਾਈ ਅਤੇ ਮਸ਼ੀਨੀ ਸਨਅਤ ਦਾ ਹੱਥ ਉੱਪਰ ਉੱਠ ਰਿਹਾ ਹੈ। ਡਾਕਟਰ ਦੀ ਨਿਰਭਰਤਾ ਦੋਹਾਂ ਤੇ ਵੱਧ ਗਈ ਹੈ। ਜੋ ਕਦੇ ਪਹਿਲਾਂ ਡਾਕਟਰ ਤੇ ਨਿਰਭਰ ਕਰਦਾ ਸੀ। ਮਾਲ ਵੇਚਣ ਲਈ, ਅੱਜ ਡਾਕਟਰ ਆਪਣੇ ਆਪ ਨੂੰ ਬਾਜ਼ਾਰ ਵਿੱਚ ਬਣਾਕੇ ਰੱਖਣ ਲਈ, ਆਧੁਨਿਕ ਮਸ਼ੀਨਾਂ ਦੀ ਖੁਦ ਮੰਗ ਕਰਦਾ ਹੈ, ਉਹ ਭਾਵੇਂ ਖੂਨ ਟੈਸਟ ਦੀਆਂ ਮਸ਼ੀਨਾ ਹੋਣ ਤੇ ਚਾਹੇ ਹੋਰ। ਇਸ ਤਰ੍ਹਾਂ ਇਸ ਖੇਡ ਵਿੱਚ ਹੌਲੀ ਹੌਲੀ ਆਪਣੇ ਸੇਵਾ ਨਾਲ ਜੁੜੇ ਕਿੱਤੇ ਤੋਂ ਬਾਹਰ, ਬਾਜ਼ਾਰਵਾਦ ਨਾਲ ਜੁੜ ਗਿਆ ਹੈ। ਉਸਦੀ ਮਾਨਸਿਕਤਾ ’ਤੇ ਬਜਾਰ, ਮੁਨਾਫਾ, ਕਮਾਈ ਭਾਰੂ ਹੋ ਗਏ ਹਨ ਅਤੇ ਇਸ ਲਈ ਉਹ ਪੰਜਤਾਰਾ ਹੋਟਲਨੁਮਾ ਹਸਪਤਾਲਾਂ ਰਾਹੀਂ ਮਰੀਜ ਨੂੰ ਵੱਧ ਤੋਂ ਵੱਧ ਦਿਨ ਰੱਖਣ, ਆਈ.ਸੀ.ਯੂ. ਅਤੇ ਵੈਂਟੀਲੇਟਰ ਵਿੱਚ ਲੰਮਾ ਸਮਾਂ ਲੰਘਾਉਣ ਅਤੇ ਹੋਰ ਅਜਿਹੇ ਕਾਰਜਾਂ ਵਿੱਚ ਪਾ ਕੇ ਵੀ ਕਿਸੇ ਤਰ੍ਹਾਂ ਇਹ ਨਹੀਂ ਸੋਚਦਾ ਕਿ ਕੁੱਝ ਗਲਤ ਹੋ ਰਿਹਾ ਹੈ। ਸਾਰੀ ਗੱਲ ਦਾ ਸਿੱਟਾ ਇਹ ਹੈ ਕਿ ਡਾਕਟਰੀ ਦਾ ਕਿੱਤਾ, ਭਾਵ ਸਿਹਤ ਅਤੇ ਬੀਮਾਰੀ ਦਾ ਪਹਿਲੂ, ਮਨੁੱਖੀ ਜ਼ਿੰਦਗੀ ਦੇ ਦੁੱਖ- ਦਰਦ ਨੂੰ ਦੂਰ ਕਰਨ ਵਾਲਾ ਕਾਰਜ, ਜਦੋਂ ਕਰੋੜਾਂ ਰੁਪਏ ਦੇ ਬਾਜ਼ਾਰ ਨਾਲ ਜੁੜੇਗਾ ਤਾਂ ਇਹ ਸਭ ਹੋਣਾ ਹੀ ਹੋਣਾ ਹੈ। ਇਸਦੇ ਛੁਟਕਾਰੇ ਦਾ ਇੱਕੋ ਹੀ ਇਲਾਜ ਹੈ, ਤੇ ਉਹ ਹੈ ਇਹ ਕਾਰਜ ਸਮੂਹਿਕ ਹੋਣ, ਸਰਕਾਰਾਂ ਕਰਨ, ਜਿੱਥੇ ਸਭ ਨੂੰ ਬਰਾਬਰ ਸਹੂਲਤਾਂ, ਮੁਫਤ ਮੁਹੱਈਆ ਹੋਣ। ਸਰਕਾਰ ਕੋਲ ਟੈਕਸ ਇਕੱਠੇ ਕਰਨ ਦੇ ਕਈ ਜਰੀਏ ਹਨ ਜਾਂ ਹੋਰ ਜਰੀਏ ਤਲਾਸ਼ਣੇ ਚਾਹੀਦੇ ਹਨ, ਪਰ ਸਿਹਤ ਅਤੇ ਬੀਮਾਰੀ ਵਾਲਾ ਪੱਖ ਬਿਨਾਂ ਸ਼ੱਕ ਮੁਫਤ ਹੋਣਾ ਚਾਹੀਦਾ ਹੈ। ਇਥੇ ਸਭ ਦਾ ਫਰਜ਼ ਬਣਦਾ ਹੈ ਕਿ ਇਹ ਸਭ ਜਾਣਦੇ ਹੋਏ ਆਪਣੇ ਰਾਜਨੀਤਕ ਖੇਤਰ ਵਿੱਚ, ਲੋਕਤੰਤਰ ਦੀ ਪ੍ਰਕ੍ਰਿਆ ਵਿੱਚ ਇਸ ਨੂੰ ਇਕ ਆਵਾਜ਼ ਦਿੱਤੀ ਜਾਵੇ। **98158-08506**

ਮਨੋਰੋਗ ਮਾਹਿਰ ਦੀ ਕਲਮ ਤੋਂ

ਇਲਾਜ ਉਪਰੰਤ ਨਸ਼ੇ ਵਿੱਚ ਮੁੜ ਗ੍ਰਸਣਾ



- ਡਾ. ਬਲਵੰਤ ਸਿੱਧੂ

ਸੁਆਲ:- ਮੇਰਾ 24 ਸਾਲ ਦਾ ਬੇਟਾ ਨਸ਼ੇ ਕਰਦਾ ਹੈ। ਮੈਂ ਉਸਦਾ ਕਈ ਵਾਰ ਇਲਾਜ ਕਰਵਾ ਚੁੱਕਿਆ ਹਾਂ। ਉਹ ਕੁਝ ਦੇਰ ਠੀਕ ਰਹਿੰਦਾ ਹੈ ਪਰ ਫੇਰ ਨਸ਼ੇ ਕਰਨ ਲੱਗ ਜਾਂਦਾ ਹੈ। ਚੰਗੇ ਡਾਕਟਰਾਂ ਤੋ ਇਲਾਜ ਕਰਵਾਕੇ ਵੀ ਇਸ ਤਰ੍ਹਾਂ ਕਿਉਂ ਹੁੰਦਾ ਹੈ ? ਮੈਂ ਅਤੇ ਮੇਰਾ ਸਾਰਾ ਪਰਿਵਾਰ ਬਹੁਤ ਹੀ ਜ਼ਿਆਦਾ ਪ੍ਰੇਸ਼ਾਨ ਹੈ। ਕਿਰਪਾ ਕਰਕੇ ਕੋਈ ਹੱਲ ਦੱਸੋ।

ਜੁਆਬ: ਤੁਸੀਂ ਜੋ ਬਿਆਨ ਕੀਤਾ ਹੈ ਇਹ ਅੱਜ ਦੇ ਬਹੁਤ ਪਰਿਵਾਰਾਂ ਅਤੇ ਨੌਜਵਾਨਾਂ ਦੀ ਕਹਾਣੀ ਹੈ। ਇਹ ਅਜੋਕੇ ਸਮੇਂ ਦੀ ਇੱਕ ਗੰਭੀਰ ਸਮੱਸਿਆ ਹੈ। ਆਓ ਆਪਾਂ ਇਸ ਸਮੱਸਿਆ ਨੂੰ ਸਮਝਣ ਅਤੇ ਵਿਚਾਰਨ ਦੀ ਕੋਸ਼ਿਸ਼ ਕਰੀਏ ਅਤੇ ਹੱਲ ਸਮਝੀਏ। ਏਥੇ ਸ਼ੁਰੂ ਵਿੱਚ ਹੀ ਇਹ ਗੱਲ ਚੰਗੀ ਤਰਾਂ ਜਾਣ ਲੈਣੀ ਚਾਹੀਦੀ ਹੈ ਕਿ ਬੇਸ਼ਕ ਇਹ ਇੱਕ ਗੰਭੀਰ ਸਮੱਸਿਆ ਹੈ ਪਰ ਇਸ ਦੇ ਸਫਲ ਹੱਲ ਮੌਜੂਦ ਹਨ ਅਤੇ ਉਪਲਬਧ ਹਨ।

ਨਸ਼ਾ ਤਾਕਤਵਰ ਕਿਉਂ ਹੈ ? ਆਓ ਆਪਾਂ ਇਹ ਸਮਝਣ ਦੀ ਕੋਸ਼ਿਸ਼ ਕਰੀਏ ਕਿ ਨਸ਼ਾ ਵਿਅਕਤੀ ਉਤੇ ਏਨਾ ਹਾਵੀ ਕਿਉਂ ਹੋ ਜਾਂਦਾ ਹੈ ਜਾਂ ਨਸ਼ੇ ਦਾ ਗਲਬਾ ਏਨਾ ਮਜ਼ਬੂਤ ਕਿਉਂ ਹੈ ? ਇਹ ਮਨੁੱਖੀ ਜਮਾਂਦਰੂ ਸੁਭਾਅ ਹੈ ਕਿ ਉਹ ਕੋਈ ਵੀ ਕੰਮ ਦੋ ਕਾਰਨਾਂ ਵਿੱਚੋਂ ਕਿਸੇ ਇੱਕ ਕਾਰਣ ਕਰਕੇ ਕਰਦਾ ਹੈ। ਪਹਿਲਾ ਕਾਰਣ ਹੈ ਲਾਲਚ ਅਤੇ ਦੂਜਾ ਹੈ ਡਰ। ਇੱਥੇ ਭਾਵ ਇਹ ਹੈ ਕਿ ਆਮ ਵਿਅਕਤੀ ਕਿਸੇ ਲਾਲਚ, ਲਾਲਸਾ ਜਾਂ ਕੁੱਝ ਇਨਾਮ ਹਾਸਲ ਕਰਨ ਲਈ ਕੁਝ ਕਰਦਾ ਹੈ। ਉਦਾਹਰਣ ਦੇ ਤੌਰ ਤੇ ਹੁਸ਼ਿਆਰ ਵਿਦਿਆਰਥੀ ਪੜਾਈ ਜਾਨ ਮਾਰ ਕੇ ਇਸ ਲਈ ਕਰ ਸਕਦਾ ਹੈ ਕਿ ਉਹ ਇਮਤਿਹਾਨ ਵਿੱਚ ਮੈਰਿਟ ਲਿਸਟ ਵਿੱਚ ਆਕੇ ਵਜ਼ੀਫਾ ਹਾਸਲ ਕਰ ਸਕੇ ਜਾਂ ਮੈਡੀਕਲ ਕਾਲਜ ਜਾਂ ਆਈ ਏ ਐਸ ਦਾ ਇਮਤਿਹਾਨ ਪਾਸ ਕਰ ਸਕੇ ਜਾਂ ਕੋਈ ਚੰਗੀ ਨੌਕਰੀ ਪ੍ਰਾਪਤ ਕਰ ਸਕੇ। ਇਸ ਤਰ੍ਹਾਂ ਕੋਈ ਵਿਅਕਤੀ ਲਾਲਚ ਕਰਕੇ ਕੁਝ ਕਰਦਾ ਹੈ। ਇਸ ਦੇ ਉਲਟ ਕੋਈ ਵਿਦਿਆਰਥੀ ਪੜ੍ਹਾਈ ਸਿਰਫ ਇਸ ਕਰਕੇ ਕਰ ਸਕਦਾ ਹੈ ਕਿ ਉਹ ਫੇਲ੍ਹ ਨਾ ਹੋਵੇ ਅਤੇ ਆਪਣੇ ਅਧਿਆਪਕ ਜਾਂ ਪਿਉ ਦੀ ਮਾਰ ਤੋਂ ਬਚ ਸਕੇ ਕਿਉਂਕਿ ਪ੍ਰਬੰਧ ਨੇ ਸਾਨੂੰ ਇਹੀ ਮਾਨਸਿਕਤਾ ਦਿੱਤੀ ਹੈ। ਜ਼ਿਆਦਾਤਰ ਵਿਅਕਤੀ ਗੈਰ ਕਾਨੂੰਨੀ ਕੰਮ ਇਸ ਕਰਕੇ ਨਹੀਂ ਕਰਦੇ ਕਿਉਂਕਿ ਉਹ ਕਾਨੂੰਨ ਦੀ ਸਜ਼ਾ ਤੋਂ ਜਾਂ ਪੁਲੀਸ ਤੋਂ ਡਰਦੇ ਹਨ। ਸਧਾਰਣ ਸ਼ਬਦਾਂ ਵਿੱਚ ਜ਼ਿਆਦਾਤਰ ਕੰਮ ਲਾਲਚ ਜਾਂ ਡਰ ਦੋਨਾਂ ਵਿੱਚੋ ਕਿਸੇ ਇੱਕ ਕਾਰਣ ਕਰਕੇ ਹੁੰਦੇ ਹਨ। ਪਰ ਨਸ਼ਾ ਇੱਕ ਅਜਿਹੀ ਚੀਜ਼ ਹੈ ਜਿਥੇ ਇਹ ਦੋਵੇਂ (ਲਾਲਚ ਅਤੇ ਡਰ) ਇੱਕਠੇ ਕੰਮ ਕਰਦੇ ਹਨ। ਉਦਾਹਰਣ ਦੇ ਤੌਰ ਤੇ ਕੋਈ ਸ਼ਰਾਬੀ ਸ਼ਰਾਬ ਨੂੰ ਨਸ਼ੇ ਦੇ ਸਰੂਰ ਦੇ ਲਾਲਚ ਕਰਕੇ ਪੀਂਦਾ ਹੈ ਅਤੇ ਇਸ ਨੂੰ ਨਾ ਪੀਣ ਕਰਕੇ ਹੋਣ ਵਾਲੀ ਤੋੜ ਤੋਂ ਡਰਦਾ ਹੋਇਆ ਵੀ ਪੀਂਦਾ ਹੈ। ਇਸ ਦਾ ਭਾਵ ਇਹ ਹੈ ਕਿ ਉਹ ਸ਼ਰਾਬ ਦਾ ਲਾਲਚ ਅਤੇ ਤੋੜ ਤੋਂ ਡਰ ਦੋਵੇਂ ਹਾਲਤਾਂ ਕਾਰਣ ਸ਼ਰਾਬ ਪੀਂਦਾ ਹੈ ਜਾਂ ਪੀਣੀ ਜਾਰੀ ਰੱਖਦਾ ਹੈ। ਇਸੇ ਤਰਾਂ ਹੋਰ ਨਸ਼ੇ ਅਫੀਮ ਭੁੱਕੀ ਜਾਂ ਸਮੈਕ ਦੇ ਆਦੀ ਲੋਕ ਵੀ ਨਸ਼ੇ ਦੇ ਸਰੂਰ ਦੇ ਲਾਲਚ ਅਤੇ ਨਾ ਵਰਤਣ ਤੇ ਤੋੜ ਜਾਂ ਤਕਲੀਫ ਦੇ ਡਰੋਂ ਨਸ਼ਾ ਕਰਨਾ ਜਾਰੀ ਰੱਖਦੇ ਹਨ।

ਜ਼ਿਆਦਾਤਰ ਨਸ਼ਾ ਕਰਨ ਵਾਲੇ ਵਿਅਕਤੀ ਪਰਿਵਾਰ ਤੇ ਸਮਾਜ ਦੇ ਦਬਾਅ ਜਾਂ ਡਰ ਸ਼ਰਮ ਕਰਕੇ ਨਸ਼ਾ ਛੱਡਣ ਲਈ ਹਾਂ ਕਰ ਦਿੰਦੇ ਹਨ ਅਤੇ ਇਲਾਜ ਲਈ ਤਿਆਰ ਹੋ ਜਾਂਦੇ ਹਨ, ਜਦੋਂਕਿ ਅੰਦਰੋਂ ਉਹ ਇਸ ਗੱਲ ਲਈ ਤਿਆਰ ਨਹੀਂ ਹੁੰਦੇ। ਇਸ ਲਈ ਇਹ ਵਿਅਕਤੀ ਇਲਾਜ ਕਰਵਾਉਣ ਦੇ ਬਾਵਜੂਦ ਵੀ ਦੁਬਾਰਾ ਨਸ਼ਿਆਂ ਵਿੱਚ ਗ੍ਰਸਤ ਹੋ ਜਾਂਦੇ ਹਨ। ਇਥੇ ਇਹ ਗੱਲ ਯਾਦ ਰੱਖਣ ਯੋਗ ਹੈ ਕਿ ਜਦੋਂ ਤੱਕ ਮਰੀਜ਼ ਦਾ ਆਪਣੇ ਮਨ ਨਾਲ ਨਸ਼ਾ ਛੱਡਣ ਦਾ ਵਿਚਾਰ ਨਹੀਂ ਬਣਦਾ ਇਲਾਜ ਕਰਨਾ ਮੁਸ਼ਕਿਲ ਹੁੰਦਾ ਹੈ। ਜੇ ਮਰੀਜ਼ ਅਣਮਨਾ ਹੈ ਤਾਂ ਪਹਿਲਾਂ ਕਾਉਂਸਲਿੰਗ ਰਾਹੀਂ ਉਸ ਨੂੰ ਆਪਣਾ ਮਨ ਬਣਾਉਣ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਉਸ ਤੋਂ ਬਾਅਦ ਹੀ ਅਗਲਾ ਇਲਾਜ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਵਰਨਾ ਇਲਾਜ ਅਸਫਲ ਹੋ ਜਾਏਗਾ।

ਆਓ ਆਪਾਂ ਪਹਿਲਾਂ ਇਹ ਵੇਖੀਏ ਕਿ ਨਸ਼ੇ ਵਿੱਚ ਦੁਬਾਰਾ ਗ੍ਰਸਤ ਹੋਣ ਦੇ ਕੀ ਕਾਰਣ ਹਨ ?

ਸਭ ਤੋਂ ਅਹਿਮ ਅਤੇ ਵੱਡਾ ਕਾਰਣ ਇਹ ਹੈ ਕਿ ਨਸ਼ਾ ਕਰਨ ਵਾਲਾ ਮਰੀਜ਼ ਆਮ ਤੌਰ ਤੇ ਆਪਣਾ ਇਲਾਜ ਪੂਰਾ ਨਹੀਂ ਕਰਵਾਉਂਦਾ। ਜ਼ਿਆਦਾਤਰ ਮਰੀਜ਼ਾਂ ਨੂੰ ਲਗਦਾ ਹੈ ਕਿ ਦੋ ਤਿੰਨ ਹਫਤੇ ਦੁਆਈ ਖਾ ਕੇ ਹੀ ਇਲਾਜ ਹੋ ਜਾਂਦਾ ਹੈ ਅਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਡਾਕਟਰ ਕੋਲ ਜਾਣ ਦੀ ਲੋੜ ਨਹੀਂ ਰਹਿੰਦੀ। ਇਹ ਧਾਰਣਾ ਬਿਲਕੁਲ ਗਲਤ ਹੈ। ਸਚਾਈ ਇਹ ਹੈ ਕਿ ਬਹੁਤ ਥੋੜ੍ਹੇ ਵਿਅਕਤੀ ਜੋ ਬਹੁਤ ਹੀ ਘੱਟ ਨਸ਼ਾ ਕਰਦੇ ਹੋਣ ਅਤੇ ਬਹੁਤ ਦ੍ਰਿੜ ਇਰਾਦਾ ਰੱਖਦੇ ਹੋਣ ਕੁਝ ਹਫਤਿਆਂ ਵਿੱਚ ਠੀਕ ਹੋ ਸਕਦੇ ਹਨ। ਪਰ ਜ਼ਿਆਦਾਤਰ ਮਰੀਜ਼ ਵਿਸ਼ੇਸ਼ ਤੌਰ ਤੇ ਜੋ ਜ਼ਿਆਦਾ ਅਤੇ ਵੱਡੇ ਨਸ਼ੇ ਕਰਦੇ ਹਨ ਬਹੁਤ ਲੰਮਾ ਸਮਾਂ ਪਾ ਕੇ ਹੀ ਪੂਰੀ ਤਰਾਂ ਠੀਕ ਹੁੰਦੇ ਹਨ। ਇਹ ਸਮਾਂ ਕੁਝ ਮਹੀਨਿਆਂ ਤੋਂ ਲੈ ਕੇ ਕੁਝ ਸਾਲ ਤੱਕ ਵੀ ਹੋ ਸਕਦਾ ਹੈ। ਆਮ ਤੌਰ ਤੇ ਜੋ ਨੌਜਵਾਨ ਮਰੀਜ਼ ਨਸ਼ੇ ਦੇ ਟੀਕੇ ਲਾਉਂਦੇ ਹਨ ਜਾਂ ਹੈਰੋਇਨ ਜਾਂ ਸਮੈਕ ਆਦਿ ਦਾ ਵੱਡੀ ਮਾਤਰਾ ਵਿੱਚ ਨਸ਼ਾ ਕਰਦੇ ਹਨ; ਜ਼ਿਆਦਾਤਰ ਇਹੀ ਨੌਜੁਆਨ ਇਲਾਜ

ਕਰਵਾਉਣ ਦੇ ਬਾਵਜੂਦ ਵਾਰ-ਵਾਰ ਫੇਰ ਨਸ਼ੇ ਵਿੱਚ ਵਾਪਿਸ ਫਸ ਜਾਂਦੇ ਹਨ। ਤਕਰੀਬਨ ਇਹਨਾਂ ਸਾਰਿਆਂ ਦਾ ਅਸਫਲ ਇਲਾਜ ਦਾ ਕਾਰਣ ਮੁੰਕਮਲ ਇਲਾਜ ਨਾ ਕਰਵਾਉਣਾ ਹੈ। ਇਹਨਾਂ ਨੌਜਵਾਨਾਂ ਨੂੰ ਨਸ਼ਾ ਛੱਡਣ ਤੋਂ ਬਾਅਦ ਵੀ ਕਾਫੀ ਦੇਰ ਲਈ ਅਜਿਹੀਆਂ ਦੁਆਈਆਂ ਦੇਣੀਆਂ ਚਾਹੀਦੀਆਂ ਹਨ ਜਿਹੜੀਆਂ ਭਵਿੱਖ ਵਿੱਚ ਨਸ਼ਾ ਕਰਨ ਦੀ ਲਾਲਸਾ ਨੂੰ ਰੋਕਣ ਜਾਂ ਨਸ਼ੇ ਦਾ ਅਸਰ ਨਾ ਹੋਣ ਦੇਣ ਅਜਿਹੇ ਨੌਜੁਆਨ ਘੱਟੋ ਘੱਟ ਦੋ ਤੋਂ ਪੰਜ ਸਾਲ ਤੱਕ ਨਿਗਰਾਨੀ ਹੇਠ ਰਹਿਣੇ ਚਾਹੀਦੇ ਹਨ ਅਤੇ ਲੋੜ ਪੈਣ ਤੇ ਲੰਮੇ ਸਮੇ ਲਈ ਨਸ਼ਾ ਰੋਧਕ ਦੁਆਈ ਵੀ ਦਿੱਤੀ ਜਾ ਸਕਦੀ ਹੈ।

ਬਹੁਤ ਸਾਰੇ ਵਿਅਕਤੀ ਨਸ਼ਾ ਛੱਡਣ ਤੋਂ ਬਾਅਦ ਜ਼ਿੰਦਗੀ ਵਿੱਚ ਇੱਕ ਖਾਲੀਪਣ ਮਹਿਸੂਸ ਕਰ ਸਕਦੇ ਹਨ। ਇਸ ਤਰਾਂ ਦੇ ਵਿਅਕਤੀ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਜ਼ਿੰਦਗੀ ਵਿੱਚ ਖੁਸ਼ੀ ਖਤਮ ਹੋ ਗਈ ਹੈ ਅਤੇ ਉਹ ਜੀਣ ਦਾ ਕੋਈ ਚਾਅ ਮਹਿਸੂਸ ਨਹੀ ਕਰਦੇ ਜਾਂ ਇਉਂ ਕਹਿ ਲਵੋ ਕਿ ਜ਼ਿੰਦਗੀ ਨੀਰਸ ਲਗਦੀ ਹੈ ਅਤੇ ਉਹ ਮਹਿਸੂਸ ਕਰਦੇ ਹਨ ਕਿ ਨਸ਼ਿਆਂ ਤੋਂ ਬਿਨਾਂ ਜ਼ਿੰਦਗੀ ਜਿਉਣੀ ਵਿਅਰਥ ਹੈ। ਕੁਝ ਦੇਰ ਇਸ ਤਰਾਂ ਦੇ ਨਿਰਾਸ਼ ਜੀਵਨ ਦੇ ਕਸ਼ਮਕਸ਼ ਤੋਂ ਬਾਅਦ ਇਹ ਲੋਕ ਨਸ਼ਾ ਦੁਬਾਰਾ ਸ਼ੁਰੂ ਕਰ ਦਿੰਦੇ ਹਨ। ਇਹ ਵਿਅਕਤੀ ਉਦਾਸੀ ਰੋਗ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਇਸ ਤੋਂ ਛੁਟਕਾਰਾ ਪਾਉਣ ਲਈ ਦੁਬਾਰਾ ਨਸ਼ਿਆਂ ਦਾ ਸਹਾਰਾ ਲੈਂਦੇ ਹਨ। ਅਜਿਹੀ ਹਾਲਤ ਵਿੱਚ ਮਰੀਜ਼ ਦੇ ਪਰਿਵਾਰ ਦੇ ਮੈਂਬਰਾ ਨੂੰ ਚਾਹੀਦਾ ਹੈ ਕਿ ਉਹ ਮਰੀਜ਼ ਦੀ ਮਨੋਅਵਸਥਾ ਦਾ ਧਿਆਨ ਰੱਖਣ ਅਤੇ ਉਦਾਸੀ ਰੋਗ ਦੀ ਅਵਸਥਾ ਹੋਣ ਤੇ ਇਸ ਦਾ ਸਹੀ ਅਤੇ ਪੂਰਾ ਇਲਾਜ ਕਰਵਾਉਣ।

ਜ਼ਿੰਦਗੀ ਵਿੱਚ ਤਣਾਅ ਹੋਣਾ ਵੀ ਨਸ਼ੇ ਸ਼ੁਰੂ ਕਰਨ ਤੇ ਜਾਰੀ ਰੱਖਣ ਦਾ ਇੱਕ ਵੱਡਾ ਕਾਰਣ ਹੋ ਸਕਦਾ ਹੈ। ਬਹੁਤ ਸਾਰੇ ਨਸ਼ਾ ਕਰਨ ਵਾਲੇ ਵਿਅਕਤੀ ਉਹ ਹੁੰਦੇ ਹਨ ਜੋ ਜੀਵਨ ਵਿੱਚ ਤਣਾਅ ਝੇਲਣ ਦੀ ਸਮਰੱਥਾ ਨਹੀਂ ਰਖਦੇ ਜਾਂ ਘੱਟ ਰੱਖਦੇ ਹਨ। ਇਹ ਵਿਅਕਤੀ ਜ਼ਿੰਦਗੀ ਵਿੱਚ ਤਣਾਅ ਦਾ ਸਾਹਮਣਾ ਕਰਨ ਦੀ ਬਜਾਏ ਨਸ਼ਿਆਂ ਦਾ ਸਹਾਰਾ ਲੈਣ ਲੱਗ ਪੈਂਦੇ ਹਨ। ਇਹ ਵਿਅਕਤੀ ਨਸ਼ਾ ਛੱਡਣ ਤੋਂ ਬਾਅਦ ਵੀ ਜਦੋਂ ਕਦੇ ਕੋਈ ਜ਼ਿਆਦਾ ਤਣਾਅ ਪੂਰਣ ਸਥਿਤੀ ਆਉਂਦੀ ਹੈ ਤਾਂ ਫੇਰ ਪੁਰਾਣੇ ਸੁਭਾਅ ਵਾਂਗ ਨਸ਼ੇ ਦਾ ਆਸਰਾ ਭਾਲਦੇ ਹਨ ਅਤੇ ਨਸ਼ਿਆਂ ਵਿੱਚ ਦੁਬਾਰਾ ਗ੍ਰਸਤ ਹੋ ਜਾਂਦੇ ਹਨ। ਅਜਿਹੇ ਵਿਅਕਤੀਆਂ ਨੂੰ ਜੇ ਚੰਗਾ ਪਰਿਵਾਰਕ ਮਾਹੌਲ ਨਾ ਮਿਲੇ ਜਾਂ ਜੇ ਪਰਿਵਾਰ ਵਿੱਚ ਹਰ ਵਕਤ ਕਲੇਸ਼ ਰਹਿੰਦਾ ਹੋਵੇ ਤਾਂ ਇਹਨਾਂ ਦਾ ਫੇਰ ਤੋਂ ਨਸ਼ਿਆਂ ਦੀ ਦਲਦਲ ਵਿੱਚ ਧੱਸਣਾ ਯਕੀਨੀ ਬਣ ਜਾਂਦਾ ਹੈ।

ਪਰਿਵਾਰਕ ਮਾਹੌਲ ਦੇ ਨਾਲ ਨਾਲ ਵਿਅਕਤੀ ਦੇ ਦੋਸਤਾਂ ਅਤੇ ਸਾਥੀਆਂ ਦਾ ਰੋਲ ਵੀ ਬਹੁਤ ਅਹਿਮ ਹੁੰਦਾ ਹੈ। ਅਕਸਰ ਹੀ ਇਹ ਦੇਖਿਆ ਜਾਂਦਾ ਹੈ ਕਿ ਜਿਸ ਮਾਹੌਲ ਵਿੱਚੋਂ ਨਸ਼ਾ ਕਰਨ ਵਾਲਾ ਮਰੀਜ਼ ਰਹਿੰਦਾ ਹੁੰਦਾ ਹੈ ਉਸ ਦੇ ਆਲੇ ਦੁਆਲੇ ਉਸ ਦੇ ਹੋਰ ਵੀ ਕੁਝ ਜਾਂ ਬਹੁਤ ਸਾਰੇ ਦੋਸਤ, ਸਾਥੀ ਜਾਂ ਰਿਸ਼ਤੇਦਾਰ ਆਦਿ ਨਸ਼ਿਆਂ ਵਿੱਚ ਗ੍ਰਸਤ ਹੁੰਦੇ ਹਨ। ਕਹਿਣ ਦਾ ਭਾਵ ਇਹ ਹੈ ਕਿ ਨਸ਼ੇ ਦੇ ਜ਼ਿਆਦਾਤਰ ਮਰੀਜ਼ਾਂ ਦੇ ਆਲੇ ਦੁਆਲੇ ਨਸ਼ਾ ਕਰਨ ਵਾਲੇ ਨਜ਼ਦੀਕੀ ਵਿਅਕਤੀ ਮੌਜੂਦ ਹੁੰਦੇ ਹਨ। ਇਸ ਲਈ ਜਦੋਂ ਨਸ਼ਾ ਕਰਨ ਵਾਲਾ ਵਿਅਕਤੀ ਇਲਾਜ ਕਰਾ ਕੇ ਵਾਪਿਸ ਉਸੇ ਮਾਹੌਲ ਵਿੱਚ ਜਾਂਦਾ ਹੈ ਤਾਂ ਉਸ ਨੂੰ ਫੇਰ ਨਸ਼ਾ ਕਰਨ ਵਾਲੇ ਨਜ਼ਦੀਕੀ ਵਿਅਕਤੀਆਂ ਦਾ ਸਾਥ ਮਿਲਦਾ ਹੈ ਜਿਹੜਾ ਕਿ ਉਸ ਨੂੰ ਦੁਬਾਰਾ ਇਸ ਦਲਦਲ ਵਿੱਚ ਫਸਣ ਦਾ ਕਾਰਣ ਬਣਦਾ ਹੈ। ਇਸ ਮਾਹੌਲ ਵਿੱਚ ਇੱਕ ਤਾਂ ਨਸ਼ੇ ਦੀ ਮੌਜੂਦਗੀ ਕਾਰਣ ਬਣਦੀ ਹੈ ਦੂਜਾ ਕਈ ਨਜ਼ਦੀਕੀ ਨਸ਼ਾ ਕਰਨ ਵਾਲੇ ਕਈ ਕਾਰਣਾਂ ਕਰਕੇ ਆਪਣੇ ਸੁਆਰਥ ਲਈ ਵੀ ਪੁਰਜੋਰ ਕੋਸ਼ਿਸ਼ ਕਰਦੇ ਹਨ ਕਿ ਉਹਨਾਂ ਦਾ ਠੀਕ ਹੋਇਆ ਸਾਥੀ ਵਾਪਸ ਦੁਬਾਰਾ ਨਸ਼ਿਆਂ ਵਿੱਚ ਫੇਰ ਗਲਤਾਨ ਹੋ ਜਾਏ। ਇਥੇ ਇਹ ਗੱਲ ਵੀ ਧਿਆਨ ਰੱਖਣ ਯੋਗ ਹੈ ਕਿ ਕਈ ਨਸ਼ਾ ਵੇਚਣ ਵਾਲੇ ਵੀ ਪੂਰਾ ਜੋਰ ਲਗਾਕੇ ਠੀਕ ਹੋਏ ਵਿਅਕਤੀ ਨੂੰ ਦੁਬਾਰਾ ਨਸ਼ੇ ਵੱਲ ਧੱਕਦੇ ਹਨ। ਉਹ ਕੁਝ ਸਮਾਂ ਤਾਂ ਮੁਫਤ ਨਸ਼ੇ ਦਾ ਲਾਲਚ ਤੱਕ ਵੀ ਦੇ ਸਕਦੇ ਹਨ। ਇਸ ਲਈ ਇਲਾਜ ਕਰਨ ਦੇ ਨਾਲ ਨਾਲ ਮਰੀਜ਼ ਦੇ ਸਮਾਜੀ ਵਾਤਾਵਰਣ ਦਾ ਵੀ ਧਿਆਨ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ।

ਨਸ਼ਿਆਂ ਵਿੱਚ ਦੁਬਾਰਾ ਜਾ ਬਾਰ ਬਾਰ ਫਸਣ ਦਾ ਇੱਕ ਹੋਰ ਵੱਡਾ ਕਾਰਣ ਮਨੋਰੋਗ ਹੋ ਸਕਦੇ ਹਨ। ਕਈ ਵਿਅਕਤੀ ਬੁਨਿਆਦੀ ਤੌਰ ਤੇ ਕਿਸੇ ਮਨੋਰੋਗ ਤੋਂ ਪੀੜਤ ਹੋ ਸਕਦੇ ਹਨ ਜਿਵੇਂ ਕਿ ਉਦਾਸੀ ਰੋਗ ਜਾਂ ਚਿੰਤਾ ਰੋਗ ਆਦਿ। ਪਰ ਉਹ ਆਪਣੇ ਮਨੋਰੋਗ ਦਾ ਇਲਾਜ ਨਾ ਕਰਾ ਕੇ ਆਪਣੀ ਮਾਨਸਿਕ ਪ੍ਰੇਸ਼ਾਨੀ ਦਾ ਹੱਲ ਨਸ਼ਿਆਂ ਨਾਲ ਕਰਨ ਦੀ ਕੋਸ਼ਿਸ ਕਰਦੇ ਹਨ। ਅਜਿਹੇ ਵਿਅਕਤੀ ਜਦੋਂ ਵੀ ਨਸ਼ੇ ਛੱਡਣ ਦੀ ਕੋਸ਼ਿਸ਼ ਕਰਦੇ ਹਨ ਤਾਂ ਪ੍ਰੇਸ਼ਾਨ ਹੋ ਜਾਂਦੇ ਹਨ ਅਤੇ ਜੇ ਮਨੋਰੋਗ ਪਛਾਣ ਕੇ ਇਸ ਦਾ ਸਹੀ ਇਲਾਜ ਨਾ ਕੀਤਾ ਜਾਵੇ ਤਾਂ ਇਹ ਮਰੀਜ਼ ਬਾਰ-ਬਾਰ ਨਸ਼ਿਆਂ ਵੱਲ ਖਿੱਚੇ ਜਾਂਦੇ ਹਨ। ਇਸ ਤੋਂ ਬਿਨਾਂ ਨਸ਼ੇ ਦੇ ਕਈ ਰੋਗੀਆਂ ਵਿੱਚ ਸ਼ਰੀਰ ਦੇ ਹੋਰ ਰੋਗ ਵੀ ਹੋ ਸਕਦੇ ਹਨ ਜਿਸ ਕਾਰਣ ਉਹ ਬਾਰ-ਬਾਰ ਨਸ਼ੇ ਕਰਦੇ ਰਹਿੰਦੇ ਹਨ। ਉਦਾਹਰਣ ਦੇ ਤੌਰ ਤੇ ਕਈ ਮਰੀਜ਼ ਕਮਰ ਦੇ ਦਰਦ ਜਾਂ ਸ਼ਰੀਰ ਦੇ ਕਿਸੇ ਹੋਰ ਹਿੱਸੇ ਵਿੱਚ ਲਗਾਤਾਰ ਰਹਿਣ ਵਾਲੇ ਦਰਦ ਕਾਰਣ ਵੀ ਅਫੀਮ ਦੇ ਗੁਣਾਂ ਵਰਗੇ ਨਸ਼ੇ (ਭੁੱਕੀ, ਅਫੀਮ, ਸਮੈਕ ਜਾਂ ਹੈਰੋਇਨ ਆਦਿ) ਨਸ਼ੇ ਕਰਨ ਲੱਗ ਜਾਂਦੇ ਹਨ। ਇੰਨਾਂ ਨਸ਼ਿਆਂ ਨਾਲ ਉਨਾਂ ਦਾ ਦਰਦ ਦਬਿਆ ਰਹਿੰਦਾ ਹੈ ਅਤੇ ਜਦੋਂ ਵੀ ਉਹ ਨਸ਼ੇ ਛੱਡਦੇ ਹਨ ਤਾਂ ਦੁਬਾਰਾ ਦਰਦ ਹੋਣ ਕਾਰਣ ਉਹ ਦਰਦ ਦੀ ਪ੍ਰੇਸ਼ਾਨੀ ਕਾਰਣ ਫੇਰ ਨਸ਼ੇ ਕਰਨ ਲੱਗ ਜਾਂਦੇ ਹਨ। ਅਜਿਹੇ ਮਰੀਜ਼ਾਂ ਵਿੱਚ ਨਸ਼ਾ ਛੁਡਾਉਣ ਤੋਂ ਬਾਅਦ ਦਰਦ ਦੇ ਕਾਰਣ ਦੀ ਸਹੀ ਪਛਾਣ ਅਤੇ ਇਲਾਜ ਕਰਨਾ ਚਾਹੀਦਾ ਹੈ।

ਬਹੁਤ ਸਾਰੇ ਮਰੀਜ਼ ਨਸ਼ੇ ਦੇ ਇਲਾਜ ਦੇ ਨਾਲ ਨਾਲ ਸਹੀ ਪਰਹੇਜ਼ ਨਹੀਂ ਰੱਖਦੇ ਜਾਂ ਡਾਕਟਰੀ ਸਲਾਹ ਦਾ ਸਹੀ ਪਾਲਣ ਨਹੀਂ ਕਰਦੇ। ਉਦਾਹਰਣ ਦੇ ਤੌਰ ਤੇ ਅਫੀਮ ਸੰਬੰਧੀ ਨਸ਼ਿਆਂ ਦੇ

ਇਲਾਜ ਵੇਲੇ ਸ਼ਰਾਬ ਦਾ ਪਰਹੇਜ ਕਰਨਾ ਜ਼ਰੂਰੀ ਹੁੰਦਾ ਹੈ। ਪਰ ਬਹੁਤ ਸਾਰੇ ਰੋਗੀ ਕਦੇ ਕਦਾਈਂ ਸ਼ਰਾਬ ਪੀਣ ਨੂੰ ਗਲਤ ਨਹੀਂ ਸਮਝਦੇ ਅਤੇ ਇਲਾਜ ਦੌਰਾਨ ਸ਼ਰਾਬ ਦਾ ਪਰਹੇਜ਼ ਨਹੀਂ ਰੱਖਦੇ ਜਿਸ ਕਰਕੇ ਰੋਗੀ ਨੂੰ ਇਲਾਜ ਦਾ ਪੂਰਾ ਫਾਇਦਾ ਨਹੀਂ ਹੁੰਦਾ ਅਤੇ ਉਹ ਤਕਲੀਫ ਮਹਿਸੂਸ ਕਰਦਾ ਹੈ ਅਤੇ ਫਿਰ ਪ੍ਰੇਸ਼ਾਨ ਹੋ ਕੇ ਨਸ਼ੇ ਕਰਨ ਲੱਗ ਜਾਂਦਾ ਹੈ। ਇਸ ਤੋਂ ਬਿਨ੍ਹਾਂ ਕਈ ਮਰੀਜ਼ ਇਲਾਜ ਦੌਰਾਨ ਆਪਣੇ ਆਪ ਨੀਂਦ ਦੀਆਂ ਗੋਲੀਆਂ ਜਾਂ ਦਰਦ ਦੀਆਂ ਹੋਰ ਗੋਲੀਆਂ ਜਾਂ ਹੋਰ ਪਰਹੇਜ਼ ਰੱਖਣ ਵਾਲੀਆਂ ਦੁਆਈਆਂ ਆਦਿ ਖਾਂਦੇ ਰਹਿੰਦੇ ਹਨ ਜਿਸ ਕਰਕੇ ਆਪਣਾ ਇਲਾਜ ਖਰਾਬ ਕਰ ਲੈਂਦੇ ਹਨ ਅਤੇ ਬਾਅਦ ਵਿੱਚ ਸਫਲ ਇਲਾਜ ਦੀ ਅਣਹੋਂਦ ਕਾਰਣ ਫੇਰ ਦੁਬਾਰਾ ਨਸ਼ੇ ਕਰਨ ਲੱਗ ਜਾਂਦੇ ਹਨ ਅਤੇ ਦੋਸ਼ ਇਲਾਜ ਵਿੱਚ ਕੱਢਦੇ ਹਨ। ਇਸ ਲਈ ਸਫਲ ਇਲਾਜ ਲਈ ਸਹੀ ਅਤੇ ਪੂਰਣ ਪਰਹੇਜ਼ ਰੱਖਣੇ ਬਹੁਤ ਹੀ ਜ਼ਰੂਰੀ ਹਨ।

ਇਨ੍ਹਾਂ ਕਾਰਣਾਂ ਤੋਂ ਬਿਨਾ ਵੀ ਨਸ਼ੇ ਵਿੱਚ ਬਾਰ-ਬਾਰ ਖੁੱਭਣ ਦਾ ਇੱਕ ਹੋਰ ਅਹਿਮ ਅਤੇ ਵੱਡਾ ਕਾਰਣ ਹੈ ਕਿ ਕਾਫੀ ਮਰੀਜਾਂ ਨੂੰ ਨਸ਼ੇ ਦਾ ਇਲਾਜ ਕਰਵਾਉਣ ਤੋਂ ਬਾਅਦ ਕਈ ਮੁਸ਼ਕਿਲਾਂ ਆ ਸਕਦੀਆਂ ਹਨ ਜਿੰਨ੍ਹਾਂ ਤੋਂ ਪਰੇਸ਼ਾਨ ਹੋ ਕੇ ਵਿਅਕਤੀ ਦੁਬਾਰਾ ਨਸ਼ੇ ਸ਼ੁਰੂ ਕਰ ਸਕਦਾ ਹੈ। ਇਹਨਾਂ ਕਾਰਣਾਂ ਵਿੱਚ ਸੈਕਸ ਸੰਬੰਧੀ ਮੁਸ਼ਕਿਲਾਂ ਕਾਫੀ ਅਹਿਮ ਹਨ। ਇਸ ਵਿੱਚ ਸੈਕਸ ਵਿੱਚ ਰੁਚੀ ਘਟਣਾ, ਵੀਰਜ ਬਹੁਤ ਜਲਦੀ ਖਾਰਜ ਹੋਣਾ ਜਾਂ ਸੈਕਸ ਵਿੱਚ ਦਿੱਕਤ ਆਉਣਾ ਆਦਿ ਹੋ ਸਕਦੇ ਹਨ। ਕਈ ਵਿਅਕਤੀ ਪੇਟ ਦੀ ਖਰਾਬੀ (ਬਾਰ-ਬਾਰ ਪਖਾਨਾ/ਟੱਟੀ ਆਉਣਾ), ਜ਼ੁਕਾਮ ਰਹਿਣਾ ਜਾਂ ਨੱਕ ਵਗਦਾ ਰਹਿਣਾ, ਲੱਤਾਂ ਵਿੱਚ ਅਚਵੀ ਜਾਂ ਦਰਦ ਰਹਿਣਾ, ਲਗਾਤਾਰ ਨੀਂਦ ਨਾ ਆਉਣਾ, ਜੀਅ ਨਾ ਲਗਣਾ, ਮਨ ਉਚਾਟ ਰਹਿਣਾ, ਕੰਮ ਕਰਨਾ ਮੁਸ਼ਕਿਲ ਲੱਗਣਾ ਆਦਿ ਦੇ ਕਾਰਣ ਵੀ ਦੁਬਾਰਾ ਨਸ਼ੇ ਕਰਨ ਲੱਗ ਜਾਂਦੇ ਹਨ। ਇਹ ਵਿਅਕਤੀ ਅਗਿਆਨਤਾ ਵੱਸ ਜਾਂ ਸ਼ਰਮੋ ਸ਼ਰਮੀ ਇਹਨਾਂ ਮੁਸ਼ਕਿਲਾਂ ਦਾ ਖੁਲਾਸਾ ਨਹੀਂ ਕਰਦੇ ਅਤੇ ਇਲਾਜ ਨਹੀਂ ਕਰਵਾਉਂਦੇ। ਜਦੋਂ ਕਿ ਇਹ ਗੱਲ ਜਾਣ ਲੈਣੀ ਬਹੁਤ ਜ਼ਰੂਰੀ ਹੈ ਕਿ ਇਹਨਾਂ ਸਾਰੀਆਂ ਅਲਾਮਤਾਂ ਦਾ ਬਹੁਤ ਅੱਛਾ ਇਲਾਜ ਹੋ ਸਕਦਾ ਹੈ।

ਇਸ ਲਈ ਸਾਨੂੰ ਇਹ ਗੱਲ ਸਪਸ਼ਟ ਹੋਣੀ ਚਾਹੀਦੀ ਹੈ ਕਿ ਨਸ਼ਾ ਛੱਡਣ ਤੋਂ ਬਾਅਦ ਕਈ ਮੁਸ਼ਕਿਲਾਂ ਆ ਸਕਦੀਆਂ ਹਨ ਜਿੰਨ੍ਹਾਂ ਦਾ ਪਰਹੇਜ ਅਤੇ ਇਲਾਜ ਕਰਵਾਉਣਾ ਬਹੁਤ ਜਰੂਰੀ ਹੈ। ਨਸ਼ਾ ਛੁਡਾਉਣ ਦੇ ਮਾਹਿਰ ਡਾਕਟਰ ਇਹਨਾਂ ਸਾਰੀਆਂ ਮੁਸ਼ਕਿਲਾਂ ਜਾਂ ਹੋਰ ਅਲਾਮਤਾਂ ਬਾਰੇ ਬਾਖੂਬੀ ਵਾਕਫ਼ ਹੁੰਦੇ ਹਨ ਅਤੇ ਪੂਰਾ ਇਲਾਜ ਕਰਨ ਦੇ ਸਮਰੱਥ ਹੁੰਦੇ ਹਨ। ਜਦੋਂ ਇਹ ਲੱਗੇ ਕਿ ਉਕਤ ਮਰੀਜ਼ ਬਾਰ-ਬਾਰ ਨਸ਼ਿਆਂ ਵਿੱਚ ਖੁਭਣ ਦੀ ਗੁੰਜਾਇਸ਼ ਰੱਖਦਾ ਹੈ ਤਾਂ ਅਜਿਹੇ ਮਰੀਜ਼ ਦਾ ਇਲਾਜ ਕਿਸੇ ਤਜਰਬੇਕਾਰ ਮਨੋਰੋਗ ਮਾਹਿਰ ਡਾਕਟਰ ਕੋਲ ਲੰਮੇ ਸਮੇ ਲਈ ਕਰਵਾਉਣਾ ਚਾਹੀਦਾ ਹੈ ਅਤੇ ਜੇ ਲੋੜ ਹੋਵੇ ਤਾਂ ਕਾਫੀ ਲੰਮੇ ਸਮੇ ਲਈ ਕੋਈ ਦੁਆਈ ਵੀ ਦਿੱਤੀ ਜਾ ਸਕਦੀ ਹੈ ਤਾਂ ਜੋ ਉਹ ਦੁਬਾਰਾ ਨਸ਼ੇ ਨਾ ਕਰੇ। ਇਸ ਤੋਂ ਇਲਾਵਾ ਨਸ਼ੇ ਛੱਡਣ ਵਾਲੇ ਵਿਅਕਤੀ ਨੂੰ ਇੱਕ ਸੁਧਰੇ ਹੋਏ ਵਿਅਕਤੀ ਦੀ ਤਰ੍ਹਾਂ ਸਮਾਜ ਵਿੱਚ ਮੁੜ ਇੱਜ਼ਤ ਨਾਲ ਵਸਾਇਆ ਜਾਵੇ ਅਤੇ ਵਿਹਲਾ ਨਾ ਰੱਖ ਕੇ ਕੰਮ ਕਾਰ ਵਿੱਚ ਲਗਾਇਆ ਜਾਵੇ ਅਤੇ ਲੰਮੇ ਸਮੇ ਲਈ ਪਿਆਰ ਨਾਲ ਰਾਬਤਾ ਕਾਇਮ ਰੱਖਿਆ ਜਾਵੇ ਅਤੇ ਨਿਗਰਾਨੀ ਵੀ ਰੱਖੀ ਜਾਵੇ। ਜੇ ਪਰਿਵਾਰ ਵੱਲੋਂ ਮਿਹਨਤ ਕੀਤੀ ਜਾਵੇ ਅਤੇ ਸਹੀ ਇਲਾਜ ਕਰਵਾਇਆ ਜਾਵੇ ਤਾਂ ਕੁਝ ਵੀ ਅਸੰਭਵ ਨਹੀਂ ਹੈ।

ਪ੍ਰੋਫੈਸਰ ਤੇ ਮੁਖੀ, ਸਾਇਕੈਟਰੀ/ਨਸ਼ਾ ਛੁਡਾਊ ਵਿਭਾਗ
ਰਜਿੰਦਰਾ ਹਸਪਤਾਲ, ਪਟਿਆਲਾ

CSIR ਦੇ ਬਿਨੈ ਪੱਤਰ ਵਿੱਚੋਂ ਰੱਬ ਦਾ ਹਵਾਲਾ ਹਟਾ ਕੇ FIRA ਨੇ ਪ੍ਰਾਪਤ ਕੀਤੀ ਜਿੱਤ

ਪਿਛਲੇ ਦਿਨੀਂ ਵਿਗਿਆਨਕ ਅਤੇ ਉਦਯੋਗਿਕ ਖ਼ੋਜ ਪ੍ਰੀਸ਼ਦ (Council of Scientific and Industrial Research) (CSIR) ਵੱਲੋਂ ਆਪਣੇ ਖ਼ੋਜਾਰਥੀਆਂ ਨੂੰ ਇੱਕ ਫਾਰਮ ਜਾਰੀ ਕਰਕੇ ਇਹ ਲਿਖਣ ਲਈ ਕਿਹਾ ਗਿਆ, ''ਮੈਂ ਪੂਰੀ ਵਫਾਦਾਰੀ ਨਾਲ ਆਪਣੇ ਕਰਤੱਵ ਨਿਭਾਵਾਂਗਾ, ਇਸ ਲਈ ਪ੍ਰਮਾਤਮਾ ਮੇਰੀ ਮੱਦਦ ਕਰੋ।'' ਇਸ ਸਵੈ ਘੋਸ਼ਣਾ 'ਤੇ ਤੁਰੰਤ ਆਪਣੀ ਪ੍ਰਤੀਕਿਰਿਆ ਪ੍ਰਗਟਾਉਂਦਿਆਂ FIRA (ਭਾਰਤੀ ਤਰਕਸ਼ੀਲ ਜਥੇਬੰਦੀਆਂ ਦੀ ਐਸੋਸੀਏਸ਼ਨ) (Federation of Indian Rationalist Associations) ਵੱਲੋਂ ਆਪਣੇ ਪ੍ਰਧਾਨ ਨਰਿੰਦਰ ਨਾਇਕ ਦੀ ਅਗਵਾਈ ਹੇਠ CSIR ਦੇ ਡਾਇਰੈਕਟਰ ਜਨਰਲ ਗਰੀਸ ਸਾਹਨੀ ਨੂੰ ਪੱਤਰ ਲਿਖਿਆ ਗਿਆ ਕਿ, ''ਜਿਸ ਦੀ ਹੋਂਦ ਹੀ ਨਹੀਂ, ਉਸ ਦਾ ਹਵਾਲਾ ਦੇ ਕੇ, ਉਸ ਤੋਂ ਸਹਾਇਤਾ ਦੀ ਮੰਗ ਕਰਕੇ, ਖ਼ੋਜਾਰਥੀਆਂ ਤੋਂ ਇਹ ਬਿਨੈ ਪੱਤਰ ਲੈਣ ਪਿੱਛੇ ਤੁਹਾਡਾ ਕੀ ਮਨਸਾ ਹੈ? ਕੀ ਇਹ ਵਿਸ਼ੇਸ਼ ਤੌਰ 'ਤੇ ਨਾਸਤਿਕਾਂ ਨੂੰ ਖ਼ੋਜ ਖੇਤਰ ਤੋਂ ਬਾਹਰ ਕਰਨ ਦਾ ਮਾਮਲਾ ਤਾਂ ਨਹੀਂ? ਇਹ ਸੰਵਿਧਾਨ ਦੇ 51 18 ਆਰਟੀਕਲ ਦੇ ਵਿਰੁੱਧ ਹੈ ਜੋ ਇਹ ਕਹਿੰਦਾ ਹੈ ਕਿ ਲੋਕਾਂ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ, ਜਾਂਚ ਕਰਨ ਦਾ ਹੌਸ਼ਲਾ ਅਤੇ ਮਨੁੱਖਤਾ ਪੈਦਾ ਕਰਨਾ ਹਰ ਨਾਗਰਿਕ ਦਾ ਫ਼ਰਜ ਹੈ।'' ਇਹ ਪੱਤਰ ਪ੍ਰਾਪਤ ਹੋਣ ਬਾਅਦ CSIR ਨੂੰ ਆਪਣੇ ਬਿਨੈ ਪੱਤਰ ਵਿੱਚੋਂ ਰੱਬ ਦੇ ਹਵਾਲੇ ਵਾਲਾ ਪੰਨਾ ਹਟਾਉਣ ਲਈ ਮਜ਼ਬੂਰ ਹੋਣਾ ਪਿਆ ਹੈ।

ਡਾ. ਨਰੇਂਦਰ ਦਾਭੋਲਕਰ ਕਤਲ ਕੇਸ - ਮੁਲਜ਼ਮ ਸੀ.ਬੀ.ਆਈ. ਹਿਰਾਸਤ ਵਿੱਚ

ਉੱਘੇ ਤਰਕਸ਼ੀਲ ਆਗੂ ਨਰੇਂਦਰ ਦਾਭੋਲਕਰ ਦੇ ਕਤਲ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਗਏ ਹਿੰਦੂ ਜਨ ਜਾਗ੍ਰਿਤੀ ਸਮਿਤੀ ਦੇ ਤਾਲਮੇਲ ਅਧਿਕਾਰੀ ਅਤੇ ਸਨਾਤਨ ਸੰਸਥਾ ਦੇ ਮੈਂਬਰ ਵੀਰੇਂਦਰ ਤਾਵੜੇ ਨੂੰ ਸ਼ਿਵਾਜੀ ਨਗਰ ਦੀ ਸਪੈਸ਼ਲ ਅਦਾਲਤ ਨੇ ਸੀ.ਬੀ.ਆਈ. ਹਿਰਾਸਤ 'ਚ ਭੇਜ ਦਿੱਤਾ ਹੈ।ਈ.ਐਨ.ਟੀ. ਮਾਹਿਰ ਡਾ. ਤਾਵੜੇ ਨੂੰ ਸੀ.ਬੀ.ਆਈ. ਨੇ ਮੁੰਬਈ ਨੇੜਿਓਂ ਰਾਇਗੜ ਜ਼ਿਲ੍ਹੇ ਦੇ ਪਨਵੇਲ 'ਚੋਂ ਉਸ ਦੇ ਘਰੋਂ ਫੜਿਆ ਹੈ । ਸੀ.ਬੀ.ਆਈ. ਨੇ ਅਦਾਲਤ 'ਚ ਦੱਸਿਆ ਕਿ ਤਾਵੜੇ ਖਿਲਾਫ਼ ਉਹਨਾਂ ਕੋਲ ਸਾਇਬਰ ਫੋਰੈਂਸਿਕ ਸਬੂਤ ਹਨ ਅਤੇ ਉਸ ਤੋਂ ਕਈ ਘੰਟਿਆਂ ਦੀ ਪੁੱਛਗਿੱਛ ਬਾਅਦ ਕਈ ਹੋਰ ਖੁਲਾਸੇ ਹੋਏ ਹਨ ।ਮੁੰਬਈ ਹਾਈ ਕੋਰਟ ਦੇ ਹੁਕਮ 'ਤੇ ਮਈ 2014 'ਚ ਇਹ ਕੇਸ ਆਪਣੇ ਹੱਥ ਵਿੱਚ ਲੈਣ ਤੋਂ ਬਾਅਦ ਸੀ.ਬੀ.ਆਈ. ਵੱਲੋਂ ਇਹ ਪਹਿਲੀ ਗ੍ਰਿਫਤਾਰੀ ਹੈ । ਤਾਵੜੇ ਵੱਲੋਂ ਅਦਾਲਤ 'ਚ ਸਨਾਤਨ ਸੰਸਥਾ ਦਾ ਵਕੀਲ ਸੰਜੀਵ ਪੁਨੇਲਕਰ ਪੇਸ਼ ਹੋਇਆ ਜੋ ਸਨਾਤਨ ਸੰਸਥਾ ਕਾਰਕੁੰਨ ਸਮੀਰ ਗਾਇਕਵਾੜ (ਤਰਕਸ਼ੀਲ ਨੇਤਾ ਅਤੇ ਕਮਿਊਨਿਸ਼ਟ ਗੋਬਿੰਦ ਪੰਸਾਰੇ ਦੇ ਕਤਲ ਕੇਸ ਦਾ ਮੁੱਖ ਦੋਸ਼ੀ) ਦਾ ਕੇਸ ਵੀ ਵੇਖ ਰਿਹਾ ਹੈ । ਸੀ.ਬੀ.ਆਈ. ਦੀ ਰਿਮਾਂਡ ਰਿਪੋਰਟ ਅਨੁਸਾਰ ਡਾ. ਤਾਵੜੇ 2004 ਵਿੱਚ ਕੋਹਲਾਪੁਰ ਵਿੱਚ ਇੱਕ ਜਨਤਕ ਸਮਾਰੋਹ ਦੌਰਾਨ ਦਾਭੋਲਕਰ ਦੇ ਖਿਲਾਫ਼ ਬੋਲਿਆ ਸੀ ਅਤੇ ਉਦੋਂ ਤੋਂ ਹੀ ਉਸ ਦੇ ਮਗਰ ਲੱਗਿਆ ਹੋਇਆ ਸੀ ।ਉਸ ਕੋਲ ਕਾਲਾ ਹੌਂਡਾ ਸਪਲੈਂਡਰ ਮੋਟਰਸਾਇਕਲ ਹੈ, ਉਸੇ ਵਰਗਾ ਜੋ ਕਤਲ ਸਮੇਂ ਵਰਤਿਆ ਗਿਆ ਸੀ ।ਉਸ ਕੋਲ ਮੋਬਾਇਲ ਫੋਨ ਦੇ ਤਿੰਨ ਸੈੱਟ ਹਨ ਜੋ ਉਹ 'ਗੁਪਤ ਸੁਨੇਹਿਆਂ' ਲਈ ਵਰਤਦਾ ਸੀ । ਤਾਵੜੇ 'ਤੇ ਸ਼ੱਕ ਦੀ ਸੂਈ ਉਦੋਂ ਗਈ ਜਦੋਂ ਉਸ ਦਾ ਨਾਮ 2009 ਦੇ ਗੋਆ ਬੰਬ ਧਮਾਕੇ ਦੇ ਮੁੱਖ ਦੋਸ਼ੀ ਸਨਾਤਨ ਕਾਰਕੁੰਨ ਸਾਰੰਗ ਆਕੋਲਕਰ ਨਾਲ ਜੁੜਿਆ ।ਸੀ.ਬੀ.ਆਈ. ਨੇ ਮੰਨਿਆ ਕਿ ਉਸ ਨੂੰ ਤਾਵੜੇ ਅਤੇ ਆਕੋਲਕਰ ਦੇ ਘਰਾਂ 'ਤੇ ਛਾਪਿਆਂ ਦੌਰਾਨ ਕਈ ਸਿਮ ਕਾਰਡ, ਸੈੱਲ ਫੋਨ ਅਤੇ ਕੰਪਿਊਟਰ ਡਾਟਾ ਮਿਲਿਆ ਹੈ ਜੋ ਕਤਲ ਨਾਲ ਸਬੰਧਤ ਹੈ। ਦੋਵਾਂ ਦੌਰਾਨ ਈ-ਮੇਲ ਵਟਾਂਦਰਾ ਮਿਲਿਆ ਹੈ ਜੋ ਦੋਵਾਂ ਦੀ ਨੇੜਤਾ ਦਰਸਾਉਂਦਾ ਹੈ ।

ਦੇਵਗੜ੍ਹ ਤੋਂ ਕੋਕਨ ਆਉਣ ਬਾਅਦ ਤਾਵੜੇ ਪਿਛਲੇ 15 ਸਾਲਾਂ ਤੋਂ ਸਨਾਤਨ ਕਾਰਕੁੰਨ ਹੈ । ਸੀ.ਬੀ.ਆਈ. ਅਧਿਕਾਰੀਆਂ ਨੇ 'ਦਾ ਹਿੰਦੂ' ਨੂੰ ਜਾਣਕਾਰੀ ਦਿੱਤੀ ਕਿ 'ਕਾਲ ਡਾਟਾ ਰਿਕਾਰਡ' ਨੇ ਬਹੁਤ ਸਾਰੇ ਤੱਥਾਂ 'ਤੇ ਰੌਸ਼ਨੀ ਪਾਈ ਹੈ । ਉਹਨਾਂ ਅਨੁਸਾਰ - ਤਾਵੜੇ ਤਿੰਨ ਵਿਅਕਤੀਆਂ ਨਾਲ ਲਗਾਤਾਰ ਸੰਪਰਕ ਵਿੱਚ ਰਿਹਾ ਹੈ - ਸਾਰੰਗ ਆਕੋਲਕਰ, ਰੁਦਰ ਪਾਟਿਲ ਅਤੇ ਮ੍ਰਿਤਕ ਮਾਲਗੋਂਡਾ ਪਾਟਿਲ ਨਾਲ। ਤਿੰਨਾਂ ਵਿੱਚੋਂ ਪਹਿਲੇ ਦੋ ਰੂਪੋਸ਼ ਸਨ ਅਤੇ ਗੋਆ ਬੰਬ ਕੇਸ ਵਿੱਚ ਉਹਨਾਂ ਨੂੰ ਰੈੱਡ ਕਾਰਨਰ ਨੋਟਿਸ ਜਾਰੀ ਹੋਏ ਹੋਏ ਹਨ ।ਤੀਜਾ, ਸਨਾਤਨ ਸੰਸਥਾ ਦੇ ਇੱਕ ਹੋਰ ਮੈਂਬਰ ਯੋਗੇਸ਼ ਨਾਇਕ ਨਾਲ ਵਿਸਫੋਟਕ ਪਦਾਰਥ ਲਾ ਕੇ ਜਾਂਦਾ ਹੋਇਆ 16 ਅਕਤੂਬਰ 2009 ਨੂੰ ਮਰ ਗਿਆ ਸੀ ਜਦੋਂ ਨਿਯਤ ਸਥਾਨ 'ਤੇ ਪਹੁੰਚਣ ਤੋਂ ਪਹਿਲਾਂ ਹੀ ਬੰਬ ਵਿਸਫੋਟ ਹੋ ਗਿਆ ਸੀ । ਤਾਵੜੇ ਦੀ ਕਾਲ ਡਾਟਾ ਰਿਕਾਰਡ **(CDR)** ਅਨੁਸਾਰ ਉਸਦੀਆਂ 16 ਅਕਤੂਬਰ 2009 ਦੀਆਂ ਮਾਲਗੋਂਡਾ ਪਾਟਿਲ ਨਾਲ 25 ਇਨਕਮਿੰਗ ਕਾਲਾਂ, 18 ਆਊਟ-ਗੋਇੰਗ ਕਾਲਾਂ ਅਤੇ ਇੱਕ ਐੱਸ.ਐੱਮ.ਐੱਸ. ਹੈ । **CDR** ਇਹ ਵੀ ਦਰਸਾਉਂਦੀ ਹੈ ਕਿ ਉਹ ਗਣੇਸ਼ ਅਸ਼ਟੇਕਰ ਨਾਲ ਭੀ ਸੰਪਰਕ ਵਿੱਚ ਰਿਹਾ ਹੈ ਜੋ ਇਸ ਧਮਾਕਾ ਕੇਸ ਵਿੱਚ ਮੁਲਜ਼ਮ ਸੀ, ਅਤੇ ਬਾਅਦ ਵਿੱਚ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ । ਸੀ.ਬੀ.ਆਈ. ਅਧਿਕਾਰੀਆਂ ਅਨੁਸਾਰ, ''ਅਸੀਂ ਹੈਰਾਨ ਹਾਂ ਕਿ ਤਾਵੜੇ ਨੂੰ ਧਮਾਕਾ ਕੇਸ ਵਿੱਚ ਕਦੇ ਵੀ ਪੁੱਛਗਿੱਛ ਲਈ ਸੱਦਿਆ ਨਹੀਂ ਗਿਆ, ਨਾ ਮੁਲਜ਼ਮ ਬਣਾਇਆ ਗਿਆ ਜਦ ਕਿ ਸਪੱਸ਼ਟ ਸਬੂਤ ਹਨ ਜੋ ਉਸ 'ਤੇ ਉਂਗਲ ਉਠਾਉਂਦੇ ਹਨ।'' ਇਸ ਕੇਸ ਦੀ ਜਾਂਚ **NIA** (ਕੌਮੀ ਜਾਂਚ ਏਜੰਸੀ) ਕੋਲ ਹੈ ।ਵਰਤਮਾਨ ਸਥਿਤੀ ਹੈ - ਸਾਰੰਗ ਆਕੋਲਕਰ, ਰੁਦਰ ਪਾਟਿਲ, ਪ੍ਰਵੀਨ ਲਿਮਕਰ ਅਤੇ ਜੈ ਪ੍ਰਕਾਸ਼ ਇਸ ਬੰਬ ਕੇਸ ਵਿੱਚ ਲੋੜੀਂਦੇ ਹਨ ਅਤੇ ਬਾਕੀ ਚਾਰ ਬਰੀ ਕਰ ਦਿੱਤੇ ਗਏ ਅਤੇ **NIA** ਦੀ ਅਪੀਲ ਬੰਬੇ ਹਾਈ ਕੋਰਟ (ਗੋਆ) ਵਿੱਚ ਪੈਂਡਿੰਗ ਹੈ ।ਸੀ.ਬੀ.ਆਈ. ਦਾ ਸ਼ੱਕ ਹੈ ਕਿ ਚਾਰੇ ਭਗੌੜਿਆਂ ਵਿੱਚੋਂ ਦੋ ਦਾ ਦਾਭੋਲਕਰ ਨੂੰ ਗੋਲੀ ਮਾਰਨ ਵਿੱਚ ਸਿੱਧਾ ਹੱਥ ਹੈ।ਪੂਨੇ ਆਕੋਲਕਰ ਦੇ ਘਰੇ ਵੀ ਛਾਪਾ ਮਾਰਿਆ ਗਿਆ ਹੈ। ਗੈਰ ਕਾਨੂੰਨੀ ਕਾਰਵਾਈਆਂ ਰੋਕੂ ਐਕਟ ਅਧੀਨ ਦੋਸ਼ ਤੈਅ ਹੋ ਜਾਣ ਅਤੇ ਭਗੌੜਾ ਹੋਣ ਦੇ ਬਾਵਜੂਦ ਆਕੋਲਕਰ ਕੋਡਿਡ ਈ-ਮੇਲਜ਼ ਰਾਹੀਂ ਡਾ. ਤਾਵੜੇ ਨਾਲ ਸੰਪਰਕ ਵਿੱਚ ਹੈ । ਜਾਂਚ ਅਧਿਕਾਰੀਆਂ ਦਾ ਇਹ ਵੀ ਵਿਸ਼ਵਾਸ ਹੈ ਕਿ ਡਾ. ਤਾਵੜੇ ਦਾ 2009 ਦੇ ਸਾਂਗਲੀ-ਮਿਰਾਜ ਦੰਗਿਆਂ ਵਿੱਚ ਵੀ ਹੱਥ ਸੀ । ਸੀ.ਬੀ.ਆਈ., ਨਰਿੰਦਰ ਦਾਭੋਲਕਰ, ਗੋਬਿੰਦ ਪੰਸਾਰੇ ਅਤੇ ਐੱਮ.ਐੱਮ. ਕਲਬੁਰਗੀ ਦੇ ਕਤਲਾਂ ਵਿੱਚ ਵਰਤੇ ਗਏ ਗੋਲੀ ਮਾਰਨ ਵਾਲੇ ਹਥਿਆਰਾਂ ਦੀ ਸਕਾਟਲੈਂਡ ਯਾਰਡ ਤੋਂ ਆਉਣ ਵਾਲੀ 'ਬਲਸਿਟਿਕ ਰਿਪੋਰਟ' ਦੀ ਉਡੀਕ ਵਿੱਚ ਹੈ ।ਕਰਨਾਟਕ ਪੁਲਿਸ ਰਿਪੋਰਟ ਅਨੁਸਾਰ ਪੰਸਾਰੇ ਦੇ ਕਤਲ ਸਮੇਂ ਘਟਨਾ ਸਥਾਨ ਤੋਂ ਦੋ ਵਿੱਚੋਂ ਇੱਕ ਗੰਨ ਦੇ ਮਿਲੇ ਕਾਰਤੂਸ, ਦਾਭੋਲਕਰ ਕਤਲ ਵਿੱਚ ਵਰਤੀ ਗਈ ਗੰਨ ਨਾਲ ਮੇਲ ਖਾਂਦੇ ਹਨ, ਜਦ ਕਿ ਦੂਜੀ ਗੰਨ ਦੇ ਕਾਰਤੂਸ ਉਸ ਨਾਲ ਮਿਲਦੇ ਹਨ ਜੋ ਕਲਬੁਰਗੀ ਕਤਲ ਸਮੇਂ ਵਰਤੀ ਗਈ ।ਜੇ ਇਸ ਦੀ ਸਕਾਟਲੈਂਡ ਯਾਰਡ ਰਿਪੋਰਟ ਤੋਂ ਪੁਸ਼ਟੀ ਹੋ ਜਾਂਦੀ ਹੈ ਤਾਂ ਦਾਭੋਲਕਰ ਕੇਸ, ਦੂਜੇ ਦੋਵੇਂ ਕਤਲ ਕੇਸਾਂ (ਗੋਬਿੰਦ ਪੰਸਾਰੇ, ਕਲਬੁਰਗੀ) ਵਿੱਚ ਵੀ ਮੱਦਦ ਕਰੇਗਾ ।

ਸੀ.ਬੀ.ਆਈ. ਦਾ ਦਾਅਵਾ ਹੈ ਕਿ ਪੂਨੇ ਤੋਂ ਜੋ ਸਾਨੂੰ ਕੁੱਝ ਦਸਤਾਵੇਜ਼ ਮਿਲੇ ਹਨ, ਉਹ ਇਸ਼ਾਰਾ ਕਰਦੇ ਹਨ ਕਿ ਆਕੋਲਕਰ ਹੁਣ ਤੱਕ ਆਪਣੇ ਪਰਿਵਾਰਕ ਮੈਂਬਰਾਂ ਦੇ ਸੰਪਰਕ ਵਿੱਚ ਰਿਹਾ ।ਉਸ ਦੇ ਮਾਤਾ-ਪਿਤਾ ਅਕਸਰ ਸਨਾਤਨ ਸੰਸਥਾ ਦੇ ਗੋਆ ਆਸ਼ਰਮ ਵਿੱਚ ਠਹਿਰਦੇ ਹਨ ।ਉਸ ਦੀ ਭੈਣ ਅਤੇ ਉਸ ਦਾ ਪਤੀ, ਦੋਵੇਂ ਜੋ ਸਨਾਤਨ ਸੰਸਥਾ ਦੇ 'ਸਾਧਕ' ਹਨ, ਗੋਆ, ਪਨਵੇਲ ਆਸ਼ਰਮਾਂ ਵਿੱਚ ਠਹਿਰਦੇ ਹਨ ।

ਸ੍ਰੋਤ :- **'THE HINDU'** (3,12,15 ਜੂਨ 2016)

ਦੇਸ਼ ਭਗਤਾਂ ਦੀ ਯਾਦ

ਚੰਦਰ ਸ਼ੇਖਰ ਆਜ਼ਾਦ



ਜਨਮ: 23 ਜੁਲਾਈ 1906

ਇਤਿਹਾਸਕ ਅਜਾਇਬ ਘਰਾਂ ਵਿਚ ਅਸੀਂ ਸੂਰਬੀਰਾਂ ਦੇ ਸਥਾਪਤ ਬੁੱਤ ਵੇਖਦੇ ਹਾਂ, ਉਹ ਉਸ ਉਚਾਈ ਨੂੰ ਦਰਸਾਉਂਦੇ ਹਨ, ਜਿਸ ਤੱਕ ਉਹ ਨਾਇਕ ਜਾ ਚੁੱਕਾ ਹੁੰਦਾ ਹੈ। ਆਪਣੇਜੀਵਨ ਦੀਆਂ ਖਾਸ ਹਾਲਤਾਂ ਵਿਚ ਕਾਰਨਾਮਿਆਂ ਨੂੰ ਅੰਜ਼ਾਮ ਦੇਣ ਕਰਕੇ ਉਹ ਸਾਡੇ ਆਦਰਸ਼ ਬਣਦੇ ਹਨ। ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਆਰਮੀ ਦਾ ਕਮਾਂਡਰ ਇਨ ਚੀਫ਼ ਚੰਦਰ ਸ਼ੇਖਰ ਆਜ਼ਾਦ ਸਾਡਾ ਅਮਰ ਸ਼ਹੀਦ ਹੈ। ਉਹ ਕ੍ਰਾਂਤੀਕਾਰੀ ਨੌਜਵਾਨਾਂ ਦੇ ਹਰਮਨਪਿਆਰੇ ਆਗੂ ਸਨ। ਇੱਕ ਸਧਾਰਨ ਪਰਿਵਾਰ ਚ ਜਨਮੇ ਆਜ਼ਾਦ ਨੂੰ ਜਨਮ ਤੋਂ ਦੇਸ਼ ਪਿਆਰ ਦੀ ਲਗਨ ਸੀ, ਇਹੋ ਲਗਨ ਹੀ ਉਸ ਨੂੰ ਦੇਸ਼ ਨੂੰ ਗੁਲਾਮੀ ਤੋਂ ਨਿਜ਼ਾਤ ਦਿਵਾਉਣ ਤੇ ਕ੍ਰਾਂਤੀ ਦੇ ਔਖੇਰੇ ਰਾਹ ਤੇ ਲੈ ਕੇ ਗਈ। ਬਚਪਨ ਚ 10-12 ਸਾਲ ਦੀ ਉਮਰ ਵਿਚ ਸੰਸਕ੍ਰਿਤ ਪੜਨ ਵਾਸਤੇ ਘਰੋਂ ਭੱਜ ਕੇ ਕਾਂਸ਼ੀ ਪਹੁੰਚੇ ਉੱਥੇ ਰਾਸ਼ਟਰੀ ਲਹਿਰ ਚ ਰੰਗੇ ਗਏ। ਸਤਿਆਗ੍ਰਹਿ ਕੀਤਾ ਬੈਂਤਾਂ ਦੀ ਸਜ਼ਾ ਪਾਈ ਤੇ ਫਿਰ ਇਨਕਲਾਬੀਆਂ ਨਾਲ ਜਾ ਰਲੇ। ਉਹਨਾਂ ਨੇ ਦੇਸ਼ ਭਰ ਦੇ ਕ੍ਰਾਂਤੀਕਾਰੀ ਨੌਜਵਾਨਾਂ ਨੂੰ ਸੰਗਠਿਤ ਕਰਨ ਚ ਅਹਿਮ ਰੋਲ ਅਦਾ ਕੀਤਾ। ਉਹ ਕਾਕੋਰੀ ਕਾਂਡ ਵਿੱਚੋਂ ਫਰਾਰ ਹੋ ਕੇ ਝਾਂਸੀ ਆਏ ਤੇ ਆਪਣੀ ਸ਼ਹਾਦਤ ਤੱਕ ਇਹੋ ਸਥਾਨ ਹੀ ਉਹਨਾਂ ਦੀਆਂ ਸਰਗਰਮੀਆਂ ਦਾ ਕੇਂਦਰ ਰਿਹਾ। ਜਿਸ ਨਾਇਕ ਆਜ਼ਾਦ ਦੀ ਗ੍ਰਿਫਤਾਰੀ ਲਈ ਅੰਗਰੇਜ਼ ਹਕੂਮਤ ਹਜ਼ਾਰਾਂ ਰੁਪਏ ਦਾ ਇਨਾਮ ਦੇਣ ਦੀ ਪੇਸ਼ਕਸ਼ ਕਰ ਚੁੱਕੀ ਸੀ, ਨਦੀਆਂ ਵਿੱਚ ਜਾਲ, ਗੁਫਾਵਾਂ ਵਿਚ ਬਾਂਸ ਤੇ ਖੂਹਾਂ ਵਿਚ ਕਾਂਟੇ ਪਾ ਰਹੀ ਸੀ ਉਹੀ ਆਜ਼ਾਦ ਸੰਕਟ ਦੇ ਇਸ ਦੌਰ ਚ ਝਾਂਸੀ ਵਿਖੇ ਮਾਸਟਰ ਰੁਦਰਨਰਾਇਣ ਕੋਲ ਸੁਰੱਖਿਅਤ ਰਹਿ ਰਿਹਾ ਸੀ। ਕਈ ਵਾਰ ਪੁਲਿਸ ਨੇ ਆ ਕੇ ਮਾਸਟਰ ਸਾਹਿਬ ਦੇ ਘਰ ਦੀ ਤਲਾਸ਼ੀ ਵੀ ਲਈ। ਆਜ਼ਾਦ ਉਹਨਾਂ ਕੋਲ ਕਿਸੇ ਤਹਿ ਖਾਨੇ ਚ ਛੁਪ ਕੇ ਨਹੀਂ ਰਹੇ, ਉਹ ਖੁਲਮ-ਖੁੱਲ੍ਹਾ ਆਉਂਦੇ ਜਾਂਦੇ, ਕੰਮ ਕਰਦੇ ਸੀ ਤੇ ਆਪਣੀ ਤਲਾਸ਼ ਵਿੱਚ ਆਏ ਹੋਏ ਪੁਲਿਸ ਅਫਸਰਾਂ ਨਾਲ ਘੰਟੇਬੱਧੀ ਕਲਾਈ-ਪੰਜਾ ਲੜਾਉਂਦੇ ਸਨ।ਆਜ਼ਾਦ ਦੇ ਸਾਥੀਆਂ ਵਿਚ ਉਹਨਾਂ ਦੀ ਅਗਵਾਈ ਚ ਕੰਮ ਕਰਨ ਵਾਲਿਆਂ ਵਿੱਚੋਂ ਸ਼ਾਇਦ ਹੀ ਕਿਸੇ ਨੂੰ ਉਹਨਾਂ ਤੋਂ ਘੱਟ ਸਕੂਲੀ ਸਿਖਿਆ ਮਿਲੀ ਹੋਵੇਗੀ। ਸ਼ਾਇਦ ਹੀ ਕੋਈ ਉਹਨਾਂ ਤੋਂ ਵੱਧ ਗਰੀਬੀ ਦੀ ਹਾਲਤ ਵਿਚ ਪੈਦਾ ਹੋਇਆ ਹੋਵੇਗਾ। ਉਹਨਾਂ ਦੇ ਨਾਲ ਉਹਨਾਂ ਦੇ ਪਿਤਾ, ਭਰਾ ਜਾਂ ਕਿਸੇ ਹੋਰ ਸੰਬੰਧੀ ਦੀ ਦੇਸ਼ਭਗਤੀ, ਤਿਆਗ, ਤਪੱਸਿਆ ,ਵੀਰਤਾ ਜਾਂ ਹੋਰ ਕਿਸੇ ਤਰਾਂ ਦੇ ਵਡੱਪਣ ਦੀ ਪਰਛਾਈ ਵੀ ਨਹੀਂ ਸੀ ਲੱਗੀ।ਅਮਰ ਸ਼ਹੀਦ ਭਗਤ ਸਿੰਘ ਤੇ ਆਪਣੇ ਹੋਰ ਸਾਥੀਆਂ ਵਿਚ ਉਹਨਾਂ ਨੇ ਨੇਤਾ ਦਾ ਪਦ ਕਿਤਾਬੀ ਗਿਆਨ ਤੇ ਅਧਾਰਿਤ ਥੋਥੇ ਤਰਕ ਬਲ ਤੇ ਨਹੀਂ ਸਗੋਂ ਵਿਹਾਰਕ ਸੂਝ-ਬੂਝ ,ਨਿਰਬਾਧ ਹਿੰਮਤ ਅਤੇ ਸਭ ਤੋਂ ਉੱਪਰ ਆਪਣੇ ਸਾਥੀਆਂ ਦੀ ਸੁਖ-ਸੁਵਿਧਾ ਦੀ ਦਿਲੀ ਸੁਹਿਰਦ ਚਿੰਤਾ ਰਖਦੇ ਤੇ ਮੌਕੇ ਮੁਤਾਬਕ ਕੁਸ਼ਲ ਅਗਵਾਈ ਪ੍ਰਦਾਨ ਕਰਕੇ ਹੀ ਪਾਇਆ ਸੀ।ਇਹ ਕ੍ਰਾਂਤੀਵੀਰ 27 ਫਰਵਰੀ 1931 ਨੂੰ ਇਲਾਹਾਬਾਦ ਦੇ ਅਲਫਰੇਡ ਪਾਰਕ ਚ ਅੰਗਰੇਜ਼ ਪੁਲਿਸ ਨਾਲ ਮੁਕਾਬਲੇ ਚ ਸ਼ਹੀਦ ਹੋ ਗਿਆ।

- ਭਗਵਾਨ ਦਾਸ ਮਾਹੌਰ

ਕਿਣਕੇ ਤੇ ਕਲਮ

ਹਰ ਮਿੰਟ, ਹਰ ਲਫਜ਼, ਹਰ ਨਜ਼ਰ, ਹਰ ਖ਼ਿਆਲ ਮਹਾਨ ਜਾਂ ਛੋਟੀ ਆਦਮੀ ਦੇ ਦਿਲ ਦੀ ਬੇਮਲੂਮੀ ਜਿਹੀ ਧੜਕਣ, ਸਫੈਦੇ ਦੇ ਬਿਰਛ ਤੋਂ ਕਿਸੇ ਫੁੱਲ ਦੇ ਡਿੱਗਣ ਦੀ ਆਵਾਜ਼, ਤਲਾਅ ਦੇ ਪਾਣੀ ਵਿੱਚ ਤਾਰਿਆਂ ਦੀ ਲੋਅ ਸਭ ਸੋਨੇ ਦੀ ਧੂੜ ਦੇ ਕਿਣਕੇ ਹਨ ਆਪਣੀ ਉਮਰ ਦੇ ਵਰ੍ਹਿਆਂ ਵਿਚ, ਅਸੀਂ ਲੇਖਕ ਅਚੇਤ ਤੌਰ ਤੇ ਅਜਿਹੇ ਲੱਖਾਂ ਕਿਣਕੇ ਇਕੱਠੇ ਕਰਦੇ ਹਾਂ ਤੇ ਉਹ ਤਦ ਤਾਈਂ ਸਾਡੇ ਕੋਲ ਜਮਾਂ ਰਹਿੰਦੇ ਹਨ ਜਦ ਤਾਈਂ ਉਹਨਾਂ ਨੂੰ ਇੱਕ ਡਲੀ ਦੀ ਸ਼ਕਲ ਚ ਨਹੀਂ ਢਾਲ ਲਿਆ ਜਾਂਦਾ ਤੇ ਉਸ ਡਲੀ ਚੋਂ ਅਸੀਂ ਆਪਣੇ ਖਾਸ ਕਿਸਮ ਦੇ ਦੇ ਸੁਨਿਹਰੇ ਗੁਲਾਬ ਬਣਾਉਂਦੇ ਹਾਂ: ਕੋਈ ਕਹਾਣੀ, ਕੋਈ ਕਵਿਤਾ, ਕੋਈ ਨਾਵਲ। ਇਹਨਾਂ ਵਡਮੁੱਲੇ ਕਿਣਕਿਆਂ ਚੋਂ ਸਾਹਿਤ ਦੀ ਧਾਰਾ ਦਾ ਜਨਮ ਹੁੰਦਾ ਹੈ....ਸਾਡੀ ਕਲਮ ਦਾ ਫਰਜ਼ ਹੈ ਕਿ ਉਹ ਸੁਹੱਣਪ, ਖੁਸ਼ੀ ਦੀ ਭਾਲ, ਆਜ਼ਾਦੀ ਤੇ ਦਰਿਆ ਦਿਲੀ ਦਾ ਬਿਆਨ ਕਰੇ, ਹਨੇਰੇ ਨੂੰ ਘਟਾਵੇ ਤੇ ਕਦੇ ਨਾ ਭੁੱਲਣ ਵਾਲੇ ਸੂਰਜ ਵਾਂਗ ਚਮਕੇ।

ਕੇ.ਪਾਸਤੋਵਸਕੀ

ਖੁਸ਼ੀ

ਖੁਸ਼ੀ ਭਲਕ ਨੂੰ ਨਹੀਂ ਜਾਣਦੀ ਤੇ ਨਾ ਹੀ ਉਸਦਾ ਕੋਈ ਕੱਲ੍ਹ ਹੁੰਦਾ ਹੈ। ਖੁਸ਼ੀ ਬੀਤੇ ਨੂੰ ਭੁੱਲ ਜਾਂਦੀ ਹੈ ਤੇ ਭਵਿੱਖ ਬਾਰੇ ਨਹੀਂ ਸੋਚਦੀ। ਉਹ ਤੇ ਸਿਰਫ਼ ਵਰਤਮਾਨ ਨੂੰ ਹੀ ਜਾਣਦੀ ਹੈ ਤੇ ਉਹ ਵੀ ਦਿਨ ਨੂੰ ਨਹੀਂ ਸਗੋਂ ਪਲ ਨੂੰ।

ਵੇਖਣਾ ਉਦੋਂ ਇਹ ਸਾਰੇ ਹੀ ਸਿਕੰਦਰ ਹੋਣਗੇ ।

- ਰਣਜੀਤ ਸਰਾਂਵਾਲੀ

ਪ੍ਰਣਾਮ ਸ਼ਹੀਦਾਂ ਨੂੰ



ਸ਼ਹੀਦ ਊਧਮ ਸਿੰਘ

ਸ਼ਹਾਦਤ : 31 ਜੁਲਾਈ 1940

13 ਮਾਰਚ 1940 ਨੂੰ ਜਲ੍ਹਿਆਂ ਵਾਲਾ ਬਾਗ ਗੋਲੀ ਕਾਂਡ ਦੇ ਜਿੰਮੇਵਾਰ ਮਾਈਕਲ ਅਡਵਾਇਰ ਨੂੰ ਲੰਦਨ ਦੇ ਕੈਕਸਟਨ ਹਾਲ ਚ ਗੋਲੀਆਂ ਨਾਲ ਭੁੰਨ ਕੇ ਖ਼ੁਦ ਫਾਂਸੀ ਦਾ ਫੰਦਾ ਚੁੰਮਣ ਵਾਲਾ ਊਧਮ ਸਿੰਘ ਗਦਰੀ ਸੂਰਬੀਰ ਸੀ ਜਿਹੜਾ ਭਾਰਤ ਦੀ ਆਜ਼ਾਦੀ ਤੇ ਆਪਣੇ ਆਦਰਸ਼ ਬਾਰੇ ਪੂਰੀ ਤਰਾਂ ਸਪੱਸ਼ਟ ਸੀ। ਉਸ ਨਾਇਕ ਨੇ ਆਖਿਆ ਸੀ : ਆਜ਼ਾਦੀ ਦੀ ਬੁਨਿਆਦ ਇਨਕਲਾਬ ਹੈ। ਗੁਲਾਮੀ ਦੇ ਵਿਰੁੱਧ ਇਨਕਲਾਬ,ਮਨੁੱਖ ਦਾ ਧਰਮ ਹੈ|ਇਹ ਮਨੁੱਖ ਦੀ ਮਨੁਖਤਾ ਦਾ ਆਦਰਸ਼ ਹੈ|ਜਿਹੜੀ ਕੌਮ ਅਧੀਨਗੀ ਕਬੂਲ ਕਰਕੇ ਸਿਰ ਨਿਵਾ ਦਿੰਦੀ ਹੈ ,ਉਹ ਮੌਤ ਨੂੰ ਪ੍ਰਵਾਨ ਕਰਦੀ ਹੈ ਕਿਉਂਕਿ ਆਜ਼ਾਦੀ ਜੀਵਨ ਤੇ ਗੁਲਾਮੀ ਮੌਤ ਹੈ|ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ ਤੇ ਅਸੀਂ ਇਸਨੂੰ ਪ੍ਰਾਪਤ ਕਰਕੇ ਹੀ ਰਹਾਂਗੇ। ਅਸੀਂ ਇਨਕਲਾਬ ਦੇ ਦਰ ਤੇ ਆਪਣੀਆਂ ਜਵਾਨੀਆਂ ਦੀਆਂ ਬਹਾਰਾਂ ਵਾਰਨ ਲਈ ਤਤਪਰ ਹੋ ਗਏ ਹਾਂ। ਇਸ ਮਹਾਨ ਆਦਰਸ਼ ਦੀ ਭੇਂਟ ਆਪਣੀ ਜਵਾਨੀ ਤੋਂ ਘੱਟ ਹੋਰ ਹੋ ਵੀ ਕੀ ਸਕਦਾ ਹੈ।

ਇਨਕਲਾਬ ਦੇ ਅਰਥ ਹਨ: ਬਦੇਸ਼ੀ ਖ਼ੂਨੀ ਜਬਾੜਿਆਂ ਤੋਂ ਛੁਟਕਾਰਾ। ਲੁੱਟ-ਖਸੁੱਟ ਅਤੇ ਉਸ ਨਿਜ਼ਾਮ ਦਾ ਅੰਤ ਜੋ ਅਮੀਰ ਨੂੰ ਹੋਰ ਅਮੀਰ ਬਣਾਉਣ ਅਤੇ ਗਰੀਬ ਨੂੰ ਕੰਗਾਲੀ ਦੇ ਪੁੜਾਂ ਚ ਪਿਸੇ ਜਾਣ ਲਈ ਮਜਬੂਰ ਕਰਦਾ ਹੈ। ਸਾਮਰਾਜੀ ਨਿਜ਼ਾਮ ਕਾਰਣ ਲਖੂਖਾਂ ਕਿਰਤੀ ਕੁੱਲੀ, ਗੁੱਲੀ, ਜੁੱਲੀ, ਵਿਦਿਆ ਅਤੇ ਇਲਾਜ ਤੱਕ ਦੀਆਂ ਬੁਨਿਆਦੀ ਲੋੜਾਂ ਦੇ ਮੁਹਤਾਜ ਹਨ|ਕਿਹੜਾ ਐਸਾ ਪੱਥਰ ਦਿਲ ਮਨੁੱਖ ਹੈ, ਕਿਰਤੀਆਂ-ਕਿਸਾਨਾਂ ਦੀ ਬੇਵਸੀ ਤੇ ਲਾਚਾਰੀ ਨੂੰ ਵੇਖ ਕੇ ਜਿਸਦਾ ਖ਼ੂਨ ਉਬਲ ਨਹੀਂ ਪੈਂਦਾ। ਕਹਿਰ ਹੈ ਯਾਰੋ,ਜਿਹੜਾ ਆਪਣੀ ਜ਼ਿੰਦਗੀ ਅਤੇ ਖ਼ੂਨ ਨਾਲ ਸਰਮਾਏਦਾਰੀ ਦੇ ਮਹੱਲ ਉਸਾਰਦਾ ਹੈ,ਉਹ ਆਪ ਰਾਤ ਨੂੰ ਢਿੱਡੋਂ ਖਾਲੀ ਤੇ ਕੇਵਲ ਆਕਾਸ਼ ਦੇ ਥੱਲੇ ਸੌਂਵੇਂ ?ਅਜਿਹੇ ਨਿਜ਼ਾਮ ਨੂੰ ਸਾੜ ਕੇ ਸੁਆਹ ਕਿਉਂ ਨਹੀਂ ਕਰ ਦਿੱਤਾ ਜਾਂਦਾ। ਹੁਣ ਤਾਂ ਇਨਕਲਾਬ, ਇਨਕਲਾਬ ਦੇ ਵਹਿਣ ਤੇ ਖੜਾ ਹੈ। ਅਸੀਂ ਕਰੋੜਾਂ ਲੋਕੀਂ ਜਿਹੜੇ ਬਦੇਸ਼ੀ ਅੱਗ ਚ ਧੁਖ ਰਹੇ ਹਾਂ, ਜੇਕਰ ਅਸੀਂ ਆਪਣੀ ਕਿਸਮਤ ਦੇ ਆਪ ਕਰਿੰਦੇ ਬਣ ਜਾਈਏ ਤਾਂ ਇਸ ਦਾ ਸਿੱਟਾ ਇਨਕਲਾਬ ਹੋਵੇਗਾ ਅਤੇ ਇਹੋ ਇਨਕਲਾਬ ਸਾਡੀ ਆਜ਼ਾਦੀ ਦੀ ਜਾਮਨੀ ਹੈ|

(ਨੌਜਵਾਨ ਭਾਰਤ ਸਭਾ ਦੀ ਕਾਨਫਰੰਸ ਚ ਪੇਸ਼ ਕੀਤੇ ਵਿਚਾਰ)

.ਗ਼ਜ਼ਲ



ਜੁਗਨੂੰਆਂ ਦੇ ਮਗਰ ਲਾਉਂਦਾ ਕੌਣ ਹੈ,
ਸਾਥੋਂ ਸਾਡਾ ਚੰਨ ਚੁਰਾਉਂਦਾ ਕੌਣ ਹੈ।
ਆ ਜਗਾਈਏ ਸੀਨੇ ਦੀ ਅੱਗ ਨਾਲ ਦੀਵਾ ,
ਵੇਖਦੇ ਹਾਂ ਫਿਰ ਬੁਝਾਉਂਦਾ ਕੌਣ ਹੈ।
ਭਟਕਣਾ, ਚਿੰਤਾ, ਉਦਾਸੀ ਜਾਂ ਵਿਵੇਕ,
ਨਿੱਤ ਵਿਘਨ ਨੀਂਦਾਂ ਚ ਪਾਉਂਦਾ ਕੌਣ ਹੈ।
ਜਿਥੇ ਸਾਡੀ ਅੱਖ ਵੀ ਝੁਕਦੀ ਨਹੀਂ ,
ਖਬਰੇ ਉਥੇ ਸਿਰ ਝੁਕਾਉਂਦਾ ਕੌਣ ਹੈ।

(ਸਾਹਿਤ ਅਕਾਦਮੀ ਯੁਵਾ ਪੁਰਸਕਾਰ ਜੇਤੂ ਪੁਸਤਕ 'ਪਾਣੀ ਉੱਤੇ ਮੀਨਾਕਾਰੀ' ਚੋਂ)

- ਰਣਜੀਤ ਸਰਾਂਵਾਲੀ (98143-78105)

ਨਸ਼ਤਰਾਂ

ਯੋਗ ਕਰਕੇ ਪਾਓ ਸੁਖ ਸ਼ਾਂਤੀ,
ਅੱਛੇ ਦਿਨ ਵੇਖੋ ਮਿੱਤਰੋ।

***

ਰੁਜ਼ਗਾਰ ਖ਼ੁੱਸਿਆ, ਦੇਸ਼ ਲਾਇਆ ਸੇਲ ਤੇ,
ਅੱਗੇ ਵਧਦਾ ਇੰਡੀਆ ਵੇਖ ਲਓ।

***

ਵਿਦੇਸ਼ੀ ਦੌਰੇ ਤੇ ਭਾਸ਼ਣ ਜੁਮਲੇ,
ਨੇਤਾ ਜੀ ਨੂੰ ਰਾਸ ਆ ਗਏ।

***

ਯੋਗੀ ਸਾਧ ਤੇ ਹਕੂਮਤ ਮਿਲ ਕੇ,
ਲਾਰਿਆਂ ਦਾ ਭੋਗ ਵੰਡਦੇ।

ਮਨੁੱਖ

ਜਦੋਂ ਮਨੁੱਖ ਸੋਚਦਾ ਹੈ ਕਿ ਉਹ ਕੀ ਕਰੇਗਾ ਤਾਂ ਬਾਜ਼ ਵਾਂਗ ਅਸਮਾਨੀ ਉੱਡਦਾ ਹੈ, ਆਪਣੇ ਆਪ ਨੂੰ ਪਹਾੜ ਚੁੱਕ ਲੈਣ ਦੇ ਸਮਰੱਥ ਸਮਝਦਾ ਹੈ ਪਰ ਜਦੋਂ ਅਮਲ ਦਾ ਵਕਤ ਆਉਂਦਾ ਹੈ ਤਾਂ ਅਚਾਨਕ ਹੀ ਕਮਜ਼ੋਰ ਤੇ ਥੱਕਾ-ਥੱਕਾ ਮਹਿਸੂਸ ਕਰਨ ਲੱਗ ਪੈਂਦਾ ਹੈ।


ਰੋਟੀ

ਰੋਟੀ ਦੀ ਭੁੱਖ ਨਾਲੋਂ ਸਾਹਿਤ ਤੇ ਸੰਸਕ੍ਰਿਤੀ ਦੀ ਭੁੱਖ ਕਿਤੇ ਅਹਿਮ ਹੁੰਦੀ ਹੈ। ਇਹ ਭੁੱਖ ਰੋਟੀ ਦੀ ਭੁੱਖ ਨਾਲੋਂ ਕੀਤੇ ਜਿਆਦਾ ਖ਼ਤਰਨਾਕ ਸਾਬਤ ਵੀ ਹੋ ਸਕਦੀ ਹੈ।

ਸੁਖਬੀਰ

ਵਾਗ੍ਹਾ ਪਰੇਡ... ਕੀ ਹੈ ਹਾਕਮਾਂ ਦੀ ਪਹੁੰਚ ?

-ਅਭੈ ਸਿੰਘ



ਵਾਗ੍ਹਾ-ਅਟਾਰੀ ਬਾਰਡਰ ਉਪਰ ਹਰ ਸ਼ਾਮ ਝੰਡਾ ਉਤਾਰਨ ਦੀ ਪਰੇਡ ਹੁੰਦੀ ਹੈ ਜਿਸ ਵਿਚ ਪਾਕਿਸਤਾਨ ਤੇ ਹਿੰਦੁਸਤਾਨ ਦੇ ਝੰਡਿਆਂ ਨੂੰ ਉਤਾਰਿਆ ਜਾਂਦਾ ਹੈ। ਇਹ ਅੰਗਰੇਜ਼ਾਂ ਦਾ ਚੱਲਿਆ ਆ ਰਿਹਾ ਰਿਵਾਜ਼ ਹੈ ਕਿ ਝੰਡਿਆਂ ਨੂੰ ਸੂਰਜ ਛਿਪਦੇ ਸਲਾਮੀ ਦੇ ਕੇ ਉਤਾਰ ਲਿਆ ਜਾਵੇ ਤੇ ਸੂਰਜ ਨਿਕਲਦੇ ਵਕਤ ਸਲਾਮੀ ਦੇ ਕੇ ਦੁਬਾਰਾ ਲਹਿਰਾ ਦਿੱਤਾ ਜਾਵੇ। ਸਲਾਮੀ ਦੇ ਨਾਲ ਹੀ ਫੌਜੀ ਧੁੰਨਾਂ ਵੀ ਵਜਾਈਆਂ ਜਾਂਦੀਆਂ ਹਨ। ਪਿਛਲੇ ਜ਼ਮਾਨੇ ਵਿਚ ਇਹ ਰਿਵਾਇਤ ਓਦੋਂ ਤੋਂ ਚੱਲੀ ਜਦੋਂ ਦੋਵੇਂ ਪਾਸੇ ਦੀਆਂ ਫੌਜਾਂ ਦਿਨ ਛਿਪਦੇ ਹੀ ਲੜਾਈ ਦੇ ਮੈਦਾਨ ਵਿਚੋਂ ਪਿੱਛੇ ਹਟ ਜਾਂਦੀਆਂ ਸਨ। ਓਦੋਂ ਜਿਹੜਾ ਬਿਗਲ ਵੱਜਦਾ ਸੀ ਉਸ ਦੀ ਖਾਸ ਤਰਜ਼ ਹੁੰਦੀ ਸੀ ਜਿਸ ਦਾ ਮਤਲਬ ਪਿਛਾਂਹ ਹਟਣ ਦੀ ਹਦਾਇਤ ਹੁੰਦੀ ਸੀ।

ਦੋਹਾਂ ਪਾਸਿਆਂ ਦੇ ਦੋ ਦੋ ਸਿਪਾਹੀ ਤੇਜ਼ੀ ਨਾਲ ਬਾਹਵਾਂ ਹਿਲਾਂਦੇ ਇਕ ਦੂਜੇ ਦੇ ਪਾਸੇ ਨੂੰ ਅੱਗੇ ਵਧਦੇ ਤੇ ਆਪਣੇ ਆਪਣੇ ਗੇਟ ਖੋਲ੍ਹਦੇ ਹਨ। ਇਸ ਵਿਚ ਇਕ ਦੂਜੇ ਵੱਲ ਮੂੰਹ ਕਰਕੇ ਸੜਕ ਤੇ ਪੈਰ ਮਾਰੇ ਜਾਂਦੇ ਹਨ। ਇਸ ਦੇ ਨਾਲ ਹੀ ਦੋਵੇਂ ਬਾਹਵਾਂ ਬਾਹਰ ਨੂੰ ਕੱਢ ਕੇ ਵੰਗਾਰਨ ਵਾਲਾ ਪੋਜ਼ ਵੀ ਬਣਾਇਆ ਜਾਂਦਾ ਹੈ।

ਥੋੜੀ ਜਿਹੀ ਪਰੇਡ ਕਰਨ ਤੋਂ ਬਾਅਦ ਦੋ ਸਿਪਾਹੀ ਆਪਣੇ ਆਪਣੇ ਝੰਡੇ ਦੀਆਂ ਰੱਸੀਆਂ ਫੜ੍ਹ ਲੈਂਦੇ ਹਨ ਤੇ ਫਿਰ ਇਕ ਰੱਸੀ ਹੌਲੀ ਹੌਲੀ ਖਿੱਚਦੇ ਤੇ ਪਿੱਛੇ ਹਟਦੇ ਹੋਏ ਝੰਡੇ ਨੀਵੇਂ ਕਰਦੇ ਜਾਂਦੇ ਹਨ। ਅੱਧ ਵਿਚ ਆ ਕੇ ਦੋਵੇਂ ਝੰਡੇ ਇਕ ਦੂਜੇ ਦੇ ਨਜ਼ਦੀਕ ਆ ਜਾਂਦੇ ਹਨ। ਇਸੇ ਦੌਰਾਨ ਦੋਹਾਂ ਪਾਸਿਓਂ ਤੋਂ ਰੀਟਰੀਟ ਦਾ ਬਿਗਲ ਵਜਾਇਆ ਜਾਂਦਾ ਹੈ। ਝੰਡੇ ਹੇਠਾਂ ਉਤਾਰੇ ਜਾਣ ਤੋਂ ਬਾਅਦ ਇੱਜ਼ਤ ਨਾਲ ਪੈਕ ਕਰ ਲਏ ਜਾਂਦੇ ਹਨ ਤੇ ਇਕ ਵਾਰ ਫਿਰ ਸਿਪਾਹੀਆਂ ਦੀ ਜ਼ੋਰ ਜ਼ੋਰ ਨਾਲ ਪੈਰ ਮਾਰਨ ਦੀ ਪਰੇਡ ਸ਼ੁਰੂ ਹੋ ਜਾਂਦੀ ਹੈ। ਅਖੀਰ ਵਿਚ ਦੋਹਾਂ ਪਾਸਿਆਂ ਤੋਂ ਇਕ ਇਕ ਸਿਪਾਹੀ ਜ਼ੋਰ ਦੀ ਬਾਹਵਾਂ ਮਾਰਦਾ ਦਰਵਾਜ਼ੇ ਵੱਲ ਵੱਧਦਾ ਹੈ। ਦੋਵੇਂ ਇਕ ਦੂਜੇ ਨੂੰ ਸਲੂਟ ਮਾਰਦੇ ਹਨ, ਹਲਕਾ ਜਿਹਾ ਹੱਥ ਮਿਲਾ ਕੇ ਦਰਵਾਜ਼ੇ ਬੰਦੇ ਕਰ ਦੇਂਦੇ ਹਨ । ਇਸ ਕਰਕੇ ਵਾਗ੍ਹਾ ਬਾਰਡਰ ਦੀ ਇਸ ਰਸਮ ਦਾ ਨਾਂ ਵੀ 'ਰੀਟਰੀਟ' ਯਾਨੀ ਕਿ ਪਿੱਛੇ ਹਟਣਾ ਰੱਖਿਆ ਗਿਆ ਹੈ। ਲੇਕਿਨ ਹਰ ਸ਼ਾਮ ਇਸ ਰਸਮ ਦੀ ਸ਼ੁਰੂਆਤ ਪਿੱਛੇ ਹਟਣ ਦੀ ਕਿਰਿਆ ਨਾਲ ਨਹੀਂ, ਅੱਗੇ ਵਧਣ ਨਾਲ ਹੁੰਦੀ ਹੈ।

ਦੂਰ ਦੂਰ ਤੋਂ ਸੈਰ ਕਰਨ ਆਏ ਲੋਕ ਇਸ ਨੂੰ ਵੇਖਣ ਦਾ ਪ੍ਰੋਗਰਾਮ ਬਣਾਉਂਦੇ ਹਨ।

ਲੋਕੀਂ ਇਹ ਰਸਮ ਸ਼ੁਰੂ ਹੋਣ ਤੋਂ ਪਹਿਲਾਂ ਸੀਟਾਂ ਲੈ ਕੇ ਬੈਠ ਜਾਂਦੇ ਹਨ। ਉਹਨਾਂ ਦਾ ਵਕਤ ਗੁਜ਼ਾਰਨ ਦੀ ਖ਼ਾਤਰ ਥੋੜੇ ਥੋੜੇ ਵਕਫ਼ੇ ਦੇ ਬਾਅਦ ਸਿਪਾਹੀ ਜ਼ੋਰ ਜ਼ੋਰ ਦੀ ਲੱਤਾਂ ਮਾਰ ਕੇ ਪਰੇਡ ਕਰਦੇ ਰਹਿੰਦੇ ਹਨ। ਲੋਕੀਂ ਤਾੜੀਆਂ ਮਾਰਦੇ ਹਨ। ਕਦੇ ਕਦੇ ਜਦੋਂ ਦੋਹਾਂ ਮੁਲਕਾਂ ਵਿਚ ਕਸ਼ੀਦਗੀ ਦਾ ਮਾਹੌਲ ਹੁੰਦਾ ਹੈ ਤਾਂ ਦਰਸ਼ਕਾਂ ਵਿਚੋਂ ਕਈ ਬਹੁਤ ਭੜਕੀਲੇ ਤੇ ਵੰਗਾਰਨ ਵਾਲੇ ਨਾਹਰੇ ਮਾਰਦੇ ਹਨ।

ਦਰਵਾਜ਼ਿਆਂ ਦੇ ਕੋਲ ਇਕ ਸਿਤੰਬ ਹੈ ਜਿਸ ਵਿਚ ਦੋ ਹੱਥ ਮਿਲਦੇ ਵਿਖਾਏ ਗਏ ਹਨ। ਇਸ ਬਹੁਤ ਚੰਗੀ ਗੱਲ ਹੈ ਪਰ ਇਸ ਦੇ ਬਾਵਜੂਦ ਬਹੁਤ ਵਾਰ ਭੜਕਾਊ ਨਾਹਰੇ ਲਗਾਉਣ ਵਾਲੇ ਖਰੂਦੀ ਲਾਣੇ ਪਹੁੰਚ ਜਾਂਦੇ ਹਨ। ਕੁਝ ਮਹੀਨੇ ਪਹਿਲਾਂ ਤੋਂ ਪਾਕਿਸਤਾਨ ਵਾਲੇ ਪਾਸੇ ਦੀ ਭੀੜ ਦੇ ਮਨੋਰੰਜਨ ਵਾਸਤੇ ਢੋਲੀ ਪਹੁੰਚ ਰਿਹਾ ਹੈ ਜੋ ਪੰਜਾਬੀ ਦੀਆਂ ਲੋਕ ਧੁਨਾਂ ਵਜਾਉਂਦਾ ਹੈ। ਦੋਹਾਂ ਪਾਸਿਆਂ ਦੀ ਭੀੜ ਜ਼ਿਆਦਾਤਰ ਪੰਜਾਬੀ ਲੋਕਾਂ ਦੀ ਹੀ ਹੁੰਦੀ ਹੈ, ਇਸ ਵਾਸਤੇ ਇਹ ਧੁੰਨਾਂ ਦੋਹਾਂ ਪਾਸੇ ਦੇ ਲੋਕਾਂ ਦੇ ਮੋਢੇ ਥਿਰਕਾ ਦੇਂਦੀਆਂ ਹਨ। ਲੋਕਾਂ ਵੱਲੋਂ ਖੜੇ ਹੋ ਕੇ ਭੰਗੜੇ ਪਾਉਣ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ।

ਇਸ ਦੀ ਤੋੜ ਵਜੋਂ ਏਧਰ ਬੀ ਐਸ ਐਫ ਵਾਲਿਆਂ ਨੇ ਪੱਛਮੀ ਸੰਗੀਤ ਦੀ ਤਰਜ਼ ਦੇ ਆਰਕੈਸਟਰੇ ਦਾ ਪ੍ਰਬੰਧ ਕਰ ਲਿਆ। ਅੱਜ ਕੱਲ ਲਾਹੌਰ ਵਿਚ ਵੀ ਪੱਛਮੀ ਤਰਜ਼ ਦੇ ਗਾਣਿਆਂ ਦਾ ਬਹੁਤ ਚਲਨ ਹੋ ਗਿਆ ਹੈ। ਬਹੁਤ ਸਾਰੇ ਪੰਜਾਬੀ ਗੀਤ ਵੀ ਪੱਛਮੀ ਤਰਜ਼ ਦੇ ਆਰਕੈਸਟਰਿਆਂ ਉਪਰ ਗਾਏ ਜਾਂਦੇ ਹਨ। ਇਸ ਕਰਕੇ ਇਸ ਆਰਕੈਸਟਰਾ ਉਪਰ ਦੂਸਰੀ ਤਰਫ ਬੈਠੇ ਲੋਕਾਂ ਦੇ ਪੈਰ ਵੀ ਉਸੇ ਤਰ੍ਹਾਂ ਥਰਕੇ ਜਿਸ ਤਰ੍ਹਾਂ ਏਧਰ ਢੋਲ ਉਪਰ ਥਰਕੇ ਸਨ।

ਇਹ ਸਾਰਾ ਕੁੱਝ ਬਹੁਤ ਠੀਕ ਹੈ। ਲੇਕਿਨ ਰਸਮ ਦੌਰਾਨ ਇੱਕ ਦੂਜੇ ਵੱਲ ਜੁੱਤੇ ਵਿਖਾ ਕੇ ਜ਼ੋਰ ਜ਼ੋਰ ਦੀ ਜ਼ਮੀਨ ਉੱਪਰ ਪੈਰ ਮਾਰਨ ਦੀ ਪਰੇਡ ਬਹੁਤ ਲੋਕਾਂ ਨੂੰ ਚੁਭਦੀ ਹੈ। ਇਸ ਦੇ ਨਾਲ ਹੀ ਵੰਗਾਰਨ ਵਾਲਾ ਪੋਜ਼ ਬਣਾਇਆ ਜਾਂਦਾ ਹੈ ਜਿਸ ਦੀ ਕੋਈ ਤੁਕ ਨਹੀਂ। ਇਹ ਦੋ ਮੁਲਕਾਂ ਦਾ ਸਾਂਝਾ ਸਮਾਰੋਹ ਹੁੰਦਾ ਹੈ, ਇਸ ਵਿੱਚ ਸਾਂਝ ਵਾਲਾ ਰੁਖ ਬਣਾਉਣਾ ਚਾਹੀਦਾ ਹੈ। ਇਥੇ ਸਿਰਫ਼ ਝੰਡਿਆਂ ਦੇ ਸਤਿਕਾਰ ਵਿਚ ਬਾ ਸਲੀਕਾ ਪਰੇਡ ਹੋਣੀ ਚਾਹੀਦੀ ਹੈ, ਚੰਗੀ ਪਰੇਡ ਹੋਣੀ ਚਾਹੀਦੀ ਹੈ, ਕੁਝ ਜਿਸਮਾਨੀ ਕਰਤੱਬ ਵੀ ਸ਼ਾਮਿਲ ਕਰ ਲਏ ਜਾਣ ਤਾਂ ਕੋਈ ਹਰਜ਼ ਨਹੀਂ। ਜੇ ਵੰਗਾਰਨ

ਵਾਲਾ ਕੰਮ ਕਰਨਾ ਹੀ ਹੈ ਤਾਂ ਉਥੇ ਹੀ ਦੋਹਾਂ ਪਾਸਿਆਂ ਦੇ ਕਬੱਡੀ ਮੈਚ ਕਰਵਾ ਲਵੋ ਪਰ ਜੁੱਤੇ ਵਿਖਾਉਣ ਤੇ ਪੈਰ ਮਾਰਨ ਦਾ ਖਰੂਦਪੁਣਾ ਬੰਦ ਕਰਨਾ ਚਾਹੀਦਾ ਹੈ।

ਇਹ ਕੰਮ ਇਨਸਾਨਾਂ ਨੂੰ ਸ਼ੋਭਾ ਨਹੀਂ ਦੇਂਦਾ। ਦੁਨੀਆ ਵਿਚ ਬਹੁਤ ਸਾਰੇ ਬਾਰਡਰ ਹਨ। ਉਤਰੀ ਤੇ ਦੱਖਣੀ ਕੋਰੀਆ ਦੇ ਬਾਰਡਰ ਹਨ, ਇਰਾਕ ਤੇ ਇਰਾਨ ਦੇ ਹਨ ਤੇ ਇਹਨਾਂ ਵਰਗੇ ਕੁਝ ਹੋਰ ਵੀ ਕਸ਼ੀਦਗੀ ਭਰੇ ਹਨ ਪਰ ਜੁੱਤੇ ਵਿਖਾਉਣ ਦਾ ਕੰਮ ਹੋਰ ਕਿਧਰੇ ਨਹੀਂ ਹੁੰਦਾ।

ਦੋਹਾਂ ਮੁਲਕਾਂ ਦੇ ਬਹੁਤ ਸਾਰੇ ਦਾਨਸ਼ਵਰਾਂ ਨੇ ਇਹ ਕੋਝੀ ਰਿਵਾਇਤ ਬੰਦ ਕਰਨ ਦੇ ਮਸ਼ਵਰੇ ਰੱਖੇ ਹਨ ਪਰ ਕੋਈ ਗੌਰ ਨਹੀਂ ਹੋ ਰਿਹਾ। ਹਮੇਸ਼ਾ ਦੂਜੀ ਧਿਰ ਦਾ ਬਹਾਨਾ ਲਗਾਇਆ ਜਾਂਦਾ ਹੈ ਕਿ ਉਹ ਨਹੀਂ ਮੰਨਦੇ ਪਰ ਸਵਾਲ ਇਹ ਹੈ ਕਿ ਜੇ ਇਕ ਧਿਰ ਬਦਅਕਲੀ ਉਪਰ ਬਜ਼ਿੱਦ ਵੀ ਹੋਵੇ ਤਾਂ ਦੂਜੀ ਧਿਰ ਨੂੰ ਅਕਲਮੰਦੀ ਤੇ ਸਭਿਅਤਾ ਦਾ ਮੁਜ਼ਾਹਰਾ ਕਰਨ ਵਿਚ ਕੀ ਹਰਜ਼ ਹੈ। ਹਾਲਾਂਕਿ ਇਕ ਦੋ ਵਾਰ ਦੋਹਾਂ ਪਾਸਿਆਂ ਦੇ ਵੱਡੇ ਅਧਿਕਾਰੀਆਂ ਨੇ ਵੀ ਇਹ ਸੁਝਾਵ ਦਿੱਤੇ ਹੋਏ ਹਨ। ਪਾਕਿਸਤਾਨ ਰੇਂਜਰਜ਼ ਦੇ ਮੇਜਰ ਯਾਕੂਬ ਅਲੀ ਖਾਨ ਨੇ ਪਰੇਡ ਵਿਚ ਹਮਲਾਵਰ ਰੁਖ ਖ਼ਤਮ ਕਰਨ ਦੀ ਗੱਲ ਅਕਤੂਬਰ 2010 ਵਿਚ ਕੀਤੀ ਸੀ। ਕੋਈ ਸਮਾਂ ਸੀ ਜਦੋਂ ਦੋਵੇਂ ਮੁਲਕਾਂ ਦੇ ਫੌਜੀ ਇਕੋ ਕੰਨਟੀਨ ਵਿਚ ਚਾਹ ਵੀ ਪੀ ਲੈਂਦੇ ਸਨ ਤੇ ਗੱਪਸ਼ੱਪ ਵੀ ਮਾਰ ਲੈਂਦੇ ਸਨ। ਪਰ ਸਮਗਲਿੰਗ, ਅੱਤਵਾਦ ਅਤੇ ਦੋਵਾਂ ਮੁਲਕਾਂ ਦੇ ਨੇਤਾਵਾਂ ਦੀ ਸੌੜੀ ਵੋਟ-ਰਾਜਨੀਤੀ ਨੇ ਬਾਰਡਰ ਉਪਰ ਮਹੌਲ ਕਸ਼ੀਦਗੀ ਭਰਿਆ ਬਣਾ ਦਿੱਤਾ।

ਅਸੀਂ ਉਮੀਦਾਂ ਲਗਾ ਰਹੇ ਸਾਂ ਕਿ ਕਿਸੇ ਨਾ ਕਿਸੇ ਤਰ੍ਹਾਂ ਜਲਦੀ ਹੀ ਇਹ ਕੋਝੀ ਰਿਵਾਇਤ ਖ਼ਤਮ ਹੋ ਜਾਵੇਗੀ ਪਰ ਪਿਛਲੇ ਹਫਤੇ ਅਖ਼ਬਾਰਾਂ ਦੀ ਇਕ ਵੱਡੀ ਸੁਰਖੀ ਸੀ ਕਿ ਵਾਗ੍ਹਾ ਦੀ ਪਰੇਡ ਵਾਸਤੇ ਬੀ ਐਸ ਐਫ ਦੇ ਸਿਪਾਹੀਆਂ ਨੂੰ ਨਵੇਂ ਜੁੱਤੇ ਸਪਲਾਈ ਕੀਤੇ ਜਾ ਰਹੇ ਹਨ ਜਿਹੜੇ ਅੰਦਰੋਂ ਪੋਲੇ ਹਨ ਤੇ ਇਹਨਾਂ ਨਾਲ ਸਿਪਾਹੀਆਂ ਵੱਲੋਂ ਚੂਲਿਆਂ ਤੇ ਗੋਢਿਆਂ ਦੇ ਜੋੜਾਂ ਦੀਆਂ ਦਰਦਾਂ ਦੀਆਂ ਸ਼ਿਕਾਇਤਾਂ ਦੂਰ ਹੋ ਜਾਣਗੀਆਂ। ਸਿਪਾਹੀਆਂ ਦੀਆਂ ਸ਼ਿਕਾਇਤਾਂ ਵਿਚ ਲੱਕ ਦੀ ਦਰਦ ਅਤੇ ਗਿੱਟਿਆਂ ਦੀ ਸੋਜਿਸ਼ ਵੀ ਸ਼ਾਮਿਲ ਹੈ। ਉਸ ਖਬਰ ਨਾਲ ਤਸਵੀਰ ਵਿਚ ਬੀ ਐਸ ਐਫ ਦੇ ਡੀ ਆਈ ਜੀ, ਐਮ ਐਫ ਫਾਰੂਕੀ ਨੂੰ ਅਜਿਹੇ ਜੁੱਤੇ ਦੀ ਜਾਂਚ ਕਰਦੇ ਵਿਖਾਇਆ ਗਿਆ ਹੈ।

ਇਹ ਲੇਖਕ ਡਾਕਟਰ ਨਹੀਂ ਪਰ ਸਧਾਰਨ ਬੁੱਧੀ ਇਹ ਕਹਿੰਦੀ ਹੈ ਕਿ ਜਿਹੜੀਆਂ ਸ਼ਿਕਾਇਤਾਂ ਸਿਪਾਹੀ ਕਰ ਰਹੇ ਹਨ ਉਹ ਕਿਸੇ ਵੀ ਕਿਸਮ ਦੇ ਜੁੱਤਿਆਂ ਨਾਲ ਦੂਰ ਨਹੀਂ ਹੋ ਸਕਦੀਆਂ। ਸਿਰ ਤੋਂ ਵੀ ਉਪਰੋਂ ਲਿਆ ਕੇ ਜ਼ੋਰ ਦੀ ਜ਼ਮੀਨ ਉਪਰ ਪੈਰ ਮਾਰਨ ਨਾਲ ਰੀੜ ਦੀ ਹੱਡੀ, ਗੋਢੇ ਤੇ ਗਿੱਟਿਆਂ ਦਾ ਨੁਕਸਾਨ ਹੋਣਾ ਲਾਜ਼ਮੀ ਹੈ। ਜੇ ਉਹ ਹੁਣ ਦਿਨ ਕੱਟੀ ਕਰ ਵੀ ਲੈਣ, ਵੱਡੀ ਉਮਰ ਵਿਚ ਇਹੀ ਦਰਦ ਦੋਬਾਰਾ ਉਜਾਗਰ ਹੋਣਗੇ ਤੇ ਤਕਲੀਫ਼ਾਂ ਦੇਣਗੇ। ਫਿਰ ਸਭ ਤੋਂ ਵੱਡਾ ਸਵਾਲ ਇਹ ਕਿ ਇਤਨਾ ਜੋਖ਼ਿਮ ਕਾਹਦੇ ਵਾਸਤੇ ? ਇਸ ਦਾ ਸਮਾਜ ਨੂੰ ਕੋਈ ਲਾਭ ਨਹੀਂ। ਜਵਾਨਾਂ ਨੂੰ ਉਮਰਾਂ ਦੇ ਰੋਗ ਲਗਾ ਦੇਣਾ ਨਿਰਸੰਦੇਹ ਧੱਕਾ ਹੈ।

ਵਾਗ੍ਹਾ ਦੀ ਪਰੇਡ ਦੋਹਾਂ ਮੁਲਕਾਂ ਦੇ ਸੰਬੰਧਾਂ ਵਿਚ ਸੁਧਾਰ ਕਰਨ ਦੀ ਐਲਾਨੀਆ ਨੀਤੀ ਨਾਲ ਮੈਚ ਨਹੀਂ ਕਰਦੀ। ਫਿਰ ਜੇ ਕੋਈ ਕਸ਼ੀਦਗੀ ਤੇ ਕੋਈ ਵਿਵਾਦ ਹੋਵੇ ਵੀ ਤਾਂ ਉਸ ਦਾ ਫੈਸਲਾ ਜੁੱਤੇ ਵਿਖਾਉਣ ਅਤੇ ਧਰਤੀ ਪਿੱਟਣ ਨਾਲ ਨਹੀਂ ਹੋ ਸਕਦਾ। ਸੂਝਵਾਨ ਲੋਕਾਂ ਨੂੰ ਇਸ ਬਾਰੇ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ। ਪਰੇਡ ਵੇਖਣ ਵਾਲੇ ਦਰਸ਼ਕ ਸ਼ਾਨਦਾਰ ਪਰੇਡ ਵਾਸਤੇ ਤਾੜੀਆਂ ਜ਼ਰੂਰ ਮਾਰਨ ਪਰ ਜੁੱਤੇ ਵਿਖਾਉਣ ਦੀ ਕਾਰਵਾਈ ਉਪਰ ਸ਼ਰਮ ਕਰੋ - ਸ਼ਰਮ ਕਰੋ ਦੇ ਆਵਾਜ਼ੇ ਉੱਠਣੇ ਚਾਹੀਦੇ ਹਨ। ਅਸਲ ਵਿਚ ਵਾਗ੍ਹਾ ਦੀ ਪਰੇਡ ਵਾਸਤੇ ਨਵੇਂ ਜੁੱਤਿਆਂ ਦੀ ਨਹੀਂ, ਨਵੀਂ ਸੋਚ ਤੇ ਨਵੀਂ ਪਹੁੰਚ ਦੀ ਜ਼ਰੂਰਤ ਹੈ। ਅਸਲ ਵਿੱਚ ਇਹ ਗੱਲ ਸਮਝਣ ਦੀ ਲੋੜ ਹੈ ਕਿ ਹਾਕਮਾਂ ਦੀਆਂ ਐਲਾਨੀਆਂ ਨੀਤੀਆਂ ਹੋਰ ਹਨ, ਅਤੇ ਲੁਕਵੇਂ ਮਨਸੇ ਹੋਰ। ਦੋਵੇਂ ਦੇਸ਼ਾਂ ਦੇ ਹਾਕਮਾਂ ਦਾ ਮਨਸਾ ਅਜਿਹੀਆਂ ਕਾਰਵਾਈਆਂ ਰਾਹੀਂ ਸਮਾਜ ਵਿੱਚ, ਦੋਵਾਂ ਦੇਸ਼ਾਂ ਵਿੱਚ ਇੱਕ ਦੂਜੇ ਦੇ ਵਿਰੁੱਧ ਫਿਰਕੂ ਨ਼ਫਰਤ ਦਾ ਮਾਹੌਲ ਬਨਾਉਣਾ ਹੈ ਤ ਾਂ ਜੋ ਲੋਕ ਅਜਿਹੇ ਸਮਾਜ ਵਿਰੋਧੀ ਵਰਤਾਰੇ ਵਿੱਚ ਉਲਝੇ ਰਹਿਣ ਅਤੇ ਉਹਨਾਂ ਦਾ ਧਿਆਨ ਆਪਣੀਆਂ ਬੁਨਿਆਦੀ ਸਮੱਸਿਆਵਾਂ ਅਤੇ ਉਸਦੇ ਕਾਰਣਾਂ ਤੇ ਨਾ ਜਾਵੇ। ਅਜਿਹੇ ਕਾਰਜ ਹਾਕਮਾਂ ਲਈ ਸੁਰੱਖਿਆ ਕਵਚ ਹੁੰਦੇ ਹਨ।

abhai_singh_chd@yahoo.com

ਧਿਆਨ ਹਿੱਤ

ਇੰਟਰਨੈਟੱ 'ਤੇ ਚੱਲ ਰਹੀਆਂ ਸੋਸ਼ਲ ਸਾਈਟਸ ਜਿਵੇਂ ਫੇਸਬੁੱਕ, ਟਵਿੱਟਰ ਆਦਿ 'ਤੇ ਤਰਕਸ਼ੀਲ ਨਾਂ ਨਾਲ ਕਈ ਗਰੁੱਪ/ਪੇਜਜ਼ ਹਨ । ਇਨ੍ਹਾਂ ਵਿੱਚੋਂ ਕੋਈ ਵੀ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਵੱਲੋਂ ਨਹੀਂ ਚਲਾਇਆ ਜਾ ਰਿਹਾ । ਇਨ੍ਹਾਂ ਸਾਈਟਸ 'ਤੇ ਪਾਈ ਗਈ ਸਮੱਗਰੀ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਜ਼ਿੰਮੇਵਾਰ ਨਹੀਂ ।ਤਰਕਸ਼ੀਲ ਸੁਸਾਇਟੀ ਦੀ ਇੰਟਰਨੈਟੱ 'ਤੇ ਇੱਕ ਹੀ ਅਧਿਕਾਰਤ ਵੈੱਬਸਾਈਟ ਹੈ - **www.tarksheel.org.**

ਇੱਕ ਸਮੀਖਿਆ

ਓਜ਼ੋਨ ਪਰਤ ਸੁਰੱਖਿਆ ਦੇ 30 ਵਰ੍ਹੇ



-ਡਾ. ਚਰਨਜੀਤ ਸਿੰਘ ਨਾਭਾ

ਸੰਨ 1985 ਵਿਚ ਵੀਆਨਾ ਵਿੱਚ ਹੋਈ ਪਹਿਲੀ ਓਜ਼ੋਨ ਪਰਤ ਸੁਰੱਖਿਆ ਕਾਨਫਰੰਸ ਦੀ 30ਵੀਂ ਵਰ੍ਹੇਗੰਢ ਬੀਤੀ 16 ਸਤੰਬਰ ਨੂੰ ਮਨਾ ਕੇ ਹਟੇ ਹਾਂ। ਬੇਸ਼ੱਕ ਇਸ ਪਰਤ ਦੀ ਸੁਰੱਖਿਆ ਬਾਰੇ 1977 ਵਿੱਚ 32 ਦੇਸਾਂ ਨੇ ਵਾਸ਼ਿੰਗਟਨ ਵਿੱਚ ਮਿਲ ਕੇ UNEP ਦੀ ਅਗਵਾਈ ਹੇਠ ਇੱਕ ਸੰਸਾਰ ਪੱਧਰੀ ਪਲਾਨ ਬਣਾਉਣ ਬਾਰੇ ਇੱਕ ਰਾਇ ਬਣਾਈ ਸੀ, ਪਰ ਸੰਸਾਰ ਪ੍ਰਸਿੱਧ ਸਾਇੰਸ ਜਰਨਲ 'ਨੇਚਰ' ਵਿੱਚ ਡਾ. ਫਰਮਾਨ ਦੇ 1985 ਵਿੱਚ ਛਪੇ ਖੋਜ ਪੇਪਰ ਨੇ ਸਮੁੱਚੇ ਵਿਗਿਆਨਕ ਸਮੁਦਾਇ ਨੂੰ ਝੰਜੋੜਿਆ, ਜਿਸ ਵਿੱਚ ਕਿਹਾ ਗਿਆ ਸੀ ਕਿ ਮਨੁੱਖ ਦੁਆਰਾ ਵਰਤੇ ਜਾਣ ਵਾਲੇ ਕੁੱਝ ਰਸਾਇਣਿਕ ਪਦਾਰਥਾਂ ਦਾ ਰਿਸਾਅ ਓਜ਼ੋਨ ਪਰਤ ਨੂੰ ਪੇਤਲਾ ਕਰ ਰਿਹਾ ਹੈ ਅਤੇ ਇਹ ਪੇਤਲਾਪਣ ਐਂਟਾਰਕਟਿਕਾ ਉੱਪਰ ਸਭ ਤੋਂ ਜ਼ਿਆਦਾ ਹੈ। ਇਸੇ ਨੂੰ ਆਧਾਰ ਬਣਾ ਕੇ 22 ਮਾਰਚ 1985 ਨੂੰ 28 ਦੇਸਾਂ ਅਤੇ ਯੂਰਪੀਅਨ ਯੂਨੀਅਨ ਦੇ ਨੁਮਾਇੰਦਿਆਂ ਨੇ ਵੀਆਨਾ ਵਿੱਚ ਮਿਲ ਕੇ ਓਜ਼ੋਨ ਪਰਤ ਦੀ ਸੁਰੱਖਿਆ ਲਈ ਅਹਿਮ ਅਤੇ ਸਾਰਥਕ ਕਦਮ ਚੁੱਕੇ ਜਾਣ ਦਾ ਅਹਿਦ ਲਿਆ। ਇਸ ਸਬੰਧੀ ਲਗਾਤਾਰ ਯਤਨ ਜਾਰੀ ਰਹੇ ਅਤੇ 16 ਸਤੰਬਰ, 1987 ਨੂੰ "ਮੌਨਟਰੀਅਲ ਪ੍ਰੋਟੋਕਾਲ" ਤਹਿਤ ਓਜ਼ੋਨ ਪਰਤ ਨੂੰ ਪ੍ਰਭਾਵਿਤ ਕਰਨ ਵਾਲੇ ਰਸਾਇਣਿਕ ਪਦਾਰਥਾਂ ਦੀ ਨਿਸ਼ਾਨਦੇਹੀ ਕਰਕੇ ਉਹਨਾਂ ਦੀ ਵਰਤੋਂ ਘਟਾਉਣ ਅਤੇ ਉਹਨਾਂ ਦੇ ਬਦਲ ਲਈ ਇੱਕ ਵਿਆਪਕ ਅਤੇ ਸਮਾਂਬੱਧ ਯੋਜਨਾ ਪੇਸ਼ ਕੀਤੀ ਗਈ ਜਿਸ ਨੂੰ 24 ਦੇਸ਼ਾਂ ਅਤੇ ਯੂਰਪੀਅਨ ਯੂਨੀਅਨ ਨੇ ਤੁਰੰਤ ਪ੍ਰਵਾਨ ਕਰਕੇ ਲਾਗੂ ਕਰਨ ਦਾ ਵਚਨ ਦਿੱਤਾ। ਸੰਯੁਕਤ ਰਾਸ਼ਟਰ ਨੇ 1994 ਦੇ ਜਰਨਲ ਇਜਲਾਸ ਵਿਚ ਮਤਾ ਨੰਬਰ 49/114 ਰਾਹੀਂ 16 ਸਤੰਬਰ ਨੂੰ "ਅੰਤਰ ਰਾਸ਼ਟਰੀ ਓਜ਼ੋਨ ਪਰਤ ਸੁਰੱਖਿਆ ਦਿਵਸ" ਐਲਾਨਿਆ ਤਾਂ ਜੋ ਮੌਨਟਰੀਅਲ ਪ੍ਰੋਟੋਕਾਲ ਦਾ ਆਏ ਵਰ੍ਹੇ ਸਮੀਖਿਆ ਕਰਕੇ ਹੋਰ ਉਸਾਰੂ ਅਤੇ ਪ੍ਰਭਾਵਸ਼ਾਲੀ ਕਦਮ ਚੁੱਕੇ ਜਾ ਸਕਣ। ਇਸ ਵਰ੍ਹੇ ਸੰਯੁਕਤ ਰਾਸ਼ਟਰ ਦੇ ਜਰਨਲ ਸਕੱਤਰ ਨੇ "ਸਮੂਹਿਕ ਯਤਨਾਂ ਦੁਆਰਾ ਓਜ਼ੋਨ ਪਰਤ ਦੀ ਤੰਦਰੁਸਤੀ ਪਰਤਾਉਣ ਦੇ 30 ਵਰ੍ਹੇ" ਇੱਕ ਥੀਮ ਵਜੋਂ ਅਤੇ "ਤੁਹਾਡੇ ਅਤੇ ਪੈਰਾ ਬੈਂਗਣੀ (Ultraviolet) ਕਿਰਨਾਂ ਦਰਮਿਆਨ ਸਿਰਫ਼ ਅਤੇ ਸਿਰਫ਼ ਓਜ਼ੋਨ" ਇੱਕ ਨਾਅਰੇ ਵਜੋਂ ਸੰਸਾਰ ਨੂੰ ਪੇਸ਼ ਕੀਤਾ।

ਕੀ ਹੈ ਓਜ਼ੋਨ ਪਰਤ ?

ਚਾਰਲਸ ਫੇਬਰੀ ਅਤੇ ਹੈਨਰੀ ਬੁਈਸਨ ਫਰਾਂਸੀਸੀ ਵਿਗਿਆਨੀਆਂ ਨੇ ਓਜ਼ੋਨ (O_3) ਲੱਭੀ ਅਤੇ ਇਸ ਦੇ ਭੌਤਿਕ, ਰਸਾਇਣਿਕ ਗੁਣਾਂ ਦਾ ਵਿਸ਼ਲੇਸ਼ਣ ਇੰਗਲੈਂਡ ਦੇ ਵਿਗਿਆਨੀ ਜੀ.ਐਮ.ਡੋਬਸਨ ਨੇ ਇੱਕ ਖਾਸ ਸਪੈਕਟ੍ਰੋਫੋਟੋਮੀਟਰ, ਜਿਸ ਨੂੰ ਉਸ ਵਿਗਿਆਨੀ ਦੇ ਮਾਣ ਵਿਚ ਡੋਬਸਨਮੀਟਰ ਕਿਹਾ ਜਾਂਦਾ ਹੈ, ਦੁਆਰਾ ਕੀਤਾ ਗਿਆ ਜੋ ਵਾਯੂਮੰਡਲ ਵਿਚ ਓਜ਼ੋਨ ਦੀ ਮਾਤਰਾ ਮਾਪਣ ਦੇ ਸਮਰੱਥ ਸੀ। ਇਸ ਵਿਗਿਆਨੀ ਨੇ ਓਜ਼ੋਨ ਦੀ ਮਾਤਰਾ ਮਾਪਣ ਲਈ 1928-58 ਦਰਮਿਆਨ ਸੰਸਾਰ ਪੱਧਰ ਤੇ ਇੱਕ ਨੈੱਟਵਰਕ ਸਥਾਪਤ ਕੀਤਾ ਜੋ ਅੱਜ ਵੀ ਕ੍ਰਿਆਸ਼ੀਲ ਹੈ।

ਓਜ਼ੋਨ ਦਾ ਵਿਕਾਸ ਵੀ ਧਰਤੀ ਉੱਪਰ ਪ੍ਰਾਰੰਭਿਕ ਜੀਵਾਂ ਦੇ ਵਿਕਾਸ ਨਾਲ ਸ਼ੁਰੂ ਹੋਇਆ ਜਦੋਂ 30000 ਲੱਖ ਸਾਲ ਪਹਿਲਾਂ ਆਕਸੀਜਨ ਰਹਿਤ ਵਾਤਾਵਰਣ ਵਿਚ ਇੱਕ ਸੈੱਲੀ ਅਤੇ ਫਿਰ ਬਹੁ-ਸੈੱਲੀ ਜੀਵ ਵਿਕਸਤ ਹੋਏ ਅਤੇ ਪ੍ਰਾਰੰਭਿਕ ਬਨਸਪਤੀ ਧਰਤੀ ਤੇ ਦਿਖਾਈ ਦੇਣ ਲੱਗੀ ਜੋ ਪ੍ਰਕਾਸ਼ ਸੰਸਲੇਸ਼ਣ ਰਾਹੀਂ ਥੋੜੀ ਥੋੜੀ ਆਕਸੀਜਨ ਪੈਦਾ ਕਰਨ ਲੱਗੀ। ਇਹ ਆਕਸੀਜਨ ਸੂਰਜ ਦੀਆਂ ਕਿਰਨਾਂ ਵਿਚਲੀਆਂ ਪੈਰਾ ਬੈਂਗਣੀ ਕਿਰਨਾਂ ਦੀ ਮੌਜੂਦਗੀ ਵਿਚ ਓਜ਼ੋਨ ਦਾ ਰੂਪ ਧਾਰ ਕੇ ਵਾਯੂਮੰਡਲ ਦੇ 10-50 ਕਿਲੋਮੀਟਰ ਵਾਲੇ ਖੇਤਰ ਵਿਚ ਜਮ੍ਹਾਂ ਹੋਣ ਲੱਗੀ ਅਤੇ ਅੱਜ ਵੀ ਕੁੱਲ ਓਜ਼ੋਨ ਦਾ 90-93% ਹਿੱਸਾ ਇਸ ਖੇਤਰ, ਜਿਸ ਨੂੰ Stratosphere ਕਿਹਾ ਜਾਂਦਾ ਹੈ, ਵਿਚ ਮੌਜੂਦ ਹੈ, ਜੋ ਸੂਰਜ ਤੋਂ ਆ ਰਹੀਆਂ ਪੈਰਾ-ਬੈਂਗਣੀ ਕਿਰਨਾਂ ਦਾ 93-99% ਹਿੱਸਾ ਸੋਖ ਕੇ ਧਰਤੀ ਤੇ ਮੌਜੂਦ ਜੀਵ ਭਿੰਨਤਾ, ਮਨੁੱਖ, ਬਨਸਪਤੀ, ਕੁਦਰਤ, ਕਾਇਨਾਤ ਨੂੰ ਇਹਨਾਂ ਕਿਰਨਾਂ ਦੇ ਮਾੜੇ ਪ੍ਰਭਾਵ ਤੋਂ ਬਚਾ ਰਹੀ ਹੈ। ਇਸ ਖੇਤਰ ਵਿਚ ਕੁਦਰਤੀ ਤੌਰ ਤੇ ਓਜ਼ੋਨ ਦਾ ਸੰਤੁਲਨ ਬਰਕਰਾਰ ਸੀ। ਵਾਯੂਮੰਡਲ ਦੇ ਇਸ ਓਜ਼ੋਨ ਭਰਪੂਰ ਖੇਤਰ ਨੂੰ ਹੀ ਓਜ਼ੋਨ ਪਰਤ ਕਿਹਾ ਜਾਂਦਾ ਹੈ, ਜਿਥੇ ਓਜ਼ੋਨ ਦੀ ਮਾਤਰਾ 300-450 ਡੋਬਸਨ ਯੂਨਿਟ ਤੱਕ ਰਹਿੰਦੀ ਹੈ। ਜੇ ਇਹ ਮਾਤਰਾ ਘਟ ਕੇ 200 ਡੋਬਸਨ ਯੂਨਿਟ ਤੱਕ ਆ ਜਾਵੇ ਤਾਂ ਓਜ਼ੋਨ ਛੇਦ ਵਜੋਂ ਜਾਣੀ ਜਾਂਦੀ ਹੈ ਅਤੇ ਧਰਤੀ ਲਈ ਨੁਕਸਾਨਦਾਇਕ ਹੁੰਦੀ ਹੈ।

ਓਜ਼ੋਨ ਪਰਤ ਦੇ ਪੇਤਲੇ ਹੋਣ ਦੇ ਕਾਰਨ:

ਸੰਨ 1974 ਵਿੱਚ ਡਾ. ਐਮ.ਮੋਲੀਨਾ ਨੇ ਇਹ ਮਨੌਤ ਲਿਆਂਦੀ ਕਿ ਏਅਰ ਕੰਡੀਸ਼ਨਰਾਂ, ਫਰਿੱਜਾਂ ਆਦਿ ਵਿਚ ਵਰਤੇ ਜਾਣ ਵਾਲੇ ਕਲੋਰੋਫਲੋਰੋਕਾਰਬਨ (ਸੀ.ਐਫ.ਸੀ.) ਓਜ਼ੋਨ ਨਾਲ ਕ੍ਰਿਆ ਕਰਕੇ ਇਸ ਨੂੰ ਤਬਾਹ ਕਰ ਰਹੇ ਹਨ ਪਰ ਕਿਸੇ ਨੇ ਉਹਨਾਂ ਦੀ ਇਸ ਲੱਭਤ ਨੂੰ ਗੌਰ ਨਾਲ ਨਹੀਂ ਲਿਆ। ਜਦੋਂ ਐਂਟਾਰਕਟਿਕਾ ਤੇ ਓਜ਼ੋਨ ਛੇਦ ਦਾ ਭੇਦ ਖੁੱਲਿਆ ਤਾਂ ਵੀਆਨਾ ਕਾਨਫਰੰਸ ਅਤੇ ਮੌਨਟਰੀਅਲ ਪ੍ਰੋਟੋਕਾਲ ਹਸਤਾਖਰ ਕਰਨ ਸਮੇਂ ਤੱਕ ਕਲੋਰੋਫਲੋਰੋ ਕਾਰਬਨਾਂ ਅਤੇ ਹੈਲੋਨ ਆਦਿ ਜਿਹੇ 100 ਅਜਿਹੇ ਰਸਾਇਣਾਂ ਦੀ ਨਿਸ਼ਾਨਦੇਹੀ ਕੀਤੀ ਜਾ ਚੁੱਕੀ ਸੀ। ਜਿਨ੍ਹਾਂ ਵਿਚ ਮੌਜੂਦ ਕਲੋਰੀਨ, ਬਰੋਮੀਨ ਜਾਂ ਫਲੋਰੀਨ ਓਜ਼ੋਨ ਨਾਲ ਕ੍ਰਿਆ ਕਰਕੇ ਇਸ ਨੂੰ ਆਕਸੀਜਨ ਵਿੱਚ ਬਦਲ ਰਹੀਆਂ ਹਨ। ਇਕੱਲਾ ਕਲੋਰੀਨ ਦਾ ਪ੍ਰਮਾਣੂ ਇੱਕ ਲੱਖ ਓਜ਼ੋਨ ਅਣੂਆਂ ਨੂੰ

ਤਬਾਹ ਕਰਨ ਦੀ ਸਮਰੱਥਾ ਰੱਖਦਾ ਹੈ। ਜਦੋਂ ਇਸ ਬਾਰੇ ਹੋਰ ਖੋਜ ਕੀਤੀ ਗਈ ਤਾਂ ਇਹ ਸਿੱਧ ਹੋਇਆ ਕਿ ਇਕੱਲੇ ਸੀ.ਐਫ.ਸੀਜ਼ ਨੇ 80% ਤੱਕ ਓਜ਼ੋਨ ਨੂੰ ਖਤਮ ਕੀਤਾ। ਇਹਨਾਂ ਕਲੋਰੋਫਲੋਰੋ ਕਾਰਬਨਾਂ ਦੀ ਰਸਾਇਣਿਕ ਸਥਿਰਤਾ ਸੈਂਕੜੇ ਵਰ੍ਹਿਆਂ ਦੀ ਹੋਣ ਕਾਰਨ ਇਹ ਵਾਯੂਮੰਡਲ ਵਿਚ ਲਗਾਤਾਰ ਮੌਜੂਦ ਰਹਿੰਦੇ ਹਨ ਅਤੇ ਬਰਸਾਤ ਨਾਲ ਵੀ ਨਾ ਘੁਲਣ ਕਾਰਨ ਵਾਪਸ ਧਰਤੀ ਤੇ ਵੀ ਨਹੀਂ ਆਉਂਦੇ।

ਮੋਨਟਰੀਅਲ ਪ੍ਰੋਟੋਕਾਲ :

ਸੰਸਾਰ ਦੇ ਵਾਤਾਵਰਣ ਦੀ ਸੁਰੱਖਿਆ ਲਈ 16 ਸਤੰਬਰ 1987 ਨੂੰ 24 ਦੇਸ਼ਾਂ ਅਤੇ ਯੂਰਪੀਅਨ ਯੂਨੀਅਨ ਦੁਆਰਾ ਹਸਤਾਖਰ ਕੀਤਾ ਇਹ ਮੋਨਟਰੀਅਲ ਪ੍ਰੋਟੋਕਾਲ ਸੰਯੁਕਤ ਰਾਸ਼ਟਰ ਦੇ ਇਤਿਹਾਸ ਵਿਚ ਇੱਕ ਮੀਲ ਪੱਥਰ ਸਾਬਤ ਹੋਇਆ ਜੋ ਇਹਨਾਂ ਦੇਸ਼ਾਂ ਵਿਚੋਂ ਸੀ.ਐਫ.ਸੀ. ਅਤੇ ਓਜ਼ੋਨ ਨੂੰ ਪ੍ਰਭਾਵਿਤ ਕਰਨ ਵਾਲੇ ਹੋਰ ਰਸਾਇਣਾਂ ਦੀ ਵਰਤੋਂ ਘਟਾਉਣ ਅਤੇ ਅੰਤ ਇਹਨਾਂ ਨੂੰ ਅਲਵਿਦਾ ਕਹਿਣ ਦੀ ਵਚਨਬੱਧਤਾ ਪ੍ਰਗਟਾਉਂਦਾ ਹੈ। ਇਸ ਪ੍ਰੋਟੋਕਾਲ ਦੀ ਪਾਲਣਾ ਨਾ ਕਰਨ ਵਾਲੇ ਦੇਸਾਂ ਵਿਰੁੱਧ ਵੱਖ ਵੱਖ ਤਰ੍ਹਾਂ ਦੀਆਂ ਆਰਥਿਕ ਅਤੇ ਹੋਰ ਪਾਬੰਦੀਆਂ ਲਗਾਉਣ ਦੀ ਵੀ ਇਸ ਵਿਚ ਵਿਵਸਥਾ ਹੈ। ਪਹਿਲਾਂ ਇਹ ਪ੍ਰੋਟੋਕਾਲ ਸੰਨ 1990 ਤੱਕ ਇਹਨਾਂ ਰਸਾਇਣਾਂ ਦੀ ਮਾਤਰਾ 50% ਤੱਕ ਘਟਾਉਣ ਬਾਰੇ ਗੱਲ ਕਰਦਾ ਸੀ ਪਰ ਸੰਨ 1990 ਵਿਚ ਲੰਡਨ ਅਤੇ 1992 ਵਿਚ ਕੋਪਨਹੇਗਨ ਵਿਚ ਹੋਈਆਂ ਕਾਨਫਰੰਸਾਂ ਵਿਚ ਅਜਿਹੇ ਰਸਾਇਣਾਂ ਨੂੰ 1995 ਤੱਕ ਪੂਰੀ ਤਰ੍ਹਾਂ ਵਰਤੋਂ ਤੋਂ ਬਾਹਰ ਕਰਨ ਦਾ ਅਹਿਦ ਲਿਆ ਗਿਆ ਅਤੇ ਇਹਨਾਂ ਦੇ ਬਦਲ ਵਜੋਂ ਨਵੀਂ ਤਕਨਾਲੋਜੀ ਵਿਕਸਤ ਕਰਨ, ਵਰਤਣ ਅਤੇ ਵਿਕਾਸਸ਼ੀਲ ਦੇਸਾਂ ਤੱਕ ਪਹੁੰਚਦੀ ਕਰਨ ਦੀ ਵੀ ਵਚਨਬੱਧਤਾ ਪ੍ਰਗਟਾਈ ਗਈ ਜਿਸ ਬਾਰੇ ਸੰਯੁਕਤ ਰਾਸ਼ਟਰ ਨੇ ਇੱਕ ਫੰਡ ਵੀ ਕਾਇਮ ਕੀਤਾ ਤਾਂ ਜੋ ਗਰੀਬ ਦੇਸਾਂ ਦੀ ਮੱਦਦ ਕੀਤੀ ਜਾ ਸਕੇ। ਸੰਸਾਰ ਦੇ ਸਾਰੇ ਦੇਸ਼ਾਂ ਨੇ ਇਸ ਪ੍ਰੋਟੋਕਾਲ ਨੂੰ ਸਮੇਂ ਸੀਮਾਂ ਅਨੁਸਾਰ ਲਾਗੂ ਕੀਤਾ।

ਜੇ ਇਸ ਪ੍ਰੋਟੋਕਾਲ ਨੂੰ ਲਾਗੂ ਨਾ ਕੀਤਾ ਜਾਂਦਾ ਤਾਂ ਅਨੁਮਾਨ ਹੈ ਕਿ ਸੰਨ 2050 ਤੱਕ ਸੰਨ 1980 ਦੇ ਮੁਕਾਬਲੇ ਵਾਯੂਮੰਡਲ ਵਿਚ ਕਲੋਰੋਫਲੋਰੋਕਾਰਬਨਾਂ ਦੀ ਮਾਤਰਾ 10 ਗੁਣਾਂ ਜ਼ਿਆਦਾ ਹੋਣੀ ਸੀ ਜਿਸ ਦੇ ਵਿਕਰਾਲ ਸਿੱਟਿਆਂ ਦਾ ਵਿਗਿਆਨਿਕ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਪ੍ਰੋਟੋਕਾਲ ਦੇ ਲਾਗੂ ਹੋਣ ਨਾਲ ਵਾਯੂਮੰਡਲ ਦੇ ਧਰਤੀ ਲਾਗਲੇ ਹਿੱਸੇ ਵਿਚ ਕਲੋਰੀਨ ਅਤੇ ਅਜਿਹੇ ਹੋਰ ਰਸਾਇਣਾਂ ਦੀ ਮਾਤਰਾ ਲਗਾਤਾਰ ਘਟ ਰਹੀ ਹੈ। ਕਿਉਂ ਕਿ ਹੇਠਲੇ ਵਾਯੂ ਮੰਡਲ ਨੂੰ ਉਪਰਲੇ (10-50 ਕਿਲੋਮੀਟਰ) ਵਾਯੂ ਮੰਡਲ ਵਿਚ ਘੁਲਣ ਆਦਿ ਨੂੰ 3-6 ਸਾਲ ਤੱਕ ਲੱਗ ਜਾਂਦੇ ਹਨ, ਸੋ ਉਪਰਲੇ ਵਾਯੂ ਮੰਡਲ ਵਿਚ ਵੀ ਹੁਣ ਇਹਨਾਂ ਰਸਾਇਣਾਂ ਦੀ ਮਾਤਰਾ ਬਿਨਾਂ ਕਿਸੇ ਵਾਧੇ ਤੋਂ ਲਗਾਤਾਰ ਸਥਿਰ ਚਲੀ ਆ ਰਹੀ ਹੈ। ਕਲੋਰੋਫਲੋਰੋ ਕਾਰਬਨ ਅਤੇ ਅਜਿਹੇ ਹੋਰ ਰਸਾਇਣਾਂ ਦੀ ਰਸਾਇਣਕ ਸਥਿਰਤਾ 20-150 ਸਾਲ ਹੋਣ ਕਾਰਨ ਅਨੁਮਾਨ ਹੈ ਕਿ ਅਗਲੀ ਸਦੀ ਦੇ ਮੱਧ ਤੱਕ ਓਜ਼ੋਨ ਪਰਤ ਪੂਰੀ ਤੰਦਰੁਸਤੀ ਨਾਲ ਆਪਣੀ ਅਸਲੀ ਸਥਿਤੀ ਵਿਚ ਪਰਤ ਆਵੇਗੀ।

ਇਸ ਵੱਡੀ ਆਸ ਦੀ ਕਿਰਨ ਵਿਚ ਵੀ ਪੁਲਾੜ ਉਦਯੋਗ ਅਤੇ ਇਹਨਾਂ ਦੁਆਰਾ ਛੱਡੇ ਜਾਣ ਵਾਲੇ ਰਾਕਟਾਂ ਚੋਂ ਨਿਕਲਣ ਵਾਲੀਆਂ ਗੈਸਾਂ ਅਜੇ ਵੀ ਇੱਕ ਧੁੰਧਲੇਪਣ ਵਜੋਂ ਦੇਖੀਆਂ ਜਾ ਰਹੀਆਂ ਹਨ ਕਿਉਂ ਕਿ ਇਹਨਾਂ ਗੈਸਾਂ ਜਿਨ੍ਹਾਂ ਨੂੰ ਵਿਗਿਆਨਿਕ ਤੌਰ ਤੇ ''ਰੈਡੀਕਲ'' ਕਿਹਾ ਜਾਂਦਾ ਹੈ, ਮੋਨਟਰੀਅਲ ਪ੍ਰੋਟੋਕਾਲ ਵਿਚ ਜ਼ਿਕਰ ਅਧੀਨ ਨਹੀਂ ਸਨ। ਅਜਿਹਾ ਇੱਕ ਰੈਡੀਕਲ 10000 ਓਜ਼ੋਨ ਅਣੂਆਂ ਨੂੰ ਤੋੜਨ ਤੋਂ ਬਾਅਦ ਹੀ ਕ੍ਰਿਆਹੀਣ ਹੁੰਦਾ ਹੈ। ਬੇਸ਼ੱਕ ਸਮੁੱਚੇ ਸੰਸਾਰ ਨੇ ਓਜ਼ੋਨ ਪਰਤ ਨੂੰ ਤੰਦਰੁਸਤੀ ਬਖਸ਼ਣ ਲਈ ਆਪਣੀ ਪੂਰੀ ਜਿੰਮੇਵਾਰੀ ਨਿਸ਼ਠਾ ਨਾਲ ਨਿਭਾਈ ਹੈ ਪਰ ਦਿਨ ਪ੍ਰਤੀ ਦਿਨ ਹੋ ਰਹੇ ਵਿਗਿਆਨ ਦੇ ਵਿਕਾਸ ਦੌਰਾਨ ਪੈਦਾ ਹੋ ਰਹੇ ਅਜਿਹੇ ਅਨੇਕਾਂ ਰਸਾਇਣਾਂ ਤੇ ਬਾਜ਼ ਅੱਖ ਰੱਖਣ ਦੀ ਲੋੜ ਹੈ ਜੋ ਵਿਗਿਆਨੀ ਦੀ ਅਜਿਹੀ ਖੋਜ ਤੋਂ ਅਜੇ ਬਾਹਰ ਹਨ ਅਤੇ ਸਿੱਧੇ ਜਾਂ ਅਸਿੱਧੇ ਤੌਰ ਤੇ ਓਜ਼ੋਨ ਪਰਤ ਨੂੰ ਪ੍ਰਭਾਵਿਤ ਕਰ ਰਹੇ ਹਨ ਜਿਸ ਤਰ੍ਹਾਂ ਉਪਰ ਅਜਿਹੇ ''ਰੈਡੀਕਲਾਂ'' ਦਾ ਜ਼ਿਕਰ ਕੀਤਾ ਗਿਆ ਹੈ।

ਡਿਪਟੀ ਡਾਇਰੈਕਟਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ
98789 50571

ਅਲਾਹਾਬਾਦ ਹਾਈਕੋਰਟ ਵੱਲੋਂ ਉੱਤਰ ਪ੍ਰਦੇਸ਼ ਸਰਕਾਰ ਨੂੰ ਨਿਰਦੇਸ਼ : ਸੜਕਾਂ ਉੱਤੇ ਬਣੇ ਧਾਰਮਿਕ ਸਥਾਨ ਹਟਾਏ ਜਾਣ

ਅਲਾਹਾਬਾਦ ਹਾਈ ਕੋਰਟ ਨੇ ਅਹਿਮ ਫ਼ੈਸਲਾ ਸੁਣਾਉਂਦਿਆਂ ਉੱਤਰ ਪ੍ਰਦੇਸ਼ ਸਰਕਾਰ ਨੂੰ ਸੜਕਾਂ ਕੰਢੇ ਬਣੇ ਧਾਰਮਿਕ ਸਥਾਨਾਂ ਨੂੰ ਢਾਹੁਣ ਜਾਂ ਤਬਦੀਲ ਕਰਨ ਦੇ ਨਿਰਦੇਸ਼ ਦਿੱਤੇ ਹਨ ।ਹਾਈ ਕੋਰਟ ਨੇ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਰਾਜ ਮਾਰਗਾਂ, ਸੜਕਾਂ, ਪੈਦਲ ਰਸਤਿਆਂ ਆਦਿ ਸਣੇ ਜਨਤਕ ਮਾਰਗਾਂ 'ਤੇ ਕੋਈ ਵੀ ਧਾਰਮਿਕ ਇਮਾਰਤ ਬਣਾਉਣ ਦੀ ਇਜਾਜ਼ਤ ਨਹੀਂ ਹੋਵੇਗੀ । ਜਸਟਿਸ ਸੁਧੀਰ ਅਗਰਵਾਲ ਅਤੇ ਰਾਕੇਸ਼ ਸ੍ਰੀਵਾਸਤਵ ਦੇ ਲਖਨਊ ਬੈਂਚ ਨੇ ਕਿਹਾ ਕਿ ਜਨਵਰੀ 2011 ਤੋਂ ਬਾਅਦ ਜਨਤਕ ਮਾਰਗਾਂ 'ਤੇ ਬਣੇ ਧਾਰਮਿਕ ਸਥਾਨਾਂ ਨੂੰ ਤੁਰੰਤ ਹਟਾਇਆ ਜਾਵੇ ਅਤੇ ਸਬੰਧਿਤ ਜ਼ਿਲ੍ਹਾ ਮੈਜਿਸਟ੍ਰੇਟ ਦੋ ਮਹੀਨੇ ਵਿੱਚ ਰਾਜ ਸਰਕਾਰ ਨੂੰ ਰਿਪੋਰਟ ਸੌਂਪੇ ।ਜਿਹੜੀਆਂ ਧਾਰਮਿਕ ਇਮਾਰਤਾਂ ਇਸ ਤੋਂ ਪਹਿਲਾਂ ਬਣੀਆਂ ਹਨ, ਉਨ੍ਹਾਂ ਨੂੰ ਕਿਸੇ ਪ੍ਰਾਈਵੇਟ ਜ਼ਮੀਨ 'ਤੇ ਤਬਦੀਲ ਕੀਤਾ ਜਾਵੇਗਾ ਜਾਂ ਛੇ ਮਹੀਨੇ ਦੇ ਅੰਦਰ ਹਟਾਇਆ ਜਾਵੇਗਾ ।ਹਾਈ ਕੋਰਟ ਨੇ ਅਜਿਹੀ ਯੋਜਨਾ ਉਲੀਕਣ ਬਾਰੇ ਕਿਹਾ ਹੈ ਜਿਸ ਤਹਿਤ ਧਾਰਮਿਕ ਗਤੀਵਿਧੀਆਂ ਕਾਰਨ ਆਵਾਜਾਈ ਵਿੱਚ ਪੈਂਦੇ ਅੜਿੱਕਿਆਂ ਨੂੰ ਰੋਕਿਆ ਜਾ ਸਕੇ । ਇਹ ਪਟੀਸ਼ਨ 19 ਵਿਅਕਤੀਆਂ ਨੇ ਦਾਇਰ ਕੀਤੀ ਸੀ । -ਪੀ.ਟੀ.ਆਈ.

ਆਖਿਰ ਬੰਦ ਹੋ ਗਿਆ ਨਲਕੇ ਦੇ ਪਾਣੀ ਦਾ ਪਾਖੰਡਵਾਦ

ਤਰਕਸ਼ੀਲਾਂ ਦੀ ਮਿਹਨਤ ਤੇ ਮੀਡੀਏ ਦੀ ਵਿਗਿਆਨਕ ਕਵਰੇਜ ਲਿਆਈ ਰੰਗ
ਅਮਲੋਹ ਪ੍ਰਸ਼ਾਸਨ ਨੇ ਵੀ ਕੀਤੇ ਜਰੂਰੀ ਉਪਰਾਲੇ

ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਤਹਿਸੀਲ ਅਮਲੋਹ ਦੇ ਪਿੰਡ ਅੰਨੀਆਂ ਦੇ ਰਜਵਾਹੇ ਦੇ ਕਿਨਾਰੇ ਤੇ ਲੱਗੇ ਨਲਕੇ ਬਾਰੇ ਕੁੱਝ ਸ਼ਰਾਰਤੀ ਅਨਸਰਾਂ ਵੱਲੋਂ ਇਹ ਅਫਵਾਹ ਫੈਲਾ ਦਿੱਤੀ ਗਈ ਕਿ ਨਲਕੇ ਦਾ ਪਾਣੀ ਪੀਣ ਨਾਲ ਹਰ ਤਰ੍ਹਾਂ ਦੇ ਸ਼ਰੀਰਕ ਰੋਗ ਠੀਕ ਹੋ ਜਾਂਦੇ ਹਨ।ਅਫਵਾਹ ਫੈਲਣ ਤੋਂ ਬਾਅਦ ਇਲਾਕੇ ਦੇ ਲੋਕ ਇਸ ਨਲਕੇ ਦਾ ਪਾਣੀ ਭਰਨ ਲਈ ਇਸ ਥਾਂ ਤੇ ਆਉਣ ਲੱਗ ਪਏ ਅਤੇ ਲੋਕਾਂ ਦੀ ਆਮਦ ਨੂੰ ਵੇਖਦਿਆਂ ਕੁੱਝ ਸਥਾਨਕ ਵਾਸੀਆਂ ਵੱਲੋਂ ਨਲਕੇ ਦਾ ਪਾਣੀ ਲੋਕਾਂ ਨੂੰ ਪਿਲਾਉਣ ਦਾ ਕੰਮ ਸੰਭਾਲ ਲਿਆ ਗਿਆ।ਅਫਵਾਹ ਫੈਲਾਉਣ ਵਾਲੇ ਵਿਅਕਤੀਆਂ ਨੇ ਇਸ ਗੱਲ ਦਾ ਵੀ ਪ੍ਰਚਾਰ ਕੀਤਾ ਕਿ ਇਹ ਨਲਕਾ ਪਿਛਲੇ ਕਈ ਸਾਲਾਂ ਤੋਂ ਬੰਦ ਪਿਆ ਸੀ ਅਤੇ ਇੱਕ ਮਹਾਤਮਾ ਅਚਾਨਕ ਇੱਥੇ ਆਇਆ ਤੇ ਰਜਵਾਹੇ ਦੇ ਕਿਨਾਰੇ ਪਿੱਪਲ ਥੱਲੇ ਕੰਮ ਕਰਨ ਵਾਲੇ ਕੁੱਝ ਲੋਕਾਂ ਨੂੰ ਕਹਿ ਗਿਆ ਕਿ ਇਸ ਨਲਕੇ ਦਾ ਪਾਣੀ ਚਾਰ ਵਾਰ ਪੀਣ ਵਾਲੇ ਵਿਅਕਤੀ ਦੀਆਂ ਸਾਰੀਆਂ ਬਿਮਾਰੀਆਂ ਠੀਕ ਹੋ ਜਾਣਗੀਆਂ ਅਤੇ ਇੰਨ੍ਹਾਂ ਕੁੱਝ ਕਹਿ ਕੇ ਉਹ ਬਾਬਾ ਵੇਖਦੇ ਹੀ ਵੇਖਦੇ ਅਲੋਪ ਹੋ ਗਿਆ। ਅਜਿਹੀ ਅਫਵਾਹ ਫੈਲਣ ਨਾਲ ਲੋਕ ਵੱਡੀ ਗਿਣਤੀ ਵਿੱਚ ਆਪਣੇ ਦੁੱਖ ਦੂਰ ਹੋਣ ਦੀ ਆਸ ਵਿੱਚ ਇਸ ਥਾਂ ਤੇ ਆਉਣ ਲੱਗ ਪਏ। ਲੋਕਾਂ ਨੂੰ ਇਸ ਪਾਖੰਡਵਾਦ ਬਾਰੇ ਜਾਣੂ ਕਰਵਾਉਣ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਪਟਿਆਲਾ ਦੇ ਆਗੂ ਸਤੀਸ਼ ਕੁਮਾਰ ਆਲੋਵਾਲ, ਕੁਲਵੰਤ ਕੌਰ ਇਕਾਈ ਮੁਖੀ, ਜਨਵਾਦੀ ਨੌਜਵਾਨ ਸਭਾ ਦੇ ਆਗੂ ਹਰਿੰਦਰ ਸਿੰਘ ਤੂਰ, ਕੁਲਵਿੰਦਰ ਸਿੰਘ ਰਾਣਾ ਅਤੇ ਇਕਾਈ ਮੰਡੀ ਗੋਬਿੰਦਗੜ੍ਹ ਦੇ ਆਗੂ ਮਾ: ਜਰਨੈਲ ਸਿੰਘ, ਸਮਸ਼ੇਰ ਮਲਿਕ, ਕਾਮਰੇਡ ਕੁਲਵੰਤ ਬੈਣਾ, ਜਸਦੇਵ ਸਿੰਘ, ਬਲਦੇਵ ਬਿੱਟੂ , ਲਖਵੀਰ ਸਿੰਘ ਡਡਹੇੜੀ, ਰਾਜੇਸ਼ ਬੱਤਾ, ਪਰਮਿੰਦਰ ਸਿੰਘ ਖੰਨਾ ਤੇ ਆਧਾਰਿਤ ਟੀਮ ਵੱਲੋਂ ਨਲਕੇ ਵਾਲੀ ਥਾਂ ਉੱਪਰ ਜਾ ਕੇ ਲੋਕਾਂ ਨੂੰ ਪਾਣੀ ਬਾਰੇ ਜਾਗਰੂਕ ਕੀਤਾ ਗਿਆ ਅਤੇ ਫੈਲੀ ਅਫਵਾਹ ਦੀ ਜਾਣਕਾਰੀ ਲੈਣ ਲਈ ਸਥਾਨਕ ਲੋਕਾਂ ਨਾਲ ਜਦੋਂ ਗੱਲਬਾਤ ਕੀਤੀ ਗਈ ਤਾਂ ਅਫਵਾਹ ਅਨੁਸਾਰ ਪ੍ਰਗਟ ਹੋਏ ਬਾਬੇ ਸੰਬੰਧੀ ਕੋਈ ਸੁਰਾਗ ਨਹੀਂ ਮਿਲਿਆ ਅਤੇ ਨਾ ਹੀ ਕੋਈ ਅਜਿਹਾ ਵਿਅਕਤੀ ਮਿਲਿਆ ਜੋ ਨਲਕੇ ਦਾ ਪਾਣੀ ਪੀ ਕੇ ਠੀਕ ਹੋਇਆ ਹੋਵੇ। ਇਸ ਉਪਰੰਤ ਅਫਵਾਹ ਕਾਰਨ ਨਲਕੇ ਵਾਲੀ ਥਾਂ ਤੇ ਭੀੜ ਜਮ੍ਹਾਂ ਹੁੰਦੀ ਗਈ। ਇਸ ਨਲਕੇ ਦੇ ਪਾਣੀ ਦਾ ਟੈਸਟ ਵੀ ਆਗੂਆਂ ਵੱਲੋਂ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਕਰਵਾਇਆ ਗਿਆ ਜਿਸ ਦੀ ਰੀਪੋਰਟ ਵਿੱਚ ਇਹ ਦਰਜ ਸੀ ਕਿ ਇਹ ਪਾਣੀ ਪੀਣ ਯੋਗ ਤਾਂ ਹੈ ਪਰ ਇਸ ਵਿੱਚ ਕਿਸੇ ਵੀ ਸ਼ਰੀਰਕ ਰੋਗ ਨੂੰ ਠੀਕ ਕਰਨ ਲਈ ਹੋਰ ਤੱਤ ਮੌਜੂਦ ਨਹੀਂ।ਆਗੂਆਂ ਵੱਲੋਂ ਪੂਰੇ ਮਾਮਲੇ ਦੀ ਜਾਂਚ ਤੋਂ ਬਾਅਦ ਇਹ ਸਿੱਟਾ ਕੱਢਿਆ ਗਿਆ ਕਿ ਅਫਵਾਹ ਫੈਲਾਉਣ ਪਿੱਛੇ ਸ਼ਰਾਰਤੀ ਅਨਸਰਾਂ ਦੇ ਟੇਢੇ ਢੰਗ ਨਾਲ ਮੋਟੀ ਕਮਾਈ ਕਰਨ ਦੇ ਹਿੱਤ ਜੁੜੇ ਹੋਏ ਹਨ। ਨਲਕੇ ਤੋਂ ਪਾਣੀ ਭਰਨ ਲਈ ਜਮਾਂ ਹੁੰਦੀ ਭੀੜ ਬਾਰੇ ਕਵਰੇਜ ਕਰਨ ਲਈ ਚੈਨਲ ਨਿਊਜ 24 ਦੀ ਟੀਮ ਮੋਹਿਤ ਮਲਹੋਤਰਾ ਦੀ ਅਗਵਾਈ ਹੇਠ ਆਈ ਅਤੇ ਪੂਰੇ ਮਾਮਲੇ ਦੀ ਵਿਗਿਆਨਕ ਢੰਗ ਨਾਲ ਕਵਰੇਜ ਕੀਤੀ ਗਈ। ਚੈਨਲ ਦੀ ਟੀਮ ਵੱਲੋਂ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਦੇ ਬਿਆਨ ਵੀ ਟੀ.ਵੀ. ਉੱਤੇ ਵਿਖਾਏ ਗਏ ਅਤੇ ਪਾਣੀ ਦੇ ਟੈਸਟ ਦੀ ਰਿਪੋਰਟ ਵੀ ਵਿਖਾ ਕੇ ਲੋਕਾਂ ਨੂੰ ਅੰਧਵਿਸ਼ਵਾਸ ਤੋਂ ਬਚਣ ਦੀ ਅਪੀਲ ਕੀਤੀ ਗਈ। ਇਸ ਤਰ੍ਹਾਂ ਨਿਊਜ਼ ਨੇਸ਼ਨ ਚੈਨਲ ਦੀ ਟੀਮ ਵੱਲੋਂ ਸਲਿਲ ਖੰਨਾ ਦੀ ਅਗਵਾਈ ਹੇਠ ਪੂਰੇ ਮਾਮਲੇ ਦੀ ਕਵਰੇਜ ਵਿਗਿਆਨਕ ਢੰਗ ਨਾਲ ਕੀਤੀ ਗਈ ਅਤੇ ਲੋਕਾਂ ਨੂੰ ਅੰਧਵਿਸ਼ਵਾਸਾਂ ਤੋਂ ਬਾਹਰ ਨਿਕਲਣ ਬਾਰੇ ਸੁਚੇਤ ਕੀਤਾ ਗਿਆ। ਇਸ ਸੰਬੰਧ ਵਿੱਚ ਆਗੂਆਂ ਵੱਲੋਂ ਸੋਸ਼ਲ ਮੀਡੀਆ ਤੇ ਵੀ ਜਾਗਰੂਕਤਾ ਮੁਹਿਮ ਚਲਾਈ ਗਈ ਜਿਸ ਦੇ ਵੀ ਚੰਗੇ ਸਿੱਟੇ ਮਿਲੇ। ਪਾਣੀ ਦੇ ਪਾਖੰਡਵਾਦ ਸੰਬੰਧੀ ਅਮਲੋਹ ਦੇ ਪ੍ਰਿੰਟ ਮੀਡੀਆ ਦੇ ਕੁੱਝ ਵਿਗਿਆਨਕ ਸੱਚ ਰੱਖਣ ਵਾਲੇ ਚੰਗੇ ਪੱਤਰਕਾਰਾਂ ਨੇ ਇਸ ਮਾਮਲੇ ਦੀ ਤਰਕਸ਼ੀਲ ਕਵਰੇਜ ਕਰਕੇ ਲੋਕਾਂ ਨੂੰ ਭਰਮ ਜਾਲ ਵਿੱਚੋਂ ਕੱਢਣ ਲਈ ਲਗਾਤਾਰ ਯਤਨ ਕੀਤੇ। ਇਸ ਸੰਬੰਧੀ ਅਫਵਾਹ ਫੈਲਾਉਣ ਵਾਲੇ ਵਿਅਕਤੀਆਂ ਤੇ ਕਾਰਵਾਈ ਕਰਵਾਉਣ ਲਈ ਉਕਤ ਆਗੂਆਂ ਵੱਲੋਂ ਐਸ.ਡੀ.ਐਮ. ਅਮਲੋਹ ਨੂੰ ਮੰਗ ਪੱਤਰ ਦਿੱਤਾ ਗਿਆ ਪਰ ਲੰਬਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਪ੍ਰਸ਼ਾਸਨ ਵੱਲੋਂ ਇਸ ਸੰਬੰਧ ਵਿੱਚ ਕੋਈ ਐਕਸ਼ਨ ਨਹੀਂ ਲਿਆ ਗਿਆ। ਜਿਸਤੋਂ ਬਾਅਦ ਆਗੂਆਂ ਵੱਲੋਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਕਮਲਜੀਤ ਸਿੰਘ ਸੰਘਾ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਉਪਰੰਤ ਡਿਪਟੀ ਕਮਿਸ਼ਨਰ ਵੱਲੋਂ ਪ੍ਰਸ਼ਾਸਨ ਨੂੰ ਇਸ ਸੰਬੰਧ ਵਿੱਚ ਤੁਰੰਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਗਏ ਅਤੇ ਪ੍ਰਸ਼ਾਸਨ ਵੱਲੋਂ ਵੀ ਫੌਰਨ ਕਾਰਵਾਈ ਕਰਦਿਆਂ ਲੋਕਾਂ ਦੇ ਸਹਿਯੋਗ ਨਾਲ ਨਲਕਾ ਪੁਟਵਾ ਦਿੱਤਾ ਗਿਆ ਪਰ ਫਿਰ ਵੀ ਇਸ ਥਾਂ ਉੱਪਰ ਲੋਕਾਂ ਦੀ ਆਮਦ ਜਾਰੀ ਰਹੀ ਜੋ ਸਮਾਂ ਬੀਤਣ ਤੇ ਬਿਲਕੁਲ ਬੰਦ ਹੋ ਗਈ।

ਕੁਲਵਿੰਦਰ ਸਿੰਘ ਰਾਣਾ,
ਸਤੀਸ਼ ਕੁਮਾਰ ਆਲੋਵਾਲ

ਪਿਛਲੇ ਅੰਕ ਤੋਂ ਅੱਗੇ

ਭੱਜੋ ਨਾ, ਦੁਨੀਆ ਨੂੰ ਬਦਲੋ



ਰਾਹੁਲ ਸਾਂਕ੍ਰਿਤਆਇਨ

ਭਰਾ: ਜਦੋਂ ਮਜ਼ਦੂਰ ਬੰਦੂਕ ਲੈ ਕੇ ਆਪਣਾ ਲਾਲ ਝੰਡਾ ਲਹਿਰਾ ਰਹੇ ਸੀ, ਤਾਂ ਜੋਂਕਾਂ ਨੇ ਫੌਜਾਂ ਉਹਨਾਂ ਦੇ ਖਿਲਾਫ ਭੇਜੀਆਂ। ਪਰ ਸਿਪਾਹੀ ਆਪਣੇ ਭਰਾ ਭੈਣਾਂ ਨੂੰ ਪਹਿਚਾਣਦੇ ਸੀ, ਉਹ ਜੋਂਕਾਂ ਦੀ ਗੱਲ ਵਿੱਚ ਨਾ ਆਏ। ਉਹ ਆਪਣੀ ਬੰਦੂਕ ਨਾਲ ਲੈ ਕੇ ਮਜਦੂਰਾਂ ਨਾਲ ਮਿਲ ਗਏ। ਫੌਜ ਦੇ ਅਫਸਰ ਜੋਂਕਾਂ ਦੇ ਮੁੰਡੇ ਸੀ। ਪਰ ਹਜ਼ਾਰ ਸਿਪਾਹੀਆਂ ਵਿੱਚ ਦਸ ਅਫਸਰ ਕੀ ਕਰਦੇ ? ਅਫਸਰ ਸਿਪਾਹੀ ਬਣ ਗਏ ਤੇ ਉਹਨਾਂ ਨੇ ਮਜ਼ਦੂਰਾਂ ਦੀ ਫੌਜ ਤੇ ਗੋਲੀ ਚਲਾਈ, ਪਰ ਗੋਲੀਆਂ ਛੇਤੀ ਖਤਮ ਹੋ ਗਈਆਂ ਤੇ ਉਹ ਵੀ ਠੰਡੇ ਹੋ ਗਏ। ਫੇਰ ਜੋਂਕਾਂ ਨੇ ਲੜਾਈ ਦੇ ਮੈਦਾਨ ਤੋਂ ਫੌਜ ਮੰਗਵਾਈ, ਤੇ ਉਸਨੂੰ ਮਜਦੂਰਾਂ ਨਾਲ ਲੜਣ ਲਈ ਭੇਜਿਆ। ਪੰਜਾਹ-ਪੰਜਾਹ ਹਜ਼ਾਰ ਦੀ ਪਲਟਨ ਕੂਚ ਕਰਦੀ ਆ ਰਹੀ ਸੀ, ਪਰ ਜਿਥੇ ਪੇਤਰੋਗਰਾਦ ਰਾਜਧਾਨੀ ਦੀ ਸੀਮਾ ਵਿੱਚ ਪਹੁੰਚਦੀ, ਜੇਠ ਦੀਆਂ ਦੁਪਹਿਰਾਂ ਵਿੱਚ ਮੱਖਣ ਦੀ ਤਰ੍ਹਾਂ ਪਿਘਲ ਕੇ ਅਲੋਪ ਹੋ ਜਾਂਦੀ।

ਸੰਤੋਖੀ: ਅਲੋਪ ਕਿਵੇਂ ਹੋ ਜਾਂਦੀ ਭਰਾ ?

ਭਰਾ: ਅਲੋਪ ਹੋ ਜਾਣ ਦਾ ਮਤਲਬ ਐ ਕਿ ਸਾਰੇ ਸਿਪਾਹੀ ਮਜ਼ਦੂਰਾਂ ਦੀ ਪਲਟਨ ਵਿੱਚ ਮਿਲ ਗਏ, ਅਫਸਰਾਂ ਚੋਂ ਜਿਹਨੇ ਤਿੰਨ ਪੰਜ ਕੀਤੀ, ਉਹ ਉੱਥੇ ਈ ਮਾਰਿਆ ਗਿਆ, ਬਾਕੀ ਭੱਜ ਗਏ। ਮਜ਼ਦੂਰਾਂ ਦੀ ਸਰਕਾਰ ਨੇ ਤੁਰੰਤ ਕਾਨੂੰਨ ਬਣਾ ਦਿੱਤਾ ਕਿ ਜਿੰਨ੍ਹੇ ਜਮੀਂਦਾਰ, ਰਾਜੇ-ਨਵਾਬ ਨੇ, ਉਹਨਾਂ ਦੀ ਸਾਰੀ ਜਮੀਂਦਾਰੀ ਅੱਜ ਤੋਂ ਸਾਰੇ ਰੂਸ ਦੇ ਮਜਦੂਰਾਂ ਦੀ ਹੋਈ। ਜਿੰਨੇ ਕਾਰਖਾਨੇ ਨੇ, ਅੱਜ ਤੋਂ ਜੋਂਕਾਂ ਉਹਨਾਂ ਦੀਆਂ ਕੁੱਝ ਨਹੀਂ ਲੱਗਦੀਆਂ, ਹੁਣ ਸਾਰੇ ਮਜ਼ਦੂਰ ਉਹਨਾਂ ਦੇ ਮਾਲਕ ਨੇ। ਜਿਵੇਂ ਰੇਲ, ਜਹਾਜ਼ ਵਗੈਰਾ ਦੀਆਂ ਕੰਪਨੀਆਂ ਨੇ, ਉਹ ਸਭ ਹੁਣ ਮਜ਼ਦੂਰਾਂ ਦੀਆਂ ਨੇ, ਜਿੰਨੀਆਂ ਕੋਇਲੇ ਦੀਆਂ ਖਾਨਾਂ, ਤੇਲ ਦੇ ਖੂਹ, ਹਰ ਤਰ੍ਹਾਂ ਦੀਆਂ ਖਾਨਾਂ ਨੇ, ਉਹ ਸਾਰੀਆਂ ਮਜ਼ਦੂਰਾਂ ਦੀਆਂ ਨੇ। ਜਿੰਨੇ ਵੀ ਬੈਂਕ ਤੇ ਉਹਨਾਂ ਕੋਲ ਕਰੋੜਾਂ-ਅਰਬਾਂ ਦਾ ਖਜਾਨਾ ਐ, ਉਹ ਮਜ਼ਦੂਰਾਂ ਦਾ। ਜੋਂਕਾਂ ਦੇ ਜਿੰਨੇ ਵੀ ਮਹਿਲ-ਕੋਠੀਆਂ ਬਾਗ ਨੇ, ਉਹ ਸਾਰੇ ਮਜ਼ਦੂਰਾਂ ਦੇ।

ਦੁਖਰਾਮ: ਤਾਂ ਮਾਰਕਸ ਨੇ ਜੋ ਗੱਲ ਦੱਸੀ ਸੀ, ਉਸਨੂੰ ਲੈਨਿਨ ਨੇ ਪੂਰਾ ਕਰ ਦਿੱਤਾ।

ਭਰਾ: ਹਾਂ, ਪੂਰਾ ਕੀਤਾ। ਪੇਤਰੋਗਰਾਦ ਰਾਜਧਾਨੀ ਵਿੱਚ ਅੱਧੇ ਦੇ ਕਰੀਬ-ਕਰੀਬ ਲੋਕਾਂ ਕੋਲ ਰਹਿਣ ਦਾ ਕੋਈ ਟਿਕਾਣਾ ਨਹੀਂ ਸੀ। ਲੋਕ ਸੜੀਆਂ ਗੰਦੀਆਂ ਗਲੀਆਂ ਵਿੱਚ ਰਹਿੰਦੇ ਸੀ। ਲੱਖਾਂ ਮਜਦੂਰ ਤਾਂ ਫਟੇ ਟੀਨ ਤੇ ਪੀਪਿਆਂ ਦੀਆਂ ਛੱਤਾਂ-ਕੰਧਾਂ ਵਾਲੀਆਂ, ਸੂਰਾਂ ਦੇ ਘੋਰਨਿਆਂ ਜਿਹੀਆਂ ਝੌਂਪੜੀਆਂ ਵਿੱਚ ਰਹਿੰਦੇ ਸੀ। ਪੰਜ ਹੱਥ ਲੰਮੀਆਂ, ਚਾਰ ਹੱਥ ਚੌੜੀਆਂ ਝੌਂਪੜੀਆਂ ਵਿੱਚ ਦਸ-ਦਸ ਆਦਮੀਆਂ ਦਾ ਪਰਿਵਾਰ ਰਹਿੰਦਾ ਸੀ। ਰੂਸ ਦੀ ਠੰਡ ਬਹੁਤ ਕੜਾਕੇ ਦੀ 'ਚ, ਪੇਤਰੋਗਰਾਦ ਵਿੱਚ ਤਾਂ ਹੋਰ ਜਿਆਦਾ ਸਰਦੀ ਨਾਲ ਉਥੇ ਨਦੀ, ਸਮੁੰਦਰ ਸਾਰਾ ਕੁਝ ਬਰਫ ਹੋ ਜਾਂਦਾ ਐ।

ਸੰਤੋਖੀ: ਪੱਥਰ ਜਿਹੀ ਬਰਫ ?

ਭਰਾ: ਸੰਤੋਖੀ ਭਰਾ ! ਜੇ ਤੂੰ ਠੰਡ ਵਿੱਚ ਉਥੇ ਜਾਏ, ਤਾਂ ਸਾਹ ਲੈਣ ਵੇਲੇ ਜੋ ਭਾਫ ਨੱਕ ਚੋਂ ਬਾਹਰ ਨਿਕਲਦੀ ਐ, ਉਹ ਪਹਿਲਾਂ ਪਾਣੀ ਬਣ ਕੇ ਤੇਰੀਆਂ ਵੱਡੀਆਂ-ਵੱਡੀਆਂ ਮੁੱਛਾਂ ਵਿੱਚ ਸਮਾ ਜਾਏਗੀ ਤੇ ਪਲ ਭਰ ਵਿੱਚ ਈ ਪਤਾ ਲੱਗੂ ਕਿ ਤੇਰੀਆਂ ਮੁੱਛਾਂ ਸ਼ੀਸ਼ੇ ਅੰਦਰ ਜਮੀਆਂ ਪਈਐ। ਇਨੀਂ ਸਰਦੀ ਵਿੱਚ ਵੀ ਮਜ਼ਦੂਰਾਂ ਨੂੰ ਉਹਨਾਂ ਟੀਨਾਂ ਦੀਆਂ ਖਚੋਰਾਂ ਵਿੱਚ ਰਹਿਣਾ ਪੈਂਦਾ। ਉਹਨਾਂ ਕੋਲ ਬਾਲਣ ਲਈ ਕੋਇਲਾ ਵੀ ਨਹੀਂ ਸੀ।

ਦੁਖਰਾਮ: ਜੋਂਕਾਂ ਦਾ ਕਦਮ ਇੱਥੋਂ ਤੱਕ ਗਿਆ, ਉਥੇ ਜ਼ਿੰਦਗੀ ਬਦਤਰ ਨੀਂ ਤਾਂ ਹੋਰ ਕੀ ਐ ?

ਭਰਾ: ਮਜ਼ਦੂਰਾਂ ਦੀ ਸਰਕਾਰ ਨੇ ਤੁਰੰਤ ਹੁਕਮ ਦਿੱਤਾ ਤੇ ਜੋਂਕਾਂ ਦੇ ਵੱਡੇ ਵੱਡੇ ਮਹਿਲਾਂ ਤੇ ਕੋਠੀਆਂ ਨੂੰ ਮਜਦੂਰਾਂ ਨੇ ਖੋਲ ਲਿਆ। ਉਹਨਾਂ ਨੇ ਜੋਂਕਾਂ ਨੂੰ ਕਹਿ ਦਿੱਤਾ ਕਿ ਜੋ ਮਜ਼ਦੂਰਾਂ ਦੀ ਸਰਕਾਰ ਖਿਲਾਫ਼ ਨੇ, ਉਹਨਾਂ ਤੇ ਹੀ ਅਸੀਂ ਹੱਥ ਚੱਕਾਂਗੇ। ਜੋ ਜੋਂਕ ਦਾ ਕੰਮ ਛੱਡ ਕੇ ਆਦਮੀ ਬਨਣ ਲਈ ਤਿਆਰ ਐਂ, ਉਸਨੂੰ ਅਸੀਂ ਭਰਾ ਮੰਨਾਂਗੇ ਤੇ ਕੰਮ ਵੀ ਦੇਵਾਂਗੇ। ਜੋਂਕਾਂ ਵਿੱਚ ਜੋ ਮਨੁੱਖ ਬਣ ਗਏ, ਉਹਨਾਂ ਨੂੰ ਉਹਨਾਂ ਦੇ ਘਰਾਂ ਦੀ ਇੱਕ ਕੋਠੜੀ ਦੇ ਦਿੱਤੀ ਤੇ ਬਾਕੀ ਮਕਾਨ ਵਿੱਚ ਸੂਰ ਦੀ ਖਚੋਰ 'ਚੋਂ ਕੱਢ ਕੇ ਮਜ਼ਦੂਰਾਂ ਨੂੰ ਲਿਆ ਵਸਾਇਆ। ਮਜ਼ਦੂਰਾਂ ਦਾ ਰਾਜ ਕਾਇਮ ਹੁੰਦਿਆਂ ਈ ਰਾਣੀਆਂ ਤੇ ਸੇਠਾਨੀਆਂ ਦੀਆਂ ਨੌਕਰਾਣੀਆਂ ਕੰਮ ਛੱਡ ਕੇ ਵੱਖ ਹੋ ਗਈਆਂ।

ਸੰਤੋਖੀ: ਜਦੋਂ ਜਮੀਨ, ਮਕਾਨ, ਬੈਂਕ ਦੇ ਰੁਪਈਏ ਤੇ ਕਾਰਖਾਨੇ ਸਾਰੇ ਖੋਹ ਲਏ, ਤਾਂ ਨੌਕਰਾਣੀਆਂ ਨੂੰ ਕਿਵੇਂ ਰੱਖਦੀਆਂ।

ਭਰਾ : ਨੌਕਰ-ਚਾਕਰ ਵੀ ਜੋਂਕਾਂ ਨੂੰ ਛੱਡ ਗਏ।

ਦੁਖਰਾਮ: ਹੁਣ ਰਾਣੀ ਭਰਦੀ ਹੋਵੇਗੀ ਪਾਣੀ !

ਭਰਾ: ਬਿਨਾਂ ਦੇਹ ਹਿਲਾਏ ਹਰਾਮ ਦਾ ਪੈਸਾ ਥੋੜਾ ਈ ਮਿਲ ਸਕਦਾ ਸੀ ? ਮਜਦੂਰਾਂ ਦੀ ਸਰਕਾਰ ਨੇ ਸਾਰਿਆਂ ਨੂੰ ਕੰਮ ਦੇਣ ਦਾ ਇੰਤਜਾਮ ਕੀਤਾ। ਜਦੋਂ ਇੰਗਲੈਂਡ, ਫਰਾਂਸ, ਅਮਰੀਕਾ, ਜਪਾਨ ਤੇ ਦੂਜੇ ਦੇਸ਼ਾਂ ਦੀਆਂ ਜੋਂਕਾਂ ਨੂੰ ਪਤਾ ਲੱਗਿਆ ਤਾਂ ਉਹਨਾਂ ਦੀ ਨੀਂਦ ਹਰਾਮ ਹੋ ਗਈ। ਰੂਸ ਛੋਟਾ ਮੋਟਾ ਦੇਸ਼ ਨਹੀਂ, ਦੁਨੀਆਂ ਦੇ ਛੇ

ਹਿੱਸਿਆਂ 'ਚੋਂ ਇੱਕ ਹਿੱਸਾ ਰੂਸ ਦਾ ਐ। ਉਸਦੇ ਪੂਰਬੀ ਕਿਨਾਰੇ ਤੋਂ ਪੱਛਮੀ ਕਿਨਾਰੇ ਤੱਕ ਰੇਲਗੱਡੀ ਤੇ ਜਾਈਏ ਤਾਂ 15 ਦਿਨ 15 ਰਾਤਾਂ ਲੱਗਦੀਐ।

ਦੁਖਰਾਮ: ਬੰਬਈ ਤੋਂ ਪਰਾਗ ਤਾਂ ਭਰਾ? ਇਕ ਦਿਨ ਇਕ ਰਾਤ ਹੀ ਲੱਗਦੀ ਐ, ਰੂਸ ਤਾਂ ਫੇਰ ਬਹੁਤ ਵੱਡਾ ਦੇਸ ਹੋਊ।

ਭਰਾ: ਹਾਂ, ਹਿੰਦੁਸਤਾਨ ਜਿਹੇ ਸੱਤ ਦੇਸ਼ਾਂ ਦੀ ਧਰਤੀ ਇਕੱਠੀ ਜੋੜੀ ਜਾਏ ਤਾਂ ਰੂਸ ਦੇ ਬਰਾਬਰ ਹੋਊ। ਇਸ ਲਈ ਬਾਹਰੀ ਦੇਸ਼ਾਂ ਦੀਆਂ ਜੋਂਕਾਂ ਬਹੁਤ ਘਬਰਾਈਆਂ, ਪਰ ਸਾਲ ਭਰ ਤੱਕ ਉਹ ਬਹੁਤਾ ਕੁੱਝ ਨਹੀਂ ਕਰ ਸਕੀਆਂ, ਜਦੋਂ ਜਰਮਨ ਹਾਰ ਗਿਆ ਤਾਂ ਜਿੱਤਣ ਵਾਲੀਆਂ ਸਾਰੀਆਂ ਜੋਂਕਾਂ ਘਬਰਾਈਆਂ। ਉਹਨਾਂ ਨੇ ਆਪਣੀ ਫੌਜ, ਗੋਲਾ-ਬਾਰੂਦ ਸਾਰਾ ਲੈ ਕੇ ਬੋਲਸ਼ਵਿਕਾਂ ਤੇ ਧਾਵਾ ਬੋਲ ਦਿੱਤਾ।

ਦੁਖਰਾਮ: ਬੋਲਸ਼ੇਵਿਕ ਕੌਣ ਐ ਭਰਾ?

ਭਰਾ: ਰੂਸ 'ਚ ਮਾਰਕਸ ਦੀ ਵਿਚਾਰਧਾਰਾ ਦੇ ਧਾਰਨੀਆਂ ਨੂੰ ਬੋਲਸ਼ਵਿਕ ਕਿਹਾ ਜਾਂਦਾ।

ਦੁਖਰਾਮ: ਤੇ ਬੋਲਸ਼ਵਿਕ ਵੀ ਕਮਿਊਨਿਸਟਾਂ ਦੀ ਤਰ੍ਹਾਂ ਸਾਡੇ ਮਜ਼ਦੂਰਾਂ ਦੇ ਆਦਮੀ ਐਂ?

ਭਰਾ: ਬੋਲਸ਼ਵਿਕ ਤੇ ਕਮਿਊਨਿਸਟ ਇਕ ਈ ਨੇ। ਚਰਚਿਲ ਉਸ ਵੇਲੇ ਵਿਲਾਇਤ ਦਾ ਯੁੱਧ-ਮੰਤਰੀ ਸੀ, ਉਹ ਤਾਂ ਬੋਲਸ਼ਵਿਕਾਂ ਨੂੰ ਕੱਚੇ ਖਾ ਜਾਣਾ ਚਾਹੁੰਦਾ ਸੀ।

ਦੁਖਰਾਮ: ਇਹੀ ਚਰਚਿਲ ਨਾ ਭਰਾ? ਜੋ ਲੜਾਈ ਵੇਲੇ ਵਿਲਾਇਤ ਦਾ ਮਹਾਂਮੰਤਰੀ ਸੀ।

ਭਰਾ: ਹਾਂ, ਉਹੀ ਜੋ ਚਾਹੁੰਦਾ ਸੀ, ਹਿੰਦੁਸਤਾਨ ਦੀ ਛਾਤੀ 'ਤੇ ਦਲਦਾ ਰਹੇ। ਉਸਨੇ ਵੀ ਆਪਣੀ ਪਲਟਨ ਤੇ ਗੋਲਾ ਬਾਰੂਦ ਰੂਸ ਵਿੱਚ ਉਤਾਰਿਆ। ਫਰਾਂਸ ਨੇ ਵੀ ਆਪਣੀ ਪਲਟਨ ਭੇਜੀ। ਅਮਰੀਕਾ ਨੇ ਵੀ। ਜਾਪਾਨ ਨੇ ਵੀ। ਚੌਂਦਾਂ ਬਾਦਸ਼ਾਹਾਂ ਨੇ ਆਪਣੀ-ਆਪਣੀ ਪਲਟਨ ਮਜ਼ਦੂਰਾਂ ਦੀ ਸਰਕਾਰ ਨੂੰ ਬਰਬਾਦ ਕਰਨ ਲਈ ਰੂਸ ਭੇਜੀ? ਕਿਉਂ ਭੇਜੀ? ਕੀ ਰੂਸ ਦੇ ਮਜ਼ਦੂਰਾਂ ਕਿਸੇ ਹੋਰ ਦੀ ਇਕ ਉਂਗਲੀ ਵੀ ਜਮੀਨ ਲੈਣਾ ਚਾਹੁੰਦੇ ਸੀ?

ਦੁਖਰਾਮ: ਦੁਨੀਆਂ ਭਰ ਦੀਆਂ ਜੋਂਕਾਂ ਨੇ ਸਮਝਿਆ ਕਿ ਜੇ ਧਰਤੀ ਦੇ ਛੇ ਹਿੱਸਿਆਂ 'ਚੋਂ ਇੱਕ ਹਿੱਸੇ ਦੀਆਂ ਜੋਂਕਾਂ ਨੂੰ ਖਤਮ ਕਰਕੇ ਮਜਦੂਰਾਂ ਨੇ ਆਪਣਾ ਰਾਜ ਕਾਇਮ ਕਰ ਲਿਆ, ਤਾਂ ਬਾਕੀ ਪੰਜ ਹਿੱਸਿਆਂ ਦੇ ਮਜ਼ਦੂਰਾਂ ਦਾ ਵੀ ਮਨ ਵਿਗੜ ਜਾਵੇਗਾ, ਫੇਰ ਬੱਕਰੀ ਦੀ ਮਾਂ ਕੱਦ ਤੱਕ ਖੈਰ ਮਨਾਵੇਗੀ?

ਭਰਾ: ਵੱਡੇ ਸੰਕਟ ਦਾ ਸਮਾਂ ਸੀ। ਦੁਨੀਆਂ ਭਰ ਦੀਆਂ ਜੋਂਕਾਂ ਗਲਾ ਫਾੜ-ਫਾੜ ਕੇ ਚਿਲਾ ਰਹੀਆਂ ਸਨ, ਅਖਬਾਰਾਂ ਛਾਪ ਰਹੀਆਂ ਸਨ, ਕਿ ਬੋਲਸ਼ਵਿਕ ਬੱਚਿਆਂ ਨੂੰ ਮਾਰ ਦਿੰਦੇ ਨੇ, ਬੁੱਢਿਆਂ ਨੂੰ ਵੀ ਨਹੀਂ ਛੱਡਦੇ। ਉਹਨਾਂ ਨੇ ਸਾਰੀਆਂ ਨੂੰ ਵਿਧਵਾ ਬਣਾ ਦਿੱਤਾ, ਮਸਜਿਦਾਂ-ਮੰਦਿਰਾਂ ਨੂੰ ਤੋੜ ਦਿੱਤਾ, ਹਰਾਮ-ਹਲਾਲ ਦੀ ਗੱਲ ਚੱਕੀ ਆਦਿ ਹਜਾਰਾਂ ਝੂਠ ਫੈਲਾਏ ਜਾਣ ਲੱਗੇ।

ਦੁਖਰਾਮ: ਹਿੰਦੁਸਤਾਨ ਵਿੱਚ ਵੀ ਭਰਾ ਉਹ ਇਹੀ ਗੱਲ ਕਰਨਗੇ, ਜੋਂਕਾਂ ਸਮਝਦੀਆਂ ਨੇ ਕਿ ਮਜ਼ਦੂਰ ਮੂਰਖ, ਅਣਪੜ੍ਹ ਹੁੰਦੇ ਐ, ਉਹਨਾਂ ਨੂੰ ਝੂਠ ਸੱਚ ਕਹਿ ਕੇ ਮਾਰਕਸ ਦੇ ਰਾਹ ਦੇ ਖਿਲਾਫ਼ ਕਰ ਦੇਣਗੇ। ਸਾਨੂੰ ਬਹੁਤ ਹੁਸ਼ਿਆਰ ਰਹਿਣਾ ਪਏਗਾ।

ਭਰਾ: ਹਾਂ, ਦੁੱਖ ਭਰਾ! ਸਾਰਿਆਂ ਦੀ ਜੜ੍ਹ ਇਹੀ ਜੋਂਕਾਂ ਨੇ, ਜੜ੍ਹ ਕੱਟਣਾ ਚੰਗਾ ਐ ਕਿ ਪੱਤੇ ਝਾੜਣੇ ਚੰਗੇ ਐ?

ਦੁਖਰਾਮ: ਜੜ੍ਹ ਕੱਟਣਾ ਚੰਗਾ ਐ ਭਰਾ।


ਭਰਾ: ਪਰ ਜੋਂਕਾਂ ਸਾਰੇ ਮਜ਼ਦੂਰਾਂ ਦੀਆਂ ਅੱਖਾਂ ਵਿੱਚ ਧੂੜ ਝੋਂਕ ਸਕਦੀਐ, ਵਿਲਾਇਤ ਦੇ ਮਜਦੂਰਾਂ ਨੂੰ ਜਦੋਂ ਪਤਾ ਲਗਿਆ ਕਿ ਸਾਡੇ ਦੇਸ਼ ਦੀਆਂ ਜੋਂਕਾਂ ਰੂਸ ਦੇ ਮਜ਼ਦੂਰਾਂ ਦੇ ਰਾਜ ਦਾ ਸਤਿਆਨਾਸ ਕਰਨ ਲਈ ਤੋਪ-ਬੰਦੂਕ, ਗੋਲਾ-ਬਾਰੂਦ ਭੇਜ ਰਹੀ ਐ, ਤਾਂ ਉਹਨਾਂ ਨੇ ਜਹਾਜ 'ਤੇ ਮਾਲ ਲੱਦਣ ਤੋਂ ਇਨਕਾਰ ਕਰ ਦਿੱਤਾ। ਖਲਾਸੀਆਂ-ਮਲਾਹਾਂ ਨੇ ਜਹਾਜ਼ ਛੱਡ ਦਿੱਤੇ। ਫਰਾਂਸ ਦੀਆਂ ਪਲਟਨਾਂ ਲੜਨ ਦੇ ਲਈ ਰੂਸ ਪਹੁੰਚੀਆਂ ਤੇ ਸਾਰੇ ਮਜ਼ਦੂਰਾਂ ਨੇ ਜਾਨ ਜੋਖਮ ਵਿੱਚ ਪਾ ਕੇ ਫਰਾਂਸੀਸੀ ਸਿਪਾਹੀਆਂ ਕੋਲ ਜਾ ਕੇ ਸਾਰੀ ਗੱਲ ਦੱਸੀ, ਤਾਂ ਪਲਟਨਾਂ ਵਿਗੜ ਗਈਆਂ। ਅੰਗਰੇਜ਼ੀ ਪਲਟਨਾਂ ਵਿੱਚ ਵੀ ਇਹੀ ਗੱਲ ਦਿਖਾਈ ਦੇਣ ਲੱਗੀ। ਰੂਸੀ ਮਜ਼ਦੂਰ ਹੁਣ ਜੋਂਕਾਂ ਲਈ ਨਹੀਂ ਆਪਣੇ ਲਈ ਲੜ ਰਹੇ ਸੀ, ਇਸ ਲਈ ਜਾਨ ਤੇ ਖੇਡਣਾ ਉਹਨਾਂ ਲਈ ਖੇਡ ਸੀ। ਬਾਹਰ ਦੀਆਂ ਜੋਂਕ ਸਰਕਾਰਾਂ ਨੇ ਸਮਝ ਲਿਆ ਕਿ ਆਪਣੀ ਪਲਟਨ ਨੂੰ ਜੇ ਉੱਥੇ ਲੜਣ ਲਈ ਭੇਜਿਆ ਤਾਂ ਬੋਲਸ਼ਵਿਕਾਂ ਦੀ ਬੀਮਾਰੀ ਸਾਡੇ ਦੇਸ਼ ਵਿੱਚ ਆ ਜਾਵੇਗੀ। ਉਹਨਾਂ ਨੇ ਆਪਣੀਆਂ ਪਲਟਨਾਂ ਵਾਪਸ ਬੁਲਾ ਲਈਆਂ। ਪਰ ਹੱਥ ਤੇ ਹੱਥ ਧਰ ਕੇ ਬੈਠਦੇ ਕਿਵੇਂ? ਰੂਸੀ ਜੋਂਕਾਂ ਦੇ ਕਿੰਨੇ ਹੀ ਜਰਨੈਲ, ਮਜਦੂਰਾਂ ਦੇ ਰਾਜ ਨਾਲ ਇਧਰ ਉੱਧਰ ਲੜ ਰਹੇ ਸੀ।

ਪੰਜਾਬੀ ਅਨੁਵਾਦ : ਰਵਿੰਦਰ ਰਾਹੀ, ਜੈਤੋ

ਲੜੀਵਾਰ 'ਭੱਜੋ ਨਾ, ਦੁਨੀਆ ਨੂੰ ਬਦਲੋ' ਬਾਰੇ

ਲਗਾਤਾਰ ਪਿਛਲੇ ਤਿੰਨ ਸਾਲਾਂ ਤੋਂ ਮਹਾਨ ਚਿੰਤਕ ਰਾਹੁਲ ਸੰਕ੍ਰਤਾਇਨ ਦੀ ਇਹ ਲਿਖਤ 'ਤਰਕਸ਼ੀਲ' ਵਿੱਚ ਲੜੀਵਾਰ ਛਾਪੀ ਜਾ ਰਹੀ ਹੈ ਜਿਸ ਨੂੰ ਪਾਠਕਾਂ ਨੇ ਬਹੁਤ ਜ਼ਿਆਦਾ ਪਸੰਦ ਕੀਤਾ ਹੈ । ਪਾਠਕਾਂ ਨੇ ਇਸ ਨੂੰ ਛੇਤੀ ਸਮੁੱਚ ਵਿੱਚ ਪੜ੍ਹਣ ਦੀ ਉਤਸੁਕਤਾ ਲਗਾਤਾਰ ਪ੍ਰਗਟਾਈ ਹੈ । ਪਾਠਕਾਂ ਦੀ ਵਿਸ਼ੇਸ ਬੇਨਤੀ 'ਤੇ ਸਟੇਟ ਕਮੇਟੀ ਨੇ ਇਸ ਲਿਖਤ ਨੂੰ ਬਹੁਤ ਛੇਤੀ ਪੁਸਤਕ ਰੂਪ ਵਿੱਚ ਛਾਪਣ ਦਾ ਫੈਸਲਾ ਲਿਆ ਹੈ । ਪਾਠਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਲੜੀਵਾਰ ਦਾ ਇਸ ਅੰਕ ਵਿੱਚ ਇਸ ਵਾਰ ਦਾ ਪ੍ਰਕਾਸ਼ਨ ਆਖਰੀ ਹੋਵੇਗਾ ।

ਕ੍ਰਿਕਟ ਦਾ ਭੂਤ



ਜਗਦੇਵ ਰਾਮਪੁਰਾ

ਬਦਲ ਰਹੇ ਸਮਿਆਂ ਚ ਮਾਪਿਆਂ ਤੇ ਬੱਚਿਆਂ ਦੀਆਂ ਆਪੋ-ਆਪਣੀਆਂ ਇੱਛਾਵਾਂ ਦੇ ਚਲਦਿਆਂ ਘਰਾਂ ਚ ਮੁਸ਼ਕਲਾਂ ਦਾ ਪੈਦਾ ਹੋਣਾ ਸੁਭਾਵਿਕ ਹੈ। ਜਦੋਂ ਮਸਲਿਆਂ ਪ੍ਰਤੀ ਪਹੁੰਚ ਠੀਕ ਨਾ ਹੋਵੇ ਤਾਂ ਜੀਣਾ ਦੁੱਭਰ ਹੋ ਜਾਂਦਾ ਹੈ ,ਅਜਿਹੇ ਹੀ ਮਸਲੇ ਨਾਲ ਸਾਡਾ ਵੀ ਵਾਹ ਪਿਆ। ਅੱਜ ਤੋਂ ਕਰੀਬ ਡੇਢ ਦਹਾਕਾ ਪਹਿਲਾਂ ਤਰਕਸ਼ੀਲ ਮੈਗਜ਼ੀਨ ਦੇ ਇੱਕ ਪਾਠਕ ਦਾ ਫੋਨ ਆਇਆ ਕਿ ਸਾਨੂੰ ਤੁਹਾਡੇ ਸਹਿਯੋਗ ਦੀ ਲੋੜ ਹੈ, ਜੇਕਰ ਤੁਸੀਂ ਸਾਡੇ ਘਰ ਆ ਸਕਦੇ ਹੋ ਤਾਂ ਬਹੁਤ ਚੰਗਾ ਹੋਵੇਗਾ ਕਿਉਂਕਿ ਸਾਡੀ ਨੇੜਲੀ ਰਿਸ਼ਤੇਦਾਰੀ ਚੋਂ ਆਏ ਲੜਕੇ ਦੀ ਬਿਮਾਰੀ ਸਾਡੀ ਸਮਝ ਤੋਂ ਬਾਹਰੀ ਹੋ ਗਈ ਹੈ। ਉਸ ਲੜਕੇ ਦੀ ਹਾਲਤ ਤੇ ਹਰਕਤਾਂ ਤੋਂ ਅਸੀਂ ਸਾਰੇ ਪਰਿਵਾਰ ਵਾਲੇ ਬਹੁਤ ਪ੍ਰੇਸ਼ਾਨ ਹਾਂ .ਮਸਲੇ ਦੀ ਗੰਭੀਰਤਾ ਨੂੰ ਸਮਝਦਿਆਂ ਮੈਂ ਤੇ ਜੰਟਾ ਸਿੰਘ ਅਗਲੀ ਸ਼ਾਮ ਨੂੰ ਉਹਨਾਂ ਦੇ ਦੱਸੇ ਪਤੇ ਤੇ ਪਹੁੰਚ ਗਏ। ਉਹਨਾਂ ਦੇ ਘਰ ਦੀ ਲੌਬੀ 'ਚ ਤਿੰਨ ਆਦਮੀ ਤੇ ਚਾਰ ਔਰਤਾਂ ਮੰਜੇ ਤੇ ਬੈਠੀਆਂ ਸਨ। ਇੱਕ 17 ਕੁ ਸਾਲ ਦਾ ਲੜਕਾ ਪੀਹੜੀ ਤੇ ਗੋਡਿਆਂ 'ਚ ਸਿਰ ਦੇਈ ਬੈਠਾ ਸੀ। ਘਰ ਦੇ ਮੁਖੀ ਨੇ ਉਸ ਲੜਕੇ ਬਾਰੇ ਦੱਸਿਆ ਕਿ ਇਹ ਸਾਢੇ ਤਿੰਨ ਸਾਲ ਤੋਂ ਬੀਮਾਰ ਹੈ। ਇਹ ਮੇਰੇ ਜਵਾਈ ਦਾ ਛੋਟਾ ਭਰਾ ਹੈ। ਪਿਛਲੇ ਸਾਲ ਹੀ ਅਸੀਂ ਸਾਡੀ ਲੜਕੀ ਦਾ ਵਿਆਹ ਕੀਤਾ ਹੈ। ਮੇਰੀ ਲੜਕੀ ਨੇ ਹੀ ਇਹਨਾਂ ਨੂੰ ਏਥੇ ਭੇਜਿਆ ਹੈ। ਅਸੀਂ ਘਰ ਦੇ ਇੱਕ ਕਮਰੇ ਚ ਬੈਠ ਕੇ ਮੁਢਲੀ ਪੜਤਾਲ ਆਰੰਭੀ।

ਉਸ ਲੜਕੇ ਦੇ ਮਾਤਾ-ਪਿਤਾ ਵੀ ਉੱਥੇ ਹੀ ਮੌਜੂਦ ਸਨ। ਲੜਕੇ ਦੇ ਪਿਤਾ ਨੇ ਦੱਸਿਆ ਕਿ ਅਸੀਂ ਦੋ ਭਰਾ ਹਾਂ। ਅਸੀਂ 30-35 ਕਿਲੇ ਜਮੀਨ ਦੀ ਖੇਤੀ ਕਰਦੇ ਹਾਂ। ਮੇਰੇ ਵੱਡੇ ਭਰਾ ਦੇ ਦੋਵੇਂ ਲੜਕੇ ਪੜ੍ਹ ਲਿਖ ਕੇ ਨੌਕਰੀਆਂ ਤੇ ਲੱਗੇ ਹੋਏ ਹਨ। ਮੇਰੇ ਦੋ ਲੜਕੇ ਤੇ ਇੱਕ ਲੜਕੀ ਹੈ। ਵੱਡੇ ਲੜਕੇ ਦੀ ਸ਼ਾਦੀ ਕਰ ਦਿੱਤੀ ਹੈ। ਮੈਂ ਪੁੱਛਣ ਤੇ ਕਿ ਇਹ ਲੜਕਾ ਕਿੰਨੀ ਦੇਰ ਤੋਂ ਬੀਮਾਰ ਹੈ। ਉਸ ਨੇ ਦੱਸਿਆ ਕਿ ਇਹ ਸਾਢੇ ਤਿੰਨ ਸਾਲ ਤੋਂ ਬੀਮਾਰ ਹੈ ਤੇ ਗੋਡਿਆਂ 'ਚ ਸਿਰ ਦੇਕੇ ਬੈਠਾ ਰਹਿੰਦਾ ਹੈ। ਸਾਰੀ ਸਾਰੀ ਰਾਤ ਸੌਂਦਾ ਨਹੀਂ ਹੈ। ਬੀਮਾਰੀ ਬਾਰੇ ਪੁੱਛਣ ਤੇ ਲੜਕੇ ਦੀ ਮਾਂ ਕਹਿਣ ਲੱਗੀ ਮੈਂ ਦਸਦੀ ਹਾਂ, ਪਿਛਲੇ ਸਾਲ ਇਹ ਦਸਵੀਂ ਚੋਂ ਫੇਲ੍ਹ ਹੋ ਗਿਆ ਸੀ। ਸਾਡੀ ਦਿਲੀ ਇੱਛਾ ਸੀ ਕਿ ਇਹ ਪੜ੍ਹ ਲਿਖ ਕੇ ਕੁਝ ਬਣ ਜਾਵੇ ਪਰ ਇਹ ਸਾਡੀ ਗੱਲ ਸੁਣਦਾ ਹੀ ਨਹੀਂ ਸੀ। ਸਕੂਲੋਂ ਆਉਣ ਸਾਰ ਬਸਤਾ ਘਰੇ ਸੁੱਟ ਕੇ ਬਾਹਰ ਨੂੰ ਨਿਕਲ ਜਾਂਦਾ ਸੀ ਤੇ ਫਿਰ ਸ਼ਾਮ ਪਈ ਤੋਂ ਘਰੋਂ ਥਾਪਾ ਜਿਹਾ ਚੁੱਕ ਕੇ ਲੈ ਜਾਂਦਾ ਸੀ ,ਅਖੇ ਮੈਂ ਕ੍ਰਿਕਟ ਖੇਡਣ ਚੱਲਿਆਂ। ਮੀਂਹ ਜਾਵੇ,ਹਨੇਰੀ ਜਾਵੇ , ਇਹਦਾ ਨਿੱਤ ਰੋਜ਼ ਦਾ ਇਹੋ ਕੰਮ ਸੀ। ਜੇ ਮੈਂ ਬਾਹਰ ਜਾਂਦੇ ਨੂੰ ਪੜਨ ਨੂੰ ਕਹਿਣਾ ਤਾਂ ਮੇਰੀ ਗੱਲ ਅਣਸੁਣੀ ਕਰ ਦੇਣੀ। ਇਸ ਦੀ ਘਰ ਦੇ ਕੰਮਾਂ ਵਿੱਚ ਵੀ ਕੋਈ ਰੁਚੀ ਨਹੀਂ ਸੀ। ਇਸ ਦਾ ਅਜਿਹਾ ਵਤੀਰਾ ਵੇਖ ਕੇ ਇਸ ਦੇ ਬਾਪ ਨੇ ਮੈਨੂੰ ਕਹਿਣਾ ਪਰ ਇਹ ਮੇਰਾ ਤਾਂ ਕਹਿਣਾ ਹੀ ਨਹੀਂ ਸੀ ਮੰਨਦਾ। ਜਦ ਇਸਦੇ ਪੇਪਰ ਸੁਰੂ ਹੋਣ ਵਾਲੇ ਸਨ ਤਾਂ ਇੱਕ ਦਿਨ ਇਸ ਦਾ ਪਾਪਾ ਪੁੱਛਣ ਲੱਗਿਆ ਕਿ ਕਿਥੇ ਹੈ ਤੇਰਾ ਲਾਡਲਾ। ਮੈਂ ਦੱਸਿਆ ਕਿ ਜਿਥੇ ਰੋਜ਼ ਜਾਂਦਾ ਹੈ। ਇਹ ਬਾਹਰ ਖੇਤੋਂ ਕੰਮ ਤੋਂ ਭਖੇ ਭਖਾਏ ਆਏ ਸਨ ਤੇ ਮੇਰਾ ਜਵਾਬ ਸੁਣ ਕੇ ਸਿੱਧੇ ਖੇਡ ਦੇ ਮੈਦਾਨ ਵੱਲ ਹੀ ਚਲੇ ਗਏ।

ਅੱਗੇ ਸਾਡਾ ਇਹ ਲੜਕਾ ਆਪਣੇ ਨਾਲਦੇ ਮੁੰਡਿਆਂ ਨਾਲ ਕ੍ਰਿਕਟ ਖੇਡਣ ਚ ਮਸਤ ਸੀ। ਇਹਨਾਂ ਮੁੰਡੇ ਨੂੰ ਮੈਦਾਨ ਚੋਂ ਬੁਲਾ ਕਿ ਉਥੇ ਹੀ ਦੋ ਚਾਰ ਥੱਪੜ ਜੜ੍ਹ ਦਿੱਤੇ ਤੇ ਫੜਕੇ ਘਰ ਲੈ ਆਏ।ਘਰ ਆ ਕੇ ਇਹਨਾਂ ਮੁੰਡੇ ਦੀ ਕੁੱਟ ਮਾਰ ਕੀਤੀ ਤੇ ਮੈਂ ਜਾ ਕੇ ਮਸਾਂ ਛੁਡਵਾਇਆ। ਪੜਤਾਲ ਦੇ ਚਲਦਿਆਂ ਮੈਂ ਕਿਹਾ ਇਹ ਠੀਕ ਨਹੀਂ ਹੋਇਆ। ਪਹਿਲਾਂ ਇਸਨੂੰ ਬਿਠਾ ਕੇ ਸਮਝਾਉਣਾ ਚਾਹੀਦਾ ਸੀ। ਲੜਕੇ ਦਾ ਬਾਪ ਕਹਿਣ ਲੱਗਾ, ਬਾਈ ਜੀ ਮੈਂ ਤਾਂ ਇਸ ਦੇ ਭਲੇ ਲਈ ਹੀ ਕਹਿੰਦਾ ਸਾਂ ਕਿ ਇਹ ਪੜ੍ਹ ਲਿਖ ਕੇ ਪੈਰਾਂ ਸਿਰ ਜਾਵੇਗਾ।ਹੋਰ ਕਿਹੜੇ ਮਾਂ-ਬਾਪ ਦਾ ਦਿਲ ਕਰਦਾ ਹੈ ਕਿ ਉਹ ਆਪਣੇ ਜੁਆਨ ਲੜਕੇ ਦੀ ਕੁੱਟ ਮਾਰ ਕਰੇ। ਜੇ ਮੈਨੂੰ ਪਤਾ ਹੁੰਦਾ ਤਾਂ ਕਿ ਆਹ ਦਿਨ ਵੀ ਵੇਖਣੇ ਪੈਣਗੇ ਤਾਂ ਮੈਂ ਇਹ ਗਲਤੀ ਕਾਹਤੋਂ ਕਰਦਾ। ਬੱਸ, ਉਹ ਦਿਨ ਗਿਆ ਤੇ ਸਾਲ ਬੀਤ ਇਹਨੇ ਪੜ੍ਹਾਈ ਵੀ ਛੱਡੀ ਤੇ ਮੰਜਾ ਵੀ ਮੱਲ ਲਿਆ। ਇਹ ਦਸਦਿਆਂ ਲੜਕੇ ਦੇ ਬਾਪ ਨੇ ਲੰਬਾ ਹਉਕਾ ਲਿਆ। ਮੇਰੇ ਨਾਲ ਬੈਠਾ ਜੰਟਾ ਸਿੰਘ ਘਟਨਾਵਾਂ ਨੂੰ ਤਰਤੀਬਵਾਰ ਨੋਟ ਕਰ ਰਿਹਾ ਸੀ।

ਲੜਕੇ ਦੀ ਬਿਮਾਰੀ ਤੇ ਇਲਾਜ ਬਾਰੇ ਪੁੱਛਣ ਤੇ ਉਸਦਾ ਬਾਪ ਦੱਸਣ ਲੱਗਾ ਕਿ ਪਹਿਲਾਂ-ਪਹਿਲ ਅਸੀਂ ਇਹਨੂੰ ਤਪੇ ਵਾਲੇ ਡਾਕਟਰ ਕੋਲ ਲੈ ਕੇ ਗਏ। ਅਸੀਂ ਡਾਕਟਰ ਨੂੰ ਦੱਸਿਆ ਕਿ ਇਹ ਖਾਂਦਾ ਪੀਂਦਾ ਨਹੀਂ ਤੇ ਬੋਲਦਾ-ਚਲਦਾ ਵੀ ਘੱਟ ਹੈ,ਸਾਰਾ ਦਿਨ ਸਿਰ ਸੁੱਟ ਕੇ ਪਿਆ ਹੀ ਰਹਿੰਦਾ ਹੈ।

ਅਸੀਂ ਉਸ ਡਾਕਟਰ ਤੋਂ ਦੋ ਮਹੀਨੇ ਤੱਕ ਦਵਾਈ ਲੈਂਦੇ ਰਹੇ ਪਰ ਕੋਈ ਫਾਇਦਾ ਨਹੀਂ ਹੋਇਆ। ਫੇਰ ਅਸੀਂ ਬਠਿੰਡੇ ਡਾਕਟਰ ਗੋਇਲ ਕੋਲ ਲੈ ਕੇ ਗਏ। ਛੇ ਮਹੀਨੇ ਦਵਾਈ ਲਈ ਉੱਥੋਂ ਕੋਈ ਫਰਕ ਨਹੀਂ ਪਿਆ। ਅਸੀਂ ਡਾਕਟਰੀ ਇਲਾਜ ਤੋਂ ਨਿਰਾਸ਼ ਤਾਂ ਹੋਏ ਪਰ ਹਾਰ ਨਹੀਂ ਮੰਨੀ। ਆਪਣੇ ਲੜਕੇ ਦੇ ਇਲਾਜ ਲਈ ਫਿਰ ਅਸੀਂ ਇਸਨੂੰ ਧਨੌਲੇ ਲੈ ਕੇ ਗਏ। ਇਸ ਦੀ ਸਾਰੀ ਕੇਸ ਹਿਸਟਰੀ ਲੈ ਕੇ ਉਹਨਾਂ ਇਸਦੇ ਬਿਜਲੀ ਦੇ ਸ਼ਾਟ ਲਾ ਦਿੱਤੇ ਤੇ ਇਹ ਹੋਰ ਜਿਆਦਾ ਬੀਮਾਰ ਹੋ ਗਿਆ। ਦਵਾਈ ਚਲਦੀ ਰਹੀ ਪਰ ਇਸਦੀ ਸਿਹਤ ਕਮਜ਼ੋਰ ਹੋ ਗਈ। ਸਾਥੋਂ ਇਸਦੀ ਹਾਲਤ ਵੇਖੀ ਨਹੀਂ ਸੀ ਜਾਂਦੀ। ਸਾਡੇ ਰਿਸ਼ਤੇਦਾਰ ਸਾਨੂੰ ਡਾਕਟਰੀ ਇਲਾਜ ਛੱਡ ਕੇ ਚੇਲਿਆਂ-ਬਾਬਿਆਂ ਦੀ ਸ਼ਰਨ ਚ ਜਾਣ ਲਈ ਆਖ ਰਹੇ ਸਨ, ਉਹਨਾਂ ਦਾ ਕਹਿਣਾ ਸੀ ਕਿ ਜੇ ਡਾਕਟਰੀ ਮਰਜ਼ ਹੁੰਦੀ ਤਾਂ ਮੁੰਡਾ ਹੁਣ ਨੂੰ ਕਦ ਦਾ ਠੀਕ ਹੋ ਗਿਆ ਹੁੰਦਾ ,ਇਹ ਤਾਂ ਕੋਈ ਬਾਹਰੀ ਕਸਰ ਆ ਚੰਬੜੀ ਹੈ ਮੁੰਡੇ ਨੂੰ। ਮਜਬੂਰੀ ਵਿੱਚ ਸਾਨੂੰ ਇਹ ਰਾਹ ਵੀ ਜਾਣਾ ਪਿਆ ਕਿਉਂਕਿ ਸਾਨੂੰ ਕੋਈ ਹੋਰ ਰਾਹ ਵੀ ਨਜ਼ਰ ਨਹੀਂ ਸੀ ਆ ਰਿਹਾ। ਕਿਸੇ ਰਿਸ਼ਤੇਦਾਰ ਨੇ ਸਾਨੂੰ ਪਠਾਨਕੋਟ ਦੇ ਸਿਆਣੇ ਦੀ ਦੱਸ ਪਾਈ, ਅਸੀਂ ਮੁੰਡੇ ਨੂੰ ਉੱਥੇ ਲੈ ਕੇ ਗਏ। ਵਾਰੀ ਆਉਣ ਤੇ ਉਸਨੇ ਸਾਨੂੰ ਬੁਲਾ ਲਿਆ। ਉਸ ਨੇ ਦੱਸਿਆ ਕਿ ਇਹ ਛੱਪੜ 'ਚ ਮੱਝਾਂ ਨਹਾਉਣ ਗਿਆ ਸੀ ਜਾਂਦਾ ਹੋਇਆ ਟੂਣਾ ਟੱਪ ਗਿਆ ਸੀ, ਉੱਥੋਂ ਹੀ ਇਸ ਨੂੰ ਕੋਈ ਓਪਰੀ ਸ਼ੈਅ ਚਿੰਬੜ ਗਈ ਹੈ। ਉਹ ਸ਼ੈਅ ਬੜੀ ਖਤਰਨਾਕ ਹੈ ਤੇ ਤੁਹਾਡੇ ਸਾਰੇ ਪਰਿਵਾਰ ਦਾ ਨੁਕਸਾਨ ਵੀ ਕਰ ਸਕਦੀ ਹੈ।

ਅਸੀਂ ਉਸਨੂੰ ਬੇਨਤੀ ਕੀਤੀ ਕਿ ਬਾਬਾ ਜੀ, ਸਾਡੇ ਲੜਕੇ ਨੂੰ ਠੀਕ ਕਰ ਦਿਉ ਅਸੀਂ ਬੜੀ ਆਸ ਲੈ ਕੇ ਆਏ ਹਾਂ ਤਾਂ ਬਾਬੇ ਨੇ ਭਰੋਸਾ ਦਿੱਤਾ ਕਿ ਤੁਹਾਡਾ ਲੜਕਾ ਬਿਲਕੁਲ ਠੀਕ ਹੋ ਜਾਵੇਗਾ। ਬਾਬੇ ਨੇ ਅਪਣੇ ਚੇਲੇ ਨੂੰ ਅਵਾਜ ਮਾਰੀ, ਚੇਲਾ ਇੱਕ ਨਾਰੀਅਲ ਲੈ ਕੇ ਬਾਬੇ ਕੋਲ ਆ ਗਿਆ, ਬਾਬੇ ਨੇ ਉਸ ਉੱਪਰ ਖੰਮਣੀ ਬੰਨ੍ਹ ਕੇ ਕੋਈ ਮੰਤਰ ਜਿਹਾ ਪੜ੍ਹ ਕੇ ਪਾਣੀ ਦੇ ਛਿੱਟੇ ਮਾਰੇ ਤੇ ਨਾਰੀਅਲ ਨੂੰ ਅੱਗ ਲੱਗ ਗਈ। ਠੰਡਾ ਹੋਣ ਤੇ ਨਾਰੀਅਲ ਤੇ ਪੱਥਰ ਮਾਰਿਆ ਤੇ ਉਸ ਵਿੱਚੋਂ ਖੂਨ ਤੇ ਹੱਡੀਆਂ ਦੇ ਟੁਕੜੇ ਨਿਕਲੇ। ਇਹ ਵੇਖ ਕਿ ਸਾਨੂੰ ਵੀ ਇਹ ਯਕੀਨ ਹੋ ਗਿਆ ਕਿ ਵਾਕਿਆ ਹੀ ਇਸਨੂੰ ਕੋਈ ਭੂਤ ਚਿੰਬੜੀ ਹੋਈ ਸੀ। ਕਈ ਮਹੀਨੇ ਅਸੀਂ ਉਸ ਬਾਬੇ ਦੀਆਂ ਚੌਕੀਆਂ ਭਰਦੇ ਰਹੇ, ਉਸ ਦੇ ਦੱਸੇ ਟੂਣੇ-ਟਾਮਣ ਵੀ ਕਰਦੇ ਰਹੇ। ਬਾਬੇ ਨੇ ਜੋ ਭੇਟਾ ਮੰਗੀ, ਅਸੀਂ ਉਹ ਵੀ ਦਿੰਦੇ ਰਹੇ ਪਰ ਸਾਡੇ ਲੜਕੇ ਨੂੰ ਉਸ ਦੇ ਇਲਾਜ ਤੋਂ ਭੋਰਾ ਆਰਾਮ ਨੀਂ ਆਇਆ। ਇਸੇ ਰਾਹ ਤੁਰਦਿਆਂ ਫਿਰ ਅਸੀਂ ਵਡਭਾਗ ਸਿੰਘ ਦੇ ਡੇਰੇ ਤੇ ਜਾ ਸ਼ਰਨ ਲਈ। ਲੜਕੇ ਨੂੰ ਡੇਰੇ ਚ ਵਹਿੰਦੀ ਧਾਰ ਹੇਠ ਵੀ ਨਹਾ ਕੇ ਲਿਆਏ ਪਰ ਲੜਕੇ ਦੀ ਹਾਲਤ ਨਹੀਂ ਸੁਧਰੀ। ਘਰ ਆ ਕੇ ਥੋੜੇ ਦਿਨਾਂ ਬਾਅਦ ਅਖੰਡ ਪਾਠ ਵੀ ਕਰਵਾਇਆ। ਉਸਨੇ ਦੱਸਿਆ ਕਿ ਲੜਕੇ ਦੇ ਇਸ ਇਲਾਜ ਲਈ ਕਿ ਇੱਕ ਲੱਖ ਤੋਂ ਉੱਪਰ ਖਰਚ ਕਰ ਚੁੱਕੇ ਹਨ। ਉਹਨਾਂ ਆਪਣੇ ਵੱਲੋਂ ਇਲਾਜ ਕਰਵਾਉਣ ਦੀ ਕੋਈ ਕਸਰ ਨਹੀਂ ਸੀ ਛੱਡੀ।

ਮਾਪਿਆਂ ਤੋਂ ਸਾਰੀ ਕਹਾਣੀ ਸੁਣਨ ਉਪਰੰਤ ਅਸੀਂ ਪੀੜਿਤ ਲੜਕੇ ਨੂੰ ਆਪਣੇ ਪਾਸ ਬੁਲਾਇਆ। ਉਹ ਪੀਹੜੀ ਸਮੇਤ ਲੜਕੇ ਨੂੰ ਚੁੱਕ ਕੇ ਕਮਰੇ ਵਿੱਚ ਲੈ ਆਏ। ਜੰਟਾ ਸਿੰਘ ਨੇ ਅਖੌਤੀ ਬਾਬੇ ਦੇ ਨਾਰੀਅਲ ਦੇ ਟ੍ਰਿਕ ਵਾਂਗ ਸਾਰੇ ਪਰਿਵਾਰ ਦੇ ਸਾਹਮਣੇ ਧੋਤਾ ਗਲਾਸ ਗਰਮ ਕਰਨ ਦਾ ਟ੍ਰਿਕ ਵਿਖਾਇਆ। ਅਸੀਂ ਲੜਕੇ ਦੇ ਮਨ ਦੀ ਬੁੱਝਣ ਲਈ ਬਾਕੀਆਂ ਨੂੰ ਬਾਹਰ ਭੇਜ ਦਿੱਤਾ। ਵੇਖਣ ਤੋਂ ਲੜਕਾ ਨਿਰਾਸ਼ ਨਜ਼ਰ ਆ ਰਿਹਾ ਸੀ। ਅਸੀਂ ਜਦ ਗੱਲ ਹੀ ਕ੍ਰਿਕਟ ਤੋਂ ਸ਼ੁਰੂ ਕੀਤੀ ਤਾਂ ਉਹ ਥੋੜਾ ਆਰਾਮ ਦੀ ਅਵਸਥਾ ਚ ਸਾਡੀ ਗੱਲ ਸੁਣਨ ਲੱਗਾ। ਬਿਨਾ ਸ਼ੱਕ ਉਹ ਕ੍ਰਿਕਟ ਦਾ ਸ਼ੌਕੀਨ ਤਾਂ ਸੀ ਹੀ ਪਰ ਪੜਾਈ ਤੇ ਘਰ ਦੇ ਕੰਮਾਂ ਪ੍ਰਤੀ ਲਾਪਰਵਾਹ ਵੀ ਸੀ। ਉਹ ਕ੍ਰਿਕਟ ਦੇ ਚਾਅ ਚ ਆਪਣੀ ਪੜ੍ਹਾਈ ਨੂੰ ਭੁੱਲ ਗਿਆ ਸੀ। ਮਾਪੇ ਉਸਨੂੰ ਪੜ੍ਹਾ-ਲਿਖਾ ਕੇ ਕੁਝ ਬਣਿਆ ਵੇਖਣਾ ਚਾਹੁੰਦੇ ਸਨ ਪਰ ਉਸਤੇ ਕ੍ਰਿਕਟ ਦਾ ਭੂਤ ਸਵਾਰ ਸੀ। ਆਪਣੀ ਇਸ ਗਲਤੀ ਦਾ ਅਹਿਸਾਸ ਉਸਨੂੰ ਆਪਣੇ ਇਲਾਜ ਦੀ ਭਟਕਣਾ ਦੌਰਾਨ ਹੋ ਚੁੱਕਾ ਸੀ। ਉਸਦੀ ਪੜ੍ਹਾਈ ਛੁੱਟ ਗਈ ਸੀ ਤੇ ਸਿਹਤ ਅਤੇ ਘਰ ਦਾ ਨੁਕਸਾਨ ਵੀ ਹੋਇਆ ਸੀ। ਹੁਣ ਉਸ ਦੇ ਮਨ ਚ ਬਾਬਿਆਂ ਦੁਆਰਾ ਭਰਿਆ ਡਰ ਤੇ ਭਵਿੱਖ ਦੀ ਚਿੰਤਾ ਘਰ ਕਰ ਗਈ ਸੀ। ਸਾਡੇ ਸਮਝਾਉਣ ਤੇ ਉਹ ਸਾਨੂੰ ਸਹਿਯੋਗ ਦੇਣ ਲੱਗ ਪਿਆ। ਅਸੀਂ ਉਸਨੂੰ ਬਿਲਕੁਲ ਠੀਕ ਕਰਨ ਦਾ ਭਰੋਸਾ ਦਿੱਤਾ ਤਾਂ ਉਸਨੇ ਸੰਮੋਹਨ ਨੀਂਦ ਲਈ ਮੰਜੇ ਤੇ ਪੈਣਾ ਸਹਿਜੇ ਹੀ ਸਵੀਕਾਰ ਕਰ ਲਿਆ ਜਦਕਿ ਪਹਿਲਾਂ ਉਹ ਕਦੇ ਮੰਜੇ ਤੇ ਨਹੀਂ ਸੀ ਪੈਂਦਾ। ਜੇ ਘਰਦੇ ਉਸਨੂੰ ਮੰਜੇ ਤੇ ਪਾਉਂਦੇ ਸਨ ਤਾਂ ਉਹ ਚੀਕਾਂ ਮਾਰਨ ਲੱਗ ਜਾਂਦਾ ਸੀ। ਉਹ ਬਹੁਤ ਆਸਾਨੀ ਨਾਲ ਸੰਮੋਹਣ ਨੀਂਦ ਵਿਚ ਚਲਾ ਗਿਆ।

ਉਸਾਰੂ ਸੁਝਾਵਾਂ ਨਾਲ ਮੈਂ ਉਸਦੇ ਅਚੇਤ ਮਨ ਚੋਂ ਸਾਰੇ ਭਰਮ ਦੂਰ ਕਰ ਦਿੱਤੇ। ਜਦ ਉਸਨੂੰ ਨੀਂਦ ਚੋਂ ਉਠਾਇਆ ਤਾਂ ਉਸਦੇ ਚਿਹਰੇ ਤੇ ਨਿਰਾਸ਼ਾ ਦੀ ਬਜਾਏ ਖੁਸ਼ੀ ਦੀ ਝਲਕ ਸੀ। ਅਸੀਂ ਉਸਦੇ ਮਾਂ-ਬਾਪ ਨੂੰ ਬੁਲਾ ਕੇ ਲੋੜੀਂਦੇ ਸੁਝਾਅ ਦਿੱਤਾ। ਪਹਿਲਾਂ ਨਿਰਾਸ਼ ਤੇ ਹਤਾਸ਼ ਲੜਕਾ ਹੁਣ ਆਪਣੇ ਮਾਪਿਆਂ ਨਾਲ ਗੱਲਾਂ ਕਰਨ ਲੱਗਾ ਸੀ। ਅਸੀਂ ਵਾਪਸ ਪਰਤ ਆਏ ਸਾਂ, ਅੱਜ ਕੱਲ੍ਹ ਉਹ ਲੜਕਾ ਆਪਣੀ ਦੁਕਾਨ ਤੇ ਕੰਮ ਕਰਦਾ ਹੈ, ਆਪਣੇ ਮਾਤਾ-ਪਿਤਾ ਤੇ ਆਪਣੇ ਬੱਚਿਆਂ ਸਮੇਤ ਚੰਗਾ ਜੀਵਨ ਬਸਰ ਕਰ ਰਿਹਾ ਹੈ। 98141-24023

ਬਾਲ ਕੋਨਾ



ਵਿਗਿਆਨਕ ਬੁਝਾਰਤਾਂ

1) ਫ਼ਸਲਾਂ ਦੇ ਨਾਲ ਉੱਗਦੇ ਪੌਦੇ
ਪਹੁੰਚਾਉਂਦੇ ਉਨ੍ਹਾਂ ਨੂੰ ਨੁਕਸਾਨ
ਭੋਜਨ, ਪਾਣੀ ਤੇ ਸੂਰਜੀ ਰੋਸ਼ਨੀ
ਕੌਣ ਫ਼ਸਲਾਂ ਦੇ ਹਿੱਸੇ ਦੀ ਖਾਣ

***

2) ਉਹ ਹੈ ਦੱਸੋ ਕਿਹੜਾ ਕੀੜਾ
ਸ਼ਹਿਤੂਤ ਦੇ ਪੱਤੇ ਖਾਵੇ
ਕੱਪੜੇ ਬਣਾਉਣ ਲਈ ਜੋ
ਕੀਮਤੀ ਰੇਸ਼ਾ ਬਣਾਵੇ

***

3) ਤਿੰਨ ਅਵਸਥਾਵਾਂ 'ਚ ਹੁੰਦੀ
ਥਾਂ ਘੇਰਦੀ ਹੁੰਦਾ ਭਾਰ
ਦੱਸੋ ਉਸਨੂੰ ਕੀ ਨੇ ਕਹਿੰਦੇ
ਬੱਚਿਓ ਕਰੋ ਸੋਚ ਵਿਚਾਰ

***

4) ਬਹੁਤ ਘੱਟ ਹੁੰਦੀ ਖਿੱਚ
ਉਸਦੀ ਆਪਣੇ ਕਣਾਂ ਵਿਚਕਾਰ
ਪਦਾਰਥ ਦੀ ਉਹ ਕਿਹੜੀ ਅਵਸਥਾ
ਬਦਲਦਾ ਰਹਿੰਦਾ ਆਇਤਨ ਆਕਾਰ

***

5) ਸੂਰਜ ਅਤੇ ਧਰਤੀ ਵਿਚਾਲੇ
ਜਦੋਂ ਚੰਦ ਆ ਜਾਵੇ
ਦੱਸੋ ਬੱਚਿਓ
ਉਹ ਕਿਹੜਾ ਗ੍ਰਹਿ ਕਹਾਵੇ

ਕੁਲਵਿੰਦਰ ਕੌਸ਼ਲ
94176-36255

ਪਿਛਲੀਆਂ ਬੁਝਾਰਤਾਂ ਦੇ ਉੱਤਰ

1 ਮੇਰੀ ਕਿਊਰੀ	2 ਜੋਸੇਫ਼ ਨਿਪਸੇ
3 ਦੋ ਪੋਲ (ਨੋਰਥ ਪੋਲ) ਸਾਊਥ ਪੋਲ	
4 ਨਿਊਟਨ	5 ਪਕਾਸ਼ ਸੰਸਲੇਸ਼ਣ

ਲਗਨ ਅਤੇ ਇਰਾਦੇ

ਅਲਬਰਟ ਆਈਨਸਟਾਈਨ ਅਕਸਰ ਕਿਹਾ ਕਰਦੇ ਸਨ ਕਿ ਮੈਂ ਅੱਜ ਜੋ ਵੀ ਤੁਹਾਡੇ ਸਾਹਮਣੇ ਹਾਂ ਆਪਣੇ ਕੰਮ ਪ੍ਰਤੀ ਲਗਨ ਅਤੇ ਦ੍ਰਿੜ ਇਰਾਦੇ ਸਦਕੇ ਹਾਂ। ਤੁਸੀਂ ਵੀ ਆਪਣੀ ਸੱਚੀ ਲਗਨ ਤੇ ਪੱਕੇ ਇਰਾਦੇ ਨਾਲ ਮਿਹਨਤ ਕਰੋ, ਜਰੂਰ ਸਫ਼ਲ ਹੋਵੋਗੇ।

ਬਾਲ ਕਲਮ ਤੋਂ

ਧੀ ਦੀ ਪੁਕਾਰ

ਮਾਂ ਮੈਂ ਤੇਰੀ ਕੁੱਖ ਦਾ ਟੁਕੜਾ,
ਰੋਂਦੀ ਕਿਓਂ ਦੇਖਕੇ ਮੇਰਾ ਮੁਖੜਾ।
ਪੜ੍ਹ-ਲਿਖ ਮੈਂ ਮਹਾਨ ਬਣਾਂਗੀ,
ਆਪਣੇ ਘਰ ਦੀ ਸ਼ਾਨ ਬਣਾਂਗੀ।
ਬੇਟੇ ਨਾਲ ਜੇ ਬਹੁਤਾ ਪਿਆਰ,
ਤਾਂ ਮੈਂ ਵੀ ਤੇਰੇ ਗਲ ਦਾ ਹਾਰ।
ਬੇਟਾ ਹੈ ਤੇਰੇ ਘਰ ਦਾ ਮਾਣ,
ਮੈਂ ਵੀ ਦੋ-ਦੋ ਘਰਾਂ ਦੀ ਸ਼ਾਨ।
ਕੁਝ ਵੀ ਧਰ ਦੇ ਨਾਮ ਤੂੰ ਮੇਰਾ,
ਪੱਥਰ, ਪਰੀ ਗੁੱਸਾ ਨਹੀਂ ਤੇਰਾ।
ਧਰਤੀ ਤੇ ਨਹੀਂ ਬੋਝ ਹਾਂ ਮਾਂ,
ਮੈਨੂੰ ਤਾਂ ਪਿਆਰੀ ਤੇਰੀ ਠੰਡੀ ਛਾਂ।
ਮੈਨੂੰ ਦੇ ਦੇ ਜਿਉਣ ਦੀ ਵਾਰੀ,
ਮਾਂ ਮੈਨੂੰ ਨਾਂ ਤੂੰ ਐਵੇਂ ਮਾਰੀਂ।



ਰਜਨੀ ਰਾਣੀ
ਕਲਾਸ ਨੌਵੀ, ਸਰਕਾਰੀ ਹਾਈ ਸਕੂਲ,
ਖਨੌਰੀ ਰੋਡ, ਪਟਿਆਲਾ

ਪਾਇਥਾਗੋਰਸ ਦਾ ਗਣਿਤ

ਪਾਇਥਾਗੋਰਸ ਇੱਕ ਦਿਨ ਲੁਹਾਰ ਦੀ ਦੁਕਾਨ ਕੋਲੋਂ ਲੰਘ ਰਿਹਾ ਸੀ। ਲੁਹਾਰ ਲੋਹਾ ਕੁੱਟ ਰਿਹਾ ਸੀ। ਲੋਹੇ ਦੀ ਕਟਾਈ ਕਾਰਨ ਪੈਦਾ ਹੋਈਆਂ ਆਵਾਜ਼ਾਂ 'ਚੋਂ ਉਸਨੂੰ ਸੰਗੀਤ ਮਈ ਆਵਾਜ਼ਾਂ ਮਹਿਸੂਸ ਹੋਈਆਂ। ਉਹ ਲੁਹਾਰ ਕੋਲ ਗਿਆ ਤੇ ਉਸਦੇ ਸੰਦਾਂ ਨੂੰ ਗਹੁ ਨਾਲ ਵੇਖਿਆ। ਇਸ ਲੈਅ ਤਾਲ ਸੰਗੀਤ ਵਿੱਚ ਕਿਤੇ ਨਾ ਕਿਤੇ ਗਣਿਤ ਜਰੂਰ ਕੰਮ ਕਰਦਾ ਹੈ, ਉਸਨੇ ਸੋਚਿਆ। ਇਸ ਠੱਕ ਠੱਕ 'ਚੋਂ ਪੈਦਾ ਹੁੰਦਾ ਸੰਗੀਤ ਅਹਿਰਣ ਦੀ ਕਰਾਮਾਤ ਹੈ। ਜਿਸਦੀ ਬਣਤਰ ਇੱਕ ਖਾਸ ਅਨੁਪਾਤ ਵਿੱਚ ਹੈ। ਜੇਕਰ ਅਵਾਜ਼ ਪੈਦਾ ਕਰ ਰਹੀਆਂ ਵਸਤਾਂ ਦੀ ਅਨੁਪਾਤ ਸਹੀ ਨਾ ਹੋਵੇ ਤਾਂ ਸ਼ੋਰ ਪੈਦਾ ਹੁੰਦਾ ਹੈ। ਇਕੋ ਮੋਟਾਈ ਦੀਆਂ ਇੱਕ ਨਿਸ਼ਚਿਤ ਅਨੁਪਾਤ ਦੀਆਂ ਤਾਰਾਂ ਨੂੰ ਇੱਕੋ ਜਿਹਾ ਕਸਣ ਨਾਲ ਖੂਬਸੂਰਤ ਸੰਗੀਤ ਪੈਦਾ ਹੁੰਦਾ ਹੈ।

ਆਓ ਜਾਦੂ ਸਿੱਖੀਏ

ਨਿੰਬੂ ਵਿੱਚੋਂ ਲਹੂ ਕੱਢਣਾ

ਲੋੜੀਂਦੀ ਸਮੱਗਰੀ : ਇੱਕ ਚਾਕੂ, ਇੱਕ ਨਿੰਬੂ, ਇੱਕ ਸਰਿੰਜ, ਫੈਰਿਕ ਕਲੋਰਾਇਡ, ਸੋਡੀਅਮ ਸਲਫੋਸਾਈਨਾਈਡ, ਇੱਕ ਰੁਮਾਲ

ਤਿਆਰੀ : 1. ਪੇਸ਼ਕਾਰੀ ਤੋਂ ਪਹਿਲਾਂ, ਫੈਰਿਕ ਕਲੋਰਾਇਡ ਦੀ ਇੱਕ ਸਰਿੰਜ ਭਰ ਕੇ ਨਿੰਬੂ ਵਿੱਚ ਟੀਕਾ ਲਗਾਓ।

2. ਰੁਮਾਲ ਦੀ ਮੱਦਦ ਨਾਲ ਚਾਕੂ ਤੇ ਸੋਡੀਅਮ ਸਲਫੋਸਾਈਨਾਈਡ ਲਗਾਓ।

ਪੇਸ਼ਕਾਰੀ : 1. ਦਰਸ਼ਕਾਂ ਨੂੰ ਨਿੰਬੂ ਅਤੇ ਚਾਕੂ ਵਿਖਾਓ।

2. ਨਿੰਬੂ ਨੂੰ ਚਾਕੂ ਦੀ ਮੱਦਦ ਨਾਲ ਆਰਾਮ ਨਾਲ ਕੱਟੋ। ਤੁਸੀਂ ਵੇਖੋਗੇ ਕਿ ਨਿੰਬੂ ਵਿੱਚੋਂ 'ਗਾੜਾ ਲਾਲ ਖੂਨ' (ਜੋ ਕਿ ਅਸਲ ਵਿੱਚ ਖੂਨ ਨਹੀਂ) ਨਿਕਲੇਗਾ।

ਵਿਆਖਿਆ : ਇਹ ਫੈਰਿਕ ਕਲੋਰਾਇਡ ਅਤੇ ਸੋਡੀਅਮ ਸਲਫੋਸਾਈਨਾਈਡ ਵਿਚਕਾਰ ਹੋਈ ਸਾਧਾਰਨ ਰਸਾਇਣਕ ਕ੍ਰਿਆ ਹੈ ਜੋ ਲਾਲ ਰੰਗ ਪ੍ਰਦਾਨ ਕਰਦੀ ਹੈ ਜਿਸਦਾ ਗਾੜੇ ਖੂਨ ਵਰਗਾ ਪ੍ਰਭਾਵ ਬਣਦਾ ਹੈ।

ਸਾਵਧਾਨੀਆਂ : 1. ਇਹ ਯਕੀਨੀ ਬਣਾਓ ਕਿ ਨਿੰਬੂ ਦੇ ਹਰ ਹਿੱਸੇ ਵਿੱਚ ਫੈਰਿਕ ਕਲੋਰਾਇਡ ਦਾ ਟੀਕਾ ਲਗਾਇਆ ਗਿਆ ਹੈ।

2. ਰਸਾਇਣ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੇ ਜਾਣੇ ਚਾਹੀਦੇ ਹਨ।

3. ਪੇਸ਼ਕਾਰੀ ਤੋਂ ਬਾਅਦ ਸਾਬਣ ਨਾਲ ਚੰਗੀ ਤਰ੍ਹਾਂ ਹੱਥ ਧੋਵੋ।

ਕਿਹੜੇ ਦਿਨ.... ਕੀ

1 ਜੁਲਾਈ: ਸ਼ਹੀਦ ਮਦਨ ਲਾਲ ਢੀਂਗਰਾ ਵੱਲੋਂ ਕਰਜ਼ਨ ਵਾਇਲੀ ਦੀ ਲੰਡਨ ਵਿੱਚ ਗੋਲੀਆਂ ਮਾਰ ਕੇ ਹੱਤਿਆ (1909)

6 ਜੁਲਾਈ: ਲੂਈ ਪਾਸਚਰ ਵੱਲੋਂ ਹਲਕਾਅ ਤੋਂ ਬਚਾਅ ਦੇ ਟੀਕੇ ਦੀ ਖੋਜ (1885)

11 ਜੁਲਾਈ: ਵਿਸ਼ਵ ਜਨਸੰਖਿਆ ਦਿਵਸ

13 ਜੁਲਾਈ: ਸ਼ਹੀਦ ਜਤਿੰਦਰ ਨਾਥ ਦਾਸ ਨੇ ਆਪਣੀ ਇਤਿਹਾਸਕ ਭੁੱਖ ਹੜਤਾਲ ਸ਼ੁਰੂ ਕੀਤੀ (1929)

16 ਜੁਲਾਈ: ਚੰਦ 'ਤੇ ਪਹਿਲੀ ਵਾਰ ਮਨੁੱਖ ਨੂੰ ਲੈ ਕੇ ਜਾਣ ਵਾਲੇ ਰਾਕਟ ਅਪੋਲੋ 11 ਦੀ ਧਰਤੀ ਤੋਂ ਉਡਾਣ (1969)

17 ਜੁਲਾਈ: ਪੰਜਾਬ ਰਿਆਸਤੀ ਪਰਜਾਮੰਡਲ ਦੀ ਸਥਾਪਨਾ (1928)

18 ਜੁਲਾਈ: ਜੀਵ ਸੈੱਲ ਸਿਧਾਂਤ ਦੇ ਖੋਜੀ ਵਿਗਿਆਨੀ ਰਾਬਰਟ ਹੁੱਕ ਦਾ ਜਨਮ (1635)

20 ਜੁਲਾਈ: ਚੰਦ 'ਤੇ ਮਨੁੱਖ ਨੇ ਪਹਿਲੀ ਵਾਰ ਪੈਰ ਧਰੇ (1969)

23 ਜੁਲਾਈ: ਚੰਦਰ ਸ਼ੇਖਰ ਆਜ਼ਾਦ ਦਾ ਜਨਮ (1906)

31 ਜੁਲਾਈ: ਸ਼ਹੀਦ ਊਧਮ ਸਿੰਘ ਨੂੰ ਲੰਡਨ ਵਿੱਚ ਫਾਂਸੀ (1940)

5 ਅਗਸਤ : ਚੰਦ 'ਤੇ ਪਹਿਲਾ ਪੈਰ ਧਰਨ ਵਾਲੇ ਨੀਲ ਆਰਮਸਟਰੌਂਗ ਦਾ ਜਨਮ (1930)

6 ਅਗਸਤ : ਪ੍ਰਮਾਣੂ ਬੰਬ ਵਿਰੋਧੀ ਦਿਵਸ

11 ਅਗਸਤ: ਸ਼ਹੀਦ ਖੁਦੀ ਰਾਮ ਬੋਸ ਨੂੰ ਫਾਂਸੀ (1908)

13 ਅਗਸਤ: ਕਿਊਬਾ ਦੇ ਕ੍ਰਾਂਤੀਕਾਰੀ ਆਗੂ ਫੀਦਲ ਕਾਸਟਰੋ ਦਾ ਜਨਮ (1926)

17 ਅਗਸਤ: ਸ਼ਹੀਦ ਮਦਨ ਲਾਲ ਢੀਂਗਰਾ ਨੂੰ ਲੰਡਨ ਵਿੱਚ ਫਾਂਸੀ (1909)

18 ਅਗਸਤ: ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਹਵਾਈ ਹਾਦਸੇ ਵਿੱਚ ਸੰਭਾਵੀ ਮੌਤ (1945)

23 ਅਗਸਤ: ਪਥਰਾਟ ਵਿਗਿਆਨੀ ਜਾਰਜ ਕੂਵੀਅਰ ਦਾ ਜਨਮ (1769)

29 ਅਗਸਤ: ਕੌਮੀ ਖੇਡ ਦਿਵਸ



ਤਰਕਸ਼ੀਲ ਕੈਂਪਸ ਦੇ ਨਿਰਮਾਣ ਲਈ ਆਰਥਿਕ ਸਹਾਇਤਾ

ਨਵਾਂ ਸ਼ਹਿਰ ਜ਼ੋਨ : ਇਕਾਈ ਔੜ :

ਨਰਿੰਦਰ ਮਾਈ ਦੱਤਾ 500
ਜਸਵੀਰ ਮੋਰੋਂ 500
ਡਾ.ਅਸ਼ੋਕ, ਉੜਾਪੁੜ 500
ਡਾ.ਦਲਵੀਰ ਸਿੰਘ ਮਾਹਿਲ, ਮਾਹਿਲ ਖੁਰਦ 500

ਇਕਾਈ ਬੰਗਾ

ਮਾ.ਕੁਲਵਿੰਦਰ ਖਟਕੜ, ਖਟਕੜ ਕਲਾਂ 500
ਸੰਤੋਸ਼ ਰਾਣੀ, ਖਟਕੜ ਕਲਾਂ 500
ਸ਼ਿੰਗਾਰਾ ਰਾਮ, ਪਿੰਡ ਲੰਗੇਰੀ 500
ਸੁਖਵਿੰਦਰ ਗੋਗਾ, ਬੰਗਾ 1000
ਹਰਜਿੰਦਰ ਸੂੰਨੀ, ਪਿੰਡ ਸੂੰਨੀ 500
ਮਾ.ਜਗਦੀਸ਼, ਰਾਏਪੁਰ ਡੱਬਾ 1000
ਮਾ.ਸ਼ੰਕਰ ਦਾਸ, ਬੰਗਾ 1000
ਬਲਜੀਤ ਖਟਕੜ, ਖਟਕੜ ਕਲਾਂ 200

ਜ਼ੋਨ ਫਾਜ਼ਿਲਕਾ

ਮਾ.ਰਾਮ ਚੰਦਰ ਬਾਜੀਦਪੁਰ ਕੱਟਿਆਂ ਵਾਲੀ 500
ਉਂਕਾਰ ਨਾਥ-ਆਪਣੇ ਬੇਟੇ ਦੀ ਯਾਦ 'ਚ 1000
ਸੁਰਿੰਦਰ ਗੰਜੂਆਣਾ 5000
ਸ੍ਰੀ ਭਗਵਜਨ ਦਾਸ, ਐਸ.ਡੀ.ਓ., ਅਬੋਹਰ 1100
ਪ੍ਰਵੀਨ ਜੰਡਵਾਲਾ 5000
ਲਖਵਿੰਦਰ ਸਰੀਂਹਵਾਲਾ 1000

ਲੁਧਿਆਣਾ ਜ਼ੋਨ : ਇਕਾਈ ਕੋਹਾੜਾ

ਰਾਜਨਰੇਸ਼ ਸਿੰਘ, ਪਿੰਡ ਖੋਖਰਾਂ 2000
ਬਲਵਿੰਦਰ ਸਿੰਘ ਪੁੱਤਰ ਮਰਹੂਮ ਤਰਲੋਕ ਸਿੰਘ,
ਪਿੰਡ ਤੇ ਡਾਕ.ਧਮੋਟ 5000
ਸੁਦਰਸ਼ਨ ਸਿੰਘ, 1740 ਕ8, ਬੈਂਕ ਕਲੋਨੀ
ਹੈਬੋਵਾਲ ਕਲਾਂ, ਲੁਧਿਆਣਾ 1000
ਬਲਵਿੰਦਰ ਸਿੰਘ ਪੁੱਤਰ ਮਰਹੂਮ ਦਰਬਾਰਾ ਸਿੰਘ
ਪਿੰਡ ਤੇ ਡਾਕ.ਘੁਡਾਣੀ ਕਲਾਂ 5000
ਹਰਜੀਤ ਵੈਦ, ਹਰਜੀਤ ਮਾਰਬਲ ਸਟੋਰ
ਰਾੜਾ ਸਾਹਿਬ, ਲੁਧਿਆਣਾ 1000
ਜਸਮੀਰ ਸਿੰਘ, ਗੁਜਰਵਾਲ ਬੇਟ (ਲੁਧਿਆਣਾ) 2100
ਜਤਿੰਦਰ ਮੈਡੀਕੋਜ਼, ਕਟਾਣੀ ਕਲਾਂ,ਲੁਧਿਆਣਾ 1000
ਬਲਬੀਰ ਸਿੰਘ ਪੁੱਤਰ ਅਵਤਾਰ ਸਿੰਘ
ਪਿੰਡ ਕੁੱਬਾ, ਲੁਧਿਆਣਾ 1100
ਹਰਬੰਸ ਸਿੰਘ ਨੰਬਰਦਾਰ, ਪਿੰਡ ਝਾੜ ਸਾਹਿਬ
ਲੁਧਿਆਣਾ 2500
ਦਰਸ਼ਨ ਸਿੰਘ ਬੁਆਲ ਫਿਲਿੰਗ ਸਟੇਸ਼ਨ
ਕਟਾਣੀ ਕਲਾਂ, ਲੁਧਿਆਣਾ 500
ਸੀਤਲ ਸਿੰਘ ਪੁੱਤਰ ਬਲਵਿੰਦਰ ਸਿੰਘ
ਕਟਾਣੀ ਕਲਾਂ, ਲੁਧਿਆਣਾ 1000
ਡਾ.ਗੁਰਮੇਲ ਸਿੰਘ ਕੂਨਰ, ਹੋਮੀਓ ਕਲੀਨਕ
ਨੀਲੋਂ ਪੁਲ, ਲੱਲ ਕਲਾਂ, ਲੁਧਿਆਣਾ 500
ਬਲਵਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ
ਪਿੰਡ ਰਾਮਪੁਰ, ਪੱਤੀ ਆਸਾ, ਲੁਧਿਆਣਾ 1000
ਭਗਵੰਤ ਸਿੰਘ ਸਰਪੰਚ, ਰਕਬਾ (ਲੁਧਿਆਣਾ) 3100
ਬਲਦੀਪ ਸਿੰਘ, ਮਕਾਨ ਨੰ:23, ਨਿਊ ਸ਼ਾਲੀਮਾਰ
ਪਾਰਕ, ਬਲਾਕ-ਬੀ, ਦੁੱਗਰੀ, ਲੁਧਿਆਣਾ 1100

ਅੰਮ੍ਰਿਤਸਰ ਜ਼ੋਨ : ਇਕਾਈ ਗੋਪਾਲਪੁਰ ਮੱਜਵਿੰਡ

ਧੰਜਲ ਮੈਡੀਕਲ ਸਟੋਰ, ਗੋਪਾਲਪੁਰ 1000
ਗੁਰੂ ਨਾਨਕ ਮੈਡੀਕਲ ਸਟੋਰ
ਗੁਰੂ ਰਾਮ ਦਾਸ ਹਸਪਤਾਲ ਅੰਮ੍ਰਿਤਸਰ 5000
ਤਜਿੰਦਰ ਸਿੰਘ ਵੇਰਕਾ ਅੰਮ੍ਰਿਤਸਰ 1000
ਫਤਿਹ ਸਿੰਘ ਪਿੰਡ ਲੁਧੜ, ਅੰਮ੍ਰਿਤਸਰ 200
ਡਾ.ਰਕੇਸ਼ ਪ੍ਰੀਤ, ਸੋਨੂੰ,ਕਾਬਲ, ਮਨਬੀਰ
ਸਤਿੰਦਰ, ਪਿੰਡ ਲੁਧੜ, ਅੰਮ੍ਰਿਤਸਰ 1800
ਸਰਜੀਤ, ਗੋਪੀ ਮਾਨ, ਵਰਿੰਦਰ, ਬੋਬੀ ਸ਼ਰਮਾ,
ਪਿੰਡ ਲੁਧੜ, ਅੰਮ੍ਰਿਤਸਰ 1000
ਸਤਬੀਰ, ਵਰਿਆਮ ਨੰਗਲ, ਅੰਮ੍ਰਿਤਸਰ 1000
ਸੇਂਟ ਸੋਲਜ਼ਰ ਸਕੂਲ, ਚਵਿੰਡਾ ਦੇਵੀ 2000

ਜ਼ੋਨ ਬਠਿੰਡਾ : ਇਕਾਈ ਮੌੜ

ਦਵਿੰਦਰ ਸਿੰਘ ਗ੍ਰੇਡ ਏ ਅਫਸਰ ਆਈ ਓ ਸੀ ਐਲ
ਪੁੱਤਰ ਜਰਨੈਲ ਸਿੰਘ, ਮੌੜ 10000
ਬਲਰਾਜ ਮੌੜ-25 ਸਾਲ ਵਿਆਹੁਤਾ
ਜੀਵਨ ਪੂਰੇ ਹੋਣ 'ਤੇ, ਪਤਨੀ ਗੁਰਮੇਲ ਕੌਰ 5000
ਜਨਕ ਸਿੰਘ ਮੈਨੇਜਰ ਐਸ.ਬੀ.ਓ.ਪੀ.
ਆਪਣੀ ਸੇਵਾ ਮੁਕਤੀ 'ਤੇ 5100
ਭੁਪਿੰਦਰ ਸਿੰਘ ਮੌੜ (ਆਪਣੀ ਸੇਵਾ ਮੁਕਤੀ 'ਤੇ) 5000

ਪਟਿਆਲਾ ਜ਼ੋਨ

ਪਵਨ ਸਪਰਾ, ਪਟਿਆਲਾ 1000
ਸਤੀਸ਼ ਕੁਮਾਰ ਆਲੋਵਾਲ 500
ਡਾ.ਏ.ਕੇ.ਸ਼ਰਮਾ 11500
ਸੁਰਜੀਤ ਸਿੰਘ ਮੈਣ 2000
ਤਰਸੇਮ ਮਿੱਤਲ ਮੈਣ 2000
ਰਾਮ ਗੋਪਾਲ ਸਿੰਗਲਾ ਮੈਣ 2000
ਪ੍ਰੋ.ਪੂਰਨ ਸਿੰਘ 2000
ਲਾਭ ਸਿੰਘ ਪਟਿਆਲਾ 5000
ਭਰਭੂਰ ਸਿੰਘ 2000
ਚਰਨਜੀਤ ਪਟਵਾਰੀ 10000

ਮਾਨਸਾ ਜ਼ੋਨ : ਜੋਗਾ ਇਕਾਈ

ਸੁਖਪਾਲ ਸਿੰਘ ਜੋਗਾ 500
ਗੁਰਸੇਵਕ ਸਿੰਘ ਜੋਗਾ 500

ਮਨਪ੍ਰੀਤ ਸਿੰਘ ਜੋਗਾ	500
ਅੰਮ੍ਰਿਤਪਾਲ ਸਿੰਘ ਜੋਗਾ	500
ਦਰਸ਼ਨ ਸਿੰਘ ਜੋਗਾ	500
ਬਿੱਕਰ ਸਿੰਘ ਸਾਬਕਾ ਸਰਪੰਚ ਜੋਗਾ	500
ਅਜੈਬ ਸਿੰਘ ਜੋਗਾ	500
ਵਿੱਕੀ ਮਾਨ	500
ਕੁਲਦੀਪ ਸਿੰਘ ਪੁੱਤਰ ਬੂਟਾ ਸਿੰਘ, ਜੋਗਾ	500
ਰਾਮ ਸਿੰਘ ਪੁੱਤਰ ਤੋਤਾ ਸਿੰਘ	500
ਦਰਸ਼ਨ ਕੁਮਾਰ ਪੁੱਤਰ ਗੋਬਿੰਦ ਰਾਮ ਅਕਲੀਆ	500
ਮਨਜੀਤ ਸਿੰਘ	500
ਮੱਖਣ ਸਿੰਘ	500
ਰੇਸ਼ਮ ਸਿੰਘ ਪੁੱਤਰ ਚੰਦ ਸਿੰਘ, ਅਕਲੀਆ	100
ਭੁਪਿੰਦਰ ਸਿੰਘ ਪੁੱਤਰ ਬਲਜੀਤ ਸਿੰਘ, ਅਕਲੀਆ	200
ਜਗਸੀਰ ਸਿੰਘ ਪੁੱਤਰ ਪਾਲ ਸਿੰਘ, ਜੋਗਾ	100
ਸਮਸ਼ੇਰ ਸਿੰਘ ਪੁੱਤਰ ਚੰਦ ਸਿੰਘ, ਅਕਲੀਆ	100
ਡਾ.ਬੂਟਾ ਦਾਸ	150
ਦਰਸ਼ਨ ਸਿੰਘ ਜੋਗਾ	50
ਹਰਜਿੰਦਰ ਸਿੰਘ	100
ਮਨ ਅਕਲੀਆ	100
ਜਸਵੰਤ ਸਿੰਘ	100
ਕਾਕਾ ਸਿੰਘ ਮਾਖਾ ਚਹਿਲਾਂ	50
ਡਾ.ਪੱਪੂ ਅਕਲੀਆ	50
ਗੁਰਵਿੰਦਰ ਸਿੰਘ ਅਕਲੀਆ	100
ਬਲਦੇਵ ਸਿੰਘ ਜੋਗਾ	100
ਸੰਦੀਪ ਜੋਗਾ	100
ਜਗਸੀਰ ਜੋਗਾ	100
ਤੇਜ ਕੌਰ ਪਤਨੀ ਸੁਖਦੇਵ ਸਿੰਘ, ਅਕਲੀਆ	500
ਰਾਜੇਸ਼ ਕੁਮਾਰ ਅਕਲੀਆ	1000
ਗੁਪਤ	130

ਬੀਰ ਖੁਰਦ ਇਕਾਈ

ਗੁਰਪਿਆਰ ਸਿੰਘ, ਬੀਰ ਖੁਰਦ	500
ਬੁਧ ਸਿੰਘ, ਬੀਰ ਖੁਰਦ	500
ਸਤਿੰਦਰਪਾਲ ਸਿੰਘ ਪੁੱਤਰ ਮਲਕੀਤ ਸਿੰਘ, ਬੀਰ ਖੁਰਦ	500
ਰਾਜੂ ਸਿੰਘ ਪੁੱਤਰ ਗੁਰਪਿਆਰ ਸਿੰਘ, ਬੀਰ ਖੁਰਦ	500
ਪਿੰਟਾ ਸਿੰਘ ਗਿੱਲ ਪੁੱਤਰ ਕਰਨੈਲ ਸਿੰਘ, ਬੀਰ ਖੁਰਦ	500
ਸੁਖਵਿੰਦਰ ਸਿੰਘ, ਬੀਰ ਖੁਰਦ	500
ਸੁਰਜੀਤ ਸਿੰਘ ਪਿੰਡ ਢੈਪਈ	1000
ਡਾ.ਜੁਗਰਾਜ ਸਿੰਘ, ਖੀਵਾ ਖੁਰਦ	1000
ਨਰੰਜਣ ਸਿੰਘ, ਜੱਸੜ ਢਾਬਾ ਮੇਨ ਰੋਡ ਢੈਪਈ	500
ਗੁਰਪ੍ਰੀਤ ਸਿੰਘ ਪਿੰਡ ਜੱਸੜਵਾਲ	200
ਗੁਰਪ੍ਰੀਤ ਸਿੰਘ ਪੁੱਤਰ ਕੁਲਵੰਤ ਸੰਧੂ, ਹੋਡਲਾ ਕਲਾਂ	300
ਗੁਰਜੋਤ ਸਿੰਘ ਪੁੱਤਰ ਕੁਲਵੰਤ ਸਿੰਘ, ਹੋਡਲਾ ਕਲਾਂ	200
ਬਲਜੀਤ ਸਿੰਘ ਪੁੱਤਰ ਪੱਪੀ ਸਿੰਘ, ਬੀਰ ਖੁਰਦ	100
ਬਲਜਿੰਦਰ ਸਿੰਘ ਪੁੱਤਰ ਭੋਲਾ ਸਿੰਘ, ਮੋਹਰ ਸਿੰਘ ਵਾਲਾ	500
ਏਕਮ ਸਿੰਘ ਪੁੱਤਰ ਬੰਤ ਸਿੰਘ, ਮੋਹਰ ਸਿੰਘ ਵਾਲਾ	100
ਜਗਤਾਰ ਸਿੰਘ ਪੁੱਤਰ ਰਣਧੀਰ ਸਿੰਘ, ਮੋਹਰ ਸਿੰਘ ਵਾਲਾ	200
ਬਲਕਾਰ ਸਿੰਘ ਪੁੱਤਰ ਬਹਾਦਰ ਸਿੰਘ, ਜੱਸੜਵਾਲਾ	500
ਹਰਪ੍ਰੀਤ ਸਿੰਘ ਪੁੱਤਰ ਤਲਵਿੰਦਰ ਸਿੰਘ, ਜੱਸੜਵਾਲਾ	150
ਹੈਡ ਟੀਚਰ ਸ.ਪ੍ਰਾ.ਸ. ਬੀਰ ਖੁਰਦ	400
ਰਿੰਕੂ ਗਰਗ, ਬੀਰ ਖੁਰਦ	100
ਸੁਖਪਾਲ ਸਿੰਘ ਬੀਰ ਅਜੀਤ ਪੱਤਰਕਾਰ, ਬੀਰ ਖੁਰਦ	500

ਦਫਤਰ ਰਾਹੀਂ

ਹਰਿੰਦਰ ਸਿੰਘ ਪੁੱਤਰ ਮੇਵਾ ਸਿੰਘ, ਗਾਜੀਆਣਾ	500
ਮਾਸਟਰ ਮਹਿੰਦਰ ਸਿੰਘ, ਪਿੰਡ ਹੇਰਾਂ	5100
ਬਲਜੀਤ ਸਿੰਘ, ਜੈਮਲ ਸਿੰਘ ਵਾਲਾ	500

ਬਰਨਾਲਾ ਜ਼ੋਨ : ਬਲਵਿੰਦਰ ਬਰਨਾਲਾ ਰਾਹੀਂ

ਸਾਬਕਾ ਲੈਕਚਰਾਰ ਬਲਵੰਤ ਉੱਪਲੀ	10000

ਇਕਾਈ ਸੰਗਰੂਰ

ਸਮੂਹ ਸਟਾਫ, ਸ.ਸ.ਸ.ਸ., ਸਾਰੋਂ	1500
ਲੈਕਚਰਾਰ ਗੁਲਜ਼ਾਰ ਸਿੰਘ, ਅਫਸਰ ਕਲੋਨੀ, ਸੰਗਰੂਰ	500
ਸਮੂਹ ਸਟਾਫ ਰਾਜ ਸ.ਸ.ਸ.ਸ., ਸੰਗਰੂਰ	1100
ਸਮੂਹ ਸਟਾਫ, ਰਾਜ ਸ.ਸ.ਸਕੂਲ, ਨੀਲ ਕੋਠੀ	1100
ਰਾਜਵੰਤ ਸਿੰਘ, ਦੁੱਗਾਂ	300
ਸਮੂਹ ਸਟਾਫ, ਸ.ਪ੍ਰਾ.ਸ., ਦੁੱਗਾਂ	1000
ਸਮੂਹ ਸਟਾਫ, ਸ.ਸ.ਸ.ਸਕੂਲ, ਦੁੱਗਾਂ	1350
ਪ੍ਰਿੰਸੀਪਲ ਨਰੇਸ਼ ਕੁਮਾਰ, ਸ.ਸ.ਸ.ਸ., ਬਡਰੁੱਖਾਂ	500
ਸਮੂਹ ਸਟਾਫ, ਸ.ਸ.ਸ.ਸ., ਬਡਰੁੱਖਾਂ	2100
ਤੇਜਾ ਸਿੰਘ, ਅਫਸਰ ਕਲੋਨੀ, ਸੰਗਰੂਰ	500
ਪ੍ਰਿੰ: ਬਲਵੀਰ ਸਿੰਘ ਗੁਰੂ ਨਾਨਕ ਕਲੋਨੀ, ਸੰਗਰੂਰ	500
ਜਗਮੇਲ ਸਿੰਘ, ਗੁਰੂ ਨਾਨਕ ਨਗਰ, ਚੂੜਲ	500

ਜਮਹੂਰੀ ਅਧਿਕਾਰ ਸਭਾ ਪੰਜਾਬ

ਜ਼ਿਲਾ ਇਕਾਈ ਬਰਨਾਲਾ	**10000**

ਇਕਾਈ ਲੱਖੇਵਾਲੀ

ਬਲਦੇਵ ਸਿੰਘ, ਲੱਧੂ ਵਾਲਾ	5000
ਹਰੀ ਸਿੰਘ ਸੇਵਾ ਮੁਕਤ ਮੈਥ ਮਾਸਟਰ, ਪੱਤੀ ਸ਼ੇਖਵਾਂ	1000
ਲੋਕ ਕਲਾ ਮੰਚ, ਮੰਡੀ ਮੁੱਲਾਂ ਪੁਰ	500
ਬੀਰ ਸਿੰਘ ਨਿਰਵੈਰ, ਮੰਡੀ ਕਲਾਂ	3100
ਗੁਰਦੀਪ ਕੌਰ, ਮੰਡੀ ਕਲਾਂ (ਪੋਤੇ ਦੇ ਜਨਮ ਦਿਨ ’ਤੇ)	500
ਗੁਰਮੇਲ ਕੌਰ (ਪੋਤੇ ਦੇ ਜਨਮ ਦਿਨ ’ਤੇ)	500
ਗੁਰਮੇਲ ਸਿੰਘ, ਜਗਦੀਪ ਕੌਰ ਵੱਲੋਂ ਪੋਤੇ ਦੇ ਜਨਮ ਦੀ ਖੁਸ਼ੀ ’ਚ	500

ਇਕਾਈ ਮੁਹਾਲੀ (ਜ਼ੋਨ ਚੰਡੀਗੜ੍ਹ)

ਮਾ. ਜੋਗਿੰਦਰ ਸਿੰਘ, ਸੈਕਟਰ 56, ਚੰਡੀਗੜ੍ਹ	1000

ਮੁੱਖ ਅਧਿਆਪਕ ਅਤੇ ਸਟਾਫ਼ (ਸਰਕਾਰੀ ਹਾਈ ਸਕੂਲ ਦਾਊਂ) 1000
ਬਲਵਿੰਦਰ ਸਿੰਘ (ਅਮਨ) ਪਿੰਡ ਸੈਂਪਲੀ (ਮੋਹਾਲੀ) 1000
ਤਰਵਿੰਦਰ ਸਿੰਘ, ਹਾਊਸ ਨੰ. 525, ਫੇਜ਼ 3-ਬੀ-1, ਮੋਹਾਲੀ 1000
ਮੈਡਮ ਕੁਲਵਿੰਦਰ ਕੌਰ, ਸੈਕਟਰ 68, ਮੋਹਾਲੀ 1000
ਰਾਮ ਕੁਮਾਰ ਭਬਾਤ 1000
ਦਿਲਬਾਗ ਸਿੰਘ ਭਾਗੋਮਾਜਰਾ 1000
ਮਾਸਟਰ ਬਲਵਿੰਦਰ ਸਿੰਘ #769, ਸੈਕਟਰ 69 2000
ਦੀਦਾਰ ਸਿੰਘ ਆਸਟ੍ਰੇਲੀਆ 1000
ਮਾਸਟਰ ਲਾਭ ਸਿੰਘ, ਮੁੰਡੀ ਖਰੜ 1000
ਰਣਜੀਤ ਸਿੰਘ ਵਾਸੀ ਇਟਲੀ 5000
ਜਗੀਰ ਸਿੰਘ #2783, ਫੇਜ਼-7, ਮੋਹਾਲੀ 1000
ਗੁਰਜੀਤ ਸਿੰਘ ਸੰਘਾ, ਇੰਗਲੈਂਡ 4000
ਸੁਖਵਿੰਦਰ ਕੌਰ #379, ਫੇਜ਼-4, ਮੋਹਾਲੀ 1000
ਮੁੱਖ ਅਧਿਆਪਕਾ ਹਾਈ ਸਕੂਲ, ਬਲੌਂਗੀ 1000
ਮਾ. ਭਾਗ ਸਿੰਘ ਸੋਮਲ, ਹਿੰਮਤਪੁਰਾ 1000
ਰਵਿੰਦਰ ਸਿੰਘ ਕੰਸਾਲਾ 1000
ਗੁਰਮੀਤ ਸਿੰਘ ਸੈਂਪਲੀ, ਕੈਨੇਡਾ 1000
ਤੇਜਿੰਦਰਪਾਲ ਪਾਰਸ ਪਨੋਰਮਾ, ਮੁੰਡੀ ਖਰੜ 2000
ਜਸਪ੍ਰੀਤ ਕੌਰ ਧਾਮੀ, ਸੈਕਟਰ 68 1000
ਜੈਮਲ ਸਿੰਘ ਸੈਂਪਲੀ 1000
ਮਾ. ਸ਼ੀਤਲ ਸਿੰਘ, ਸੈਕਟਰ 66 1000
ਐਚ.ਐਸ. ਦੀਵਾਨਾ ਐਡਵੋਕੇਟ, ਫੇਜ਼-9, ਮੋਹਾਲੀ 2000
ਪ੍ਰਦੀਪ ਸਿੰਘ ਫ਼ੌਜੀ, ਪਿੰਡ ਹੁਸ਼ਿਆਰਪੁਰ 1000
ਰਣਧੀਰ ਸਿੰਘ #590 ਮੁੰਡੀ ਖਰੜ 2000
ਸੁਖਵਿੰਦਰ ਕੌਰ #425 ਫੇਜ਼-2, ਮੋਹਾਲੀ 1000
ਗੁਰਨਾਮ ਸਿੰਘ ਸੰਦਲ, ਸੈਕਟਰ 66 1000
ਕੁਲਦੀਪ ਚੰਦ ਵਰਮਾ, ਸੈਕਟਰ 66 2000
ਕਰਮ ਸਿੰਘ ਧਨੋਆ #4747 ਸੈਕਟਰ-70 ਮੋਹਾਲੀ 5000
ਜਰਨੈਲ ਕ੍ਰਾਂਤੀ, ਮੈਂਬਰ ਇਕਾਈ ਮੋਹਾਲੀ 5000

ਰਾਹੀਂ :- ਜਰਨੈਲ ਕ੍ਰਾਂਤੀ (ਵਿੱਤ ਮੁਖੀ)

ਇਕਾਈ ਬਠਿੰਡਾ

ਵਿਜੈ ਭੱਟ, ਪ੍ਰਧਾਨ ਯੂਨਾਈਟਿਡ ਵੈਲਫੇਅਰ ਸੁਸਾਇਟੀ, ਬਠਿੰਡਾ (ਬੇਟੇ ਰਾਹੁਲ ਦੇ ਜਨਮ ਦਿਨ 'ਤੇ) 1100
ਵਿਪਨ ਕੁਮਾਰ ਹਿਤਾਸ਼ੀ ਇੰਸੋਰੈਂਸ ਸਰਵਿਸਜ਼, ਬਠਿੰਡਾ (ਬੇਟੀ ਹਿਤਾਸ਼ੀ ਬਾਂਸਲ ਦੇ ਜਨਮ ਦਿਨ 'ਤੇ) 500
ਬਲਦੇਵ ਸਿੰਘ, ਸਾਬਕਾ ਪਟਵਾਰੀ, ਪਿੰਡ ਚੁਘੇ ਖੁਰਦ 500
ਵਿਜੈ ਸ਼ਰਮਾਂ ਜ਼ੋਨਲ ਦਫ਼ਤਰ SBOP ਬਠਿੰਡਾ 1000
ਬਲੌਰ ਸਿੰਘ ਪੱਪੀ, ਪਿੰਡ ਕਾਲ ਝਰਾਣੀ (ਬੇਟੇ ਗਗਨ ਦੇ ਵਿਆਹ ਦੀ ਖੁਸ਼ੀ ਵਿੱਚ) 1000
ਕੇਵਲ ਕ੍ਰਿਸ਼ਨ ਜੀਦਾ, ਨਾਰਥ ਅਸਟੇਟ, ਬਠਿੰਡਾ 10000
ਹਰਮੇਲ ਸਿੰਘ, ਅਜੰਤਾ ਟੇਲਰਜ਼, ਬਠਿੰਡਾ 1000
ਦਰਸ਼ਨ ਸਿੰਘ, ਚੰਡੀਗੜ੍ਹ ਟੇਲਰਜ਼, ਬਠਿੰਡਾ 1000
ਕੇਵਲ ਆਰਟਸ ਬਠਿੰਡਾ (ਦੇਸ ਰਾਜ ਗਹਿਲਾਂ ਦੀ ਯਾਦ ਵਿੱਚ 22ਵੀਂ ਬਰਸੀ ਤੇ) 500

ਰਾਹੀਂ :- ਗਿਆਨ ਸਿੰਘ (ਵਿੱਤ ਮੁਖੀ)

ਇਕਾਈ ਸਰਹਿੰਦ

ਜਗਜੀਤ ਸਿੰਘ, ਪੰਜੌਲੀ 500
ਮਾਸਟਰ ਨਛੱਤਰ ਸਿੰਘ, ਸਰਹਿੰਦ 1000
ਇੰਦਰਜੀਤ ਸਿੰਘ, ਸਰਹਿੰਦ 500
ਐਡਵੋਕੇਟ ਸੁਰਜੀਤ ਸਿੰਘ, ਸਰਹਿੰਦ 500
ਡਾ. ਹਰਪ੍ਰੀਤ ਸਿੰਘ, ਸਰਹਿੰਦ 500
ਡਾ. ਭਗਵਾਨ ਦਾਸ, ਸਰਹਿੰਦ 200
ਕੰਗ ਆਰਟਸ, ਸਰਹਿੰਦ 200
ਮਾਸਟਰ ਹਰਜਤਿੰਦਰ ਸਿੰਘ, ਸਰਹਿੰਦ 2000

ਰਾਹੀਂ :- ਬਲਦੇਵ ਜਲਾਲ

ਇਕਾਈ ਸਾਹਕੋਟ

ਜਸਵੀਰ ਕਾਹਲਵਾਂ, ਰੇਲ ਕੋਚ ਫੈਕਟਰੀ ਕਪੂਰਥਲਾ 10000
ਡਾ. ਰੇਸ਼ਮ ਰੂਪੇਵਾਲ, ਪਿੰਡ ਰੂਪੇਵਾਲ, ਤਹਿ. ਸ਼ਾਹਕੋਟ (ਜਲੰਧਰ) 10000
ਡਾ. ਪਰਮਜੀਤ ਸਿੰਘ, ਸਰਕਾਰੀ ਆਲੂ ਬੀਜ ਫਾਰਮ, ਧੋਗੜੀ (ਜਲੰਧਰ) 11000
ਮਾ. ਫਤਹਿਜੀਤ ਸਿੰਘ, 57, ਨਿਊ ਅਰੋੜਾ ਕਲੋਨੀ, ਮਿੱਠਾਪੁਰ (ਜਲੰਧਰ) 1000
ਬਿੱਟੂ ਰੂਪੇਵਾਲੀ, ਪਿੰਡ ਰੂਪੇਵਾਲ, ਤਹਿ. ਸ਼ਾਹਕੋਟ (ਜਲੰਧਰ) 10000

ਇਕਾਈ ਕੁਲਰੀਆਂ

ਅਮਨ ਕੁਲਰੀਆਂ (ਭਰਜਾਈ ਕ੍ਰਿਸ਼ਨਾ ਦੇਵੀ ਦੇ ਸ਼ੋਕ ਸਮਾਗਮ ਤੇ) 1000

ਇਕਾਈ ਲੌਂਗੋਵਾਲ

ਬਲਬੀਰ ਚੰਦ ਲੌਂਗੋਵਾਲ 5000

ਮੈਗਜ਼ੀਨ ਸਹਾਇਤਾ

ਕਮਲੇਸ਼ ਛਾਬੜਾ ਪਤਨੀ ਬਿਹਾਰੀ ਲਾਲ ਛਾਬੜਾ (ਸੰਪਾਦਕ ਵੈਟਰਨਰੀ ਖਬਰਨਾਮਾ, ਜਲੰਧਰ) 500

ਬਰਗਾੜੀ ਕੇਂਦਰ ਨੂੰ

ਮਿਸਟ੍ਰੈਸ ਬਲਵੀਰ ਕੌਰ, ਪਿੰਡ ਬੰਬੀਹਾ ਭਾਈ (ਮੋਗਾ) (ਰਿਟਾਇਰਮੈਂਟ ਮੌਕੇ) 2000

ਧੰਨਵਾਦ : ਤਰਕਸ਼ੀਲ ਸੁਸਾਇਟੀ ਪੰਜਾਬ, ਤਰਕਸ਼ੀਲ ਕੈਂਪਸ ਦੀ ਉਸਾਰੀ ਦੇ ਵਡੇਰੇ ਕਾਰਜ ਲਈ ਆਰਥਿਕ ਸਹਿਯੋਗ ਪਾਉਣ ਵਾਲੇ ਸਾਰੇ ਸਾਥੀਆਂ ਦਾ ਬਹੁਤ-ਬਹੁਤ ਧੰਨਵਾਦ ਕਰਦੀ ਹੈ ਅਤੇ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਲਗਾਤਾਰ ਆਰਥਿਕ ਸਹਿਯੋਗ ਦੀ ਆਸ ਕਰਦੀ ਹੈ।

ਨਿਵੇਕਲੇ ਢੰਗ ਨਾਲ ਹੋਇਆ ਸਰੀਰਪ੍ਰਦਾਨੀਆਂ ਦਾ ਸਤਿਕਾਰ ਸਮਾਗਮ

ਸਰੀਰ ਪ੍ਰਦਾਨੀ ਸੁਖਵਿੰਦਰ ਕੌਰ

ਨੇਤਰਹੀਣਾਂ ਲਈ ਆਪਣੇ ਦੋਵੇਂ ਨੇਤਰ ਪ੍ਰਦਾਨ ਕਰਕੇ ਲੋੜਵੰਦਾਂ ਦੀ ਜ਼ਿੰਦਗੀ ਰੁਸ਼ਨਾਉਣ ਅਤੇ ਮੈਡੀਕਲ ਖੋਜ ਕਾਰਜਾਂ ਤੇ ਮਨੁੱਖਤਾ ਦੀ ਭਲਾਈ ਹਿਤ ਮ੍ਰਿਤਕ ਸ਼ਰੀਰ ਪ੍ਰਦਾਨ ਕਰਨ ਵਾਲੀ ਸਤਿਕਾਰਤ ਸੁਖਵਿੰਦਰ ਕੌਰ (ਪਤਨੀ ਸੂਬਾਈ ਤਰਕਸ਼ੀਲ ਆਗੂ ਭੂਰਾ ਸਿੰਘ ਮਹਿਮਾ ਸਰਜਾ) ਨਮਿਤ ਸਤਿਕਾਰ ਸਮਾਗਮ ਬਿਨ੍ਹਾਂ ਕਿਸੇ ਧਾਰਮਿਕ ਰਸਮਾਂ ਅਤੇ ਕਰਮਕਾਂਡਾਂ ਤੋਂ ਤਰਕਸ਼ੀਲ/ ਵਿਗਿਆਨਕ ਢੰਗ ਨਾਲ ਨਵੀਂ ਪਿਰਤ ਪਾਉਂਦਿਆਂ ਉਨ੍ਹਾਂ ਦੇ ਫਾਰਮ ਹਾਊਸ ’ਤੇ ਕੀਤਾ ਗਿਆ। ਇਸ ਸਮਾਗਮ ਵਿਚ ਇਲਾਕੇ ਭਰ ਤੋਂ ਅਗਾਂਹਵਧੂ ਸੋਚ ਰੱਖਣ ਵਾਲੇ ਲੋਕਾਂ, ਪਿੰਡ ਨਿਵਾਸੀਆਂ, ਰਿਸ਼ਤੇਦਾਰਾਂ ਤੋਂ ਇਲਾਵਾ ਤਰਕਸ਼ੀਲ ਸੁਸਾਇਟੀ ਪੰਜਾਬ ਦੀਆਂ ਵੱਖ ਵੱਖ ਇਕਾਈਆਂ ਤੋਂ ਸੈਂਕੜੇ ਆਗੂਆਂ/ਮੈਂਬਰਾਂ ਨੇ ਸ਼ਿਰਕਤ ਕੀਤੀ। ਨੇਤਰਪ੍ਰਦਾਨੀ/ਸਰੀਰਪ੍ਰਦਾਨੀ ਸੁਖਵਿੰਦਰ ਕੌਰ ਨੂੰ ਵੱਖ ਸੰਸਥਾਵਾਂ, ਜਥੇਬੰਦੀਆਂ ਅਤੇ ਵਿਦਵਾਨ ਬੁਲਾਰਿਆਂ ਨੇ ਸਤਿਕਾਰ ਭੇਂਟ ਕਰਦਿਆਂ ਉਨ੍ਹਾਂ ਦੇ ਪਰਿਵਾਰ ਦੀ ਅਤੇ ਜੀਵਨ ਸਾਥੀ ਭੂਰਾ ਸਿੰਘ ਮਹਿਮਾ ਸਰਜਾ ਦੀ ਤਰਕਸ਼ੀਲ ਅਤੇ ਅਗਾਂਹਵਧੂ, ਸਮਾਜ ਸੁਧਾਰਕ ਸੋਚ ਦੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਮ੍ਰਿਤਕ ਦੇ ਨੇਤਰ ਅਤੇ ਸਮੁੱਚਾ ਸਰੀਰ ਮਨੁੱਖਤਾ ਦੀ ਭਲਾਈ ਅਤੇ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ ਕਰਕੇ ਅਤੇ ਅੱਜ ਵੇਲਾ ਵਿਹਾ ਚੁੱਕੀਆਂ, ਥੋਥੀਆਂ, ਅੰਧਵਿਸ਼ਵਾਸੀ ਧਾਰਮਿਕ ਰਸਮਾਂ ਨੂੰ ਤਿਲਾਂਜਲੀ ਦੇਕੇ ਸਮਾਜ ਲਈ ਨਵੀਂ ਸੇਧ, ਨਵੀਂ ਲੀਹ ਤੇ ਨਵਾਂ ਰਸਤਾ ਵਿਖਾਇਆ ਹੈ।

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਆਗੂ ਬਲਵਿੰਦਰ ਬਰਨਾਲਾ, ਰਾਜਿੰਦਰ ਭਦੌੜ, ਰਾਮ ਸਵਰਨ ਲੱਖੇਵਾਲੀ, ਤਰਕਸ਼ੀਲ ਸੁਸਾਇਟੀ ਹਰਿਆਣਾ ਦੇ ਆਗੂ ਰਾਜਾ ਰਾਮ ਹੰਡਿਆਇਆ ਤੋਂ ਇਲਾਵਾ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਕਹਾਣੀਕਾਰ ਅਤਰਜੀਤ, ਦੇਵ ਸਮਾਜ ਪ੍ਰਚਾਰਕ ਬਲਬਹਾਦਰ ਸਿੰਘ ਹੁਰਾਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਆਖਿਆ ਕਿ ਘਸੀਆਂ ਪਿਟੀਆਂ ਪਿਛਾਖੜੀ ਰਸਮੋ ਰਿਵਾਜਾਂ ਨੂੰ ਛੱਡਕੇ, ਜਹਾਲਤ ਦੇ ਹਨੇਰੇ ਵਿਰੁੱਧ ਜੰਗ ਲੜਦਿਆਂ ਵਿਗਿਆਨਕ ਵਿਚਾਰਾਂ ਦੇ ਧਾਰਨੀ ਹੋ ਕੇ ਨਵੀਆਂ ਸੋਚਾਂ, ਨਵੀਆਂ ਲੀਹਾਂ ਸਿਰਜਣ ਦੀ ਲੋੜ ਹੈ। ਆਦੇਸ਼ ਮੈਡੀਕਲ ਕਾਲਜ ਭੁੱਚੋ/ਬਠਿੰਡਾ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਡਾ. ਪ੍ਰਮੋਦ ਗੋਇਲ ਨੇ ਡਾਕਟਰੀ ਸਿੱਖਿਆ ਵਿਚ ਸਰੀਰਪ੍ਰਦਾਨੀਆਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਪਰਿਵਾਰ ਨੂੰ ਸਰੀਰ ਪ੍ਰਦਾਨ ਬਾਰੇ ਸਰਟੀਫਿਕੇਟ ਸੌਂਪਿਆ।

ਇਸ ਸਮਾਗਮ ਵਿੱਚ ਮੈਗਜੀਨ ਤਰਕਸ਼ੀਲ ਦੇ ਸੰਪਾਦਕ ਬਲਬੀਰ ਚੰਦ ਲੌਂਗੋਵਾਲ, ਹੇਮ ਰਾਜ ਸਟੈਨੋ ,ਸੁਖਵਿੰਦਰ ਬਾਗਪੁਰ, ਚੰਨਣ ਵਾਂਦਰ, ਸੁਖਦੇਵ ਫਗਵਾੜਾ,ਬਲਦੇਵ ਸਿੰਘ ਬਠਿੰਡਾ,ਰਾਜਿੰਦਰ ਕੌਰ ਬਰਗਾੜੀ,ਜੰਟਾ ਸਿੰਘ ਰਾਮਪੁਰਾ, ਜਗਸੀਰ ਜੀਦਾ, ਡਾ. ਅਜੀਤਪਾਲ ਤੋਂ ਇਲਾਵਾ ਬੀ.ਕੇ.ਯੂ. ਉਗਰਾਹਾਂ, ਅਤੇ ਡਕੌਂਦਾ ਦੇ ਆਗੂ ਵੀ ਹਾਜ਼ਰ ਸਨ। ਸਮਾਗਮ ਦੌਰਾਨ ਤਰਕਸ਼ੀਲ ਸਾਹਿਤ ਦੀ ਸਟਾਲ ਮਾਸਟਰ ਗਿਆਨ ਸਿੰਘ ਤੇ ਸਾਥੀਆਂ ਨੇ ਲਗਾਈ। ਪੰਡਾਲ ਵਿਚ ਸਰੀਰਪ੍ਰਦਾਨ ਦੀ ਮਹੱਤਤਾ ਸਬੰਧੀ ਬੈਨਰ- ਪ੍ਰਦਰਸ਼ਨੀ ਵੀ ਲੱਗੀ ਹੋਈ ਸੀ। ਸਮਾਗਮ ਦੌਰਾਨ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਜ਼ੋਨ ਪ੍ਰਧਾਨ ਰਣਜੀਤ ਸਿੰਘ ਬਠਿੰਡਾ ਨੇ ਨਿਭਾਈ।

-ਰਾਮ ਸਿੰਘ ਨਿਰਮਾਣ, ਚੁੱਘੇ ਕਲਾਂ

ਸਰੀਰ ਪ੍ਰਦਾਨੀ ਬਾਬੂ ਰਾਮ

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਅੰਮ੍ਰਿਤਸਰ ਇਕਾਈ ਦੇ ਆਗੂ ਡਾ. ਸਮਸ਼ੇਰ ਹੇਰ ਅਤੇ ਵਰਿੰਦਰ ਕੌਰ ਦੇ ਘਰ ਵਿੱਚ ਪਿਛਲੇ 35 ਸਾਲਾਂ ਤੋਂ ਪਰਿਵਾਰਕ ਮੈਂਬਰ ਵਾਂਗ ਰਹਿ ਰਹੇ ਬਾਬੂ ਰਾਮ (64) ਦੀ ਸੰਖੇਪ ਬਿਮਾਰੀ ਉਪਰੰਤ ਮੌਤ ਹੋ ਗਈ ।ਉਸਦੀ ਇੱਛਾ ਮੁਤਾਬਕ ਉਸਦੀ ਮ੍ਰਿਤਕ ਦੇਹ ਗੁਰੂ ਰਾਮਦਾਸ ਮੈਡੀਕਲ ਕਾਲਜ ਵੱਲਾ ਜ਼ਿਲ੍ਹਾ ਅੰਮ੍ਰਿਤਸਰ ਨੂੰ ਵਿਦਿਆਰਥੀਆਂ ਦੇ ਖੋਜ ਕਾਰਜਾਂ ਲਈ ਪ੍ਰਦਾਨ ਕੀਤੀ ਗਈ । ਇਸ ਮੌਕੇ ਕਾਲਜ ਦੇ ਅਨਾਟਮੀ ਵਿਭਾਗ ਮੁਖੀ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਪਿਛਲੇ ਤਿੰਨ ਦਹਾਕਿਆਂ ਤੋਂ ਚਲਾਈ ਜਾ ਰਹੀ ਸਰੀਰ ਪ੍ਰਦਾਨ ਅਤੇ ਅੰਗ ਪ੍ਰਦਾਨ ਦੀ ਲਹਿਰ ਲਈ ਪ੍ਰਸ਼ੰਸਾ ਕੀਤੀ ਅਤੇ ਪਰਿਵਾਰ ਵੱਲੋਂ ਕੀਤੇ ਵਡਮੁੱਲੇ ਕਾਰਜ ਲਈ ਧੰਨਵਾਦ ਕੀਤਾ ।

ਇਸ ਸਬੰਧੀ ਪਰਿਵਾਰ ਵੱਲੋਂ 29 ਮਈ ਨੂੰ ਬਾਬੂ ਰਾਮ ਦੀ ਯਾਦ ਵਿੱਚ ਇੱਕ ਗੈਰ-ਧਾਰਮਿਕ ਸ਼ੋਕ ਸਮਾਗਮ ਪਿੰਡ ਬੋਪਾਰਾਏ ਬਾਜ ਸਿੰਘ ਵਿਖੇ ਅੰਮ੍ਰਿਤਸਰ ਇਕਾਈ ਦੇ ਸਹਿਯੋਗ ਨਾਲ ਕਰਵਾਇਆ ਗਿਆ ।ਇਸ ਮੌਕੇ ਇਕਾਈ ਦੇ ਮੁਖੀ ਸੁਮੀਤ ਸਿੰਘ, ਤਰਕਸ਼ੀਲ ਆਗੂ ਮੁਖਤਿਆਰ ਗੋਪਾਲਪੁਰਾ, ਮਾਸਟਰ ਕੁਲਜੀਤ ਵੇਰਕਾ ਅਤੇ ਇਕਾਈ ਆਗੂ ਕਰਨਰਾਜ ਸਿੰਘ ਨੇ ਸੰਬੋਧਨ ਕੀਤਾ ।ਇਸ ਮੌਕੇ ਹੱਥ ਦੀ ਸਫਾਈ ਦੇ ਕੁੱਝ ਟਰਿੱਕ ਵਿਖਾ ਕੇ ਲੋਕਾਂ ਨੂੰ ਜਾਗਰੂਕ ਵੀ ਕੀਤਾ ।ਵਰਿੰਦਰ ਕੌਰ ਨੇ ਆਏ ਹੋਏ ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ।ਸਟੇਜ਼ ਸਕੱਤਰ ਦੀ ਜ਼ਿੰਮੇਵਾਰੀ ਤਰਕਸ਼ੀਲ ਆਗੂ ਧਰਵਿੰਦਰ ਕੋਹਾਲੀ ਵੱਲੋਂ ਨਿਭਾਈ ਗਈ ।ਇਸ ਮੌਕੇ ਤਰਕਸ਼ੀਲ ਆਗੂ ਸੁਖਮੀਤ ਸਿੰਘ, ਕਾਮਰੇਡ ਅਜੀਤ ਸਿੰਘ, ਅਮਰਜੀਤ ਕੋਹਾਲੀ, ਪਵਨ ਮੋਹਕਮਪੁਰਾ, ਅਸ਼ਵਨੀ ਹਰੀਪੁਰ, ਬਲਦੇਵ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਰਿਸ਼ਤੇਦਾਰ ਅਤੇ ਪਿੰਡ ਵਾਸੀ ਸ਼ਾਮਲ ਹੋਏ । ਉੱਘੇ ਲੇਖਕ ਜਸਬੀਰ ਝਬਾਲ ਨੇ ਵੀ ਸੰਬੋਧਨ ਕੀਤਾ ।

- ਸੁਮੀਤ ਸਿੰਘ

ਵਿਸ਼ੇਸ਼ ਰਿਪੋਰਟ

ਅੰਧਸ਼ਰਧਾ ਨਿਰਮੂਲਨ ਸਮਿਤੀ (ਮਹਾਰਾਸ਼ਟਰ) ਦਾ ਦੂਜਾ ਸਾਹਿਤਿਕ ਸੰਮੇਲਨ

ਅੰਧਸ਼ਰਧਾ ਨਿਰਮੂਲਨ ਸਮਿਤੀ ਦਾ ਦੂਜਾ ਸਾਹਿਤਿਕ ਸੰਮੇਲਨ 14 ਅਤੇ 15 ਮਈ ਨੂੰ ਸਾਂਗਲੀ ਸ਼ਹਿਰ ਵਿਖੇ ਹੋਇਆ । 14 ਮਈ ਨੂੰ ਪਹਿਲੇ ਸ਼ੈਸਨ ਵਿੱਚ 10 ਵਜੇ ਸੰਮੇਲਨ ਦੇ ਪ੍ਰਧਾਨ ਡਾ. ਅ.ਹ. ਸੁਲੰਥੇ (ਵਿਚਾਰਕ ਅਤੇ ਲੇਖਕ) ਸਨ ਅਤੇ ਮੁੱਖ ਮਹਿਮਾਨ ਡਾ. ਉੱਤਮ ਕਾਂਬਲੇ ਸਨ । ਇਹਨਾਂ ਦਾ ਸਵਾਗਤ ਕੇ.ਡੀ. ਸ਼ਿੰਦੇ, ਪ.ਰ. ਆਰਡੇ ਅਤੇ ਅਵਿਨਯ ਪਾਟਿਲ ਦੁਆਰਾ ਕੀਤਾ ਗਿਆ। ਡਾ. ਸਾਲੂੰਥੇ ਨੇ ਅੰਧ ਵਿਸ਼ਵਾਸਾਂ ਨੂੰ ਖਤਮ ਕਰਨ ਲਈ ਧਰਮ ਦੀ ਚੀਰਫਾੜ ਕਰਨਾ ਜ਼ਰੂਰੀ ਦੱਸਿਆ । ਉਹਨਾਂ ਨੇ ਕਿਹਾ ਕਿ ਪ੍ਰਾਚੀਨ ਕਾਲ ਤੋਂ ਹੀ ਧਰਮ ਦੀ ਆਲੋਚਨਾ ਅਨੇਕ ਚਿੰਤਕਾਂ ਦੁਆਰਾ ਕੀਤੀ ਜਾਂਦੀ ਰਹੀ ਹੈ । ਵੇਦਕਾਲ ਦੇ ਸਮੇਂ ਵੀ ਚਾਰਵਾਕੀਆਂ ਨੇ ਦੇਵਤਿਆਂ ਅਤੇ ਰੱਬ ਦੇ ਨਾ ਹੋਣ ਦਾ ਵਿਚਾਰ ਦਿੱਤਾ ਸੀ । ਉਹਨਾਂ ਨੇ ਅਨੇਕ ਉਦਾਹਰਨਾਂ ਰਾਹੀਂ ਇਹ ਸਪੱਸ਼ਟ ਕੀਤਾ ਕਿ ਰੱਬ ਦੇ ਚੁੰਗਲ ਵਿੱਚੋਂ ਨਿਕਲਣ ਲਈ ਧਰਮ ਦੀ ਚੀਰਫਾੜ ਜ਼ਰੂਰੀ ਹੈ । ਯੱਗ-ਬਲੀ ਦੇ ਨਾਮ 'ਤੇ ਹੋਣ ਵਾਲੀ ਹਿੰਸਾ ਦਾ ਵਿਰੋਧ ਕੀਤਾ ਸੀ । ਪਰਲੋਕ ਦੀ ਥਾਂ ਇਸ ਲੋਕ ਦੇ ਸਹੀ ਅਤੇ ਸੱਚੇ ਜੀਵਨ ਨੂੰ ਜੀਣ ਉੱਤੇ ਜ਼ੋਰ ਦਿੱਤਾ ਸੀ । ਇਸ ਲਈ ਅੱਜ ਦੇ ਯੁੱਗ ਵਿੱਚ ਧਰਮ ਦੀ ਓਟ ਵਿੱਚ ਪਲ ਰਹੀਆਂ ਰੂੜੀਵਾਦੀ ਧਾਰਨਾਵਾਂ ਦਾ ਵਿਰੋਧ ਹੋਣਾ ਚਾਹੀਦਾ ਹੈ। ਡਾ. ਗਣੇਸ਼ ਦੇਵੀ (ਭਾਸ਼ਾ ਵਿਸ਼ਲੇਸ਼ਕ, ਅਹਿਮਦਾਬਾਦ) ਨੇ ਸਪੱਸ਼ਟ ਕੀਤਾ ਕਿ ਅੱਜ ਦੇਸ਼ ਵਿੱਚੋਂ ਲੋਕਤਾਂਤਰਿਕ ਵਿਚਾਰਾਂ ਨੂੰ ਖਤਮ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ । ਤਾਨਾਸ਼ਾਹੀ ਲੱਦਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ । ਵਿਚਾਰਾਂ ਦੀ ਸੁਤੰਤਰਤਾ ਦਾ ਗਲਾ ਘੁੱਟਿਆ ਜਾ ਰਿਹਾ ਹੈ । ਇਸ ਲਈ ਸਾਰੀਆਂ ਪ੍ਰਗਤੀਸ਼ੀਲ ਸੰਸਥਾਵਾਂ ਲਈ ਇਹ ਚੁਣੌਤੀ ਦੀ ਘੜੀ ਹੈ। ਇਸ ਤੋਂ ਬਾਅਦ 'ਵਾਰਤਾਪੱਤਰ' ਦੇ ਸੰਪਾਦਕ ਅਵਿਨਾਸ ਪਾਟਿਲ ਨੇ ਆਪਣੇ ਵਿਚਾਰ ਰੱਖੇ । ਪ੍ਰਭਾਵਕ ਨਾਨਾਵਤੀ, ਰਾਜਾ ਸ਼ਿਤਗੁਪੇ, ਸੱਤਪਾਲ ਮਹਾਰਾਜ, ਹਮੀਦ ਦਾਭੋਲਕਰ, ਮੇਧਾ ਪੰਸਾਰੇ, ਡਾ. ਬਾਬੂ ਰਾਮ ਗੁਰਵ, ਵਿਸ਼ਵਾਸ ਸਾਇਨਾਵੁਰ, ਸ਼ੇਰਵੁਰ ਗਾਇਕਵਾੜ, ਡਾ. ਪ੍ਰਦੀਪ ਪਾਟੇਕਰ, ਮੁਕਤਾ ਦਾਭੋਲਕਰ, ਡਾ. ਤਾਰਾ ਭਵਾਲਕਰ, ਗੌਤਮੀਪੁੱਤਰ ਕਾਂਬਲੇ, ਡਾ. ਪਰੱਗਿਆ ਦਇਆ ਪਵਾਰ, ਕਿਸ਼ਨਾ ਚਾਂਦਗੁੜੇ, ਡਾ. ਧੰਨਾ ਜੀ ਗੁਰਕ ਆਦਿ ਨੇ ਸੰਸਥਾ ਦੇ ਹਜ਼ਾਰਾਂ ਦਰਸ਼ਕ ਮੈਂਬਰਾਂ ਅੱਗੇ ਆਪਣੇ ਵਿਚਾਰ ਪੇਸ਼ ਕੀਤੇ ।

ਦੂਜਾ ਸ਼ੈਸਨ ਬਾਅਦ ਦੁਪਹਿਰ ਦੋ ਵਜੇ ਤੋਂ ਸਾਢੇ ਚਾਰ ਵਜੇ ਤੱਕ ਚੱਲਿਆ । ਇਸ ਸ਼ੈਸਨ ਵਿੱਚ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਆਏ ਤਰਕਸ਼ੀਲ ਸੰਪਾਦਕਾਂ, ਸੰਪਾਦਕੀ ਬੋਰਡ ਦੇ ਮੈਂਬਰਾਂ ਨੇ ਭਾਗ ਲਿਆ । ਮੈਗਜ਼ੀਨ 'ਪੈਰੀਆਰਪਿੰਜ' (ਤਾਮਿਲਨਾਡੂ) ਦੇ ਸੰਪਾਦਕ ਕੇ. ਵੀਰਾਮਣੀ, 'ਨਾਸਤਿਕ ਮਾਰਗਮ' (ਆਂਧਰਾ ਪ੍ਰਦੇਸ਼) ਦੀ ਸੰਪਾਦਕ ਮੈਤਰੀ, 'ਤਰਕਸ਼ੀਲ' ਪੰਜਾਬੀ ਵੱਲੋਂ ਸਾਥੀ ਭੂਰਾ ਸਿੰਘ, ਤਰਕਸ਼ੀਲ ਪਥ (ਹਿੰਦੀ) ਦੇ ਰਾਜਾ ਰਾਮ ਹੰਢਿਆਇਆ (ਸਾਬਕਾ ਪ੍ਰਧਾਨ ਰੈਸ਼ਨੇਲਿਸ਼ਟ ਸੁਸਾਇਟੀ ਹਰਿਆਣਾ (ਰਜਿ.), ਸਾਥੀ ਰਾਜੇਸ਼ ਪੇਗਾ (ਹਰਿਆਣਾ), ਵਿਵੇਕ ਪੰਥੀ (ਗੁਜਰਾਤ) ਦੀ ਸੰਪਾਦਕਾ ਹਰਸ਼ਾ ਮੇੜ੍ਹਾ, ਇੰਡੀਅਨ ਸਕੈਪਟਿਕ (ਕਰਨਾਟਕ) ਦੇ ਜੀ. ਸਤੀਸ਼, 'ਯਾਦਵਸ਼ਕਤੀ' ਮੈਗਜ਼ੀਨ ਦੇ ਸੰਪਾਦਕ (ਉੱਤਰ ਪ੍ਰਦੇਸ਼) ਰਾਜਵੀਰ ਸਿੰਘ, ਬਰੇਕ ਥਰੂ ਸਾਇੰਸ (ਪੱਛਮੀ ਬੰਗਾਲ) ਦੀ ਸੰਪਾਦਕ ਸੌਮਿੱਤਰ ਬੈਨਰਜੀ ਨੇ ਆਪਣੇ ਵਿਚਾਰ ਪੇਸ਼ ਕੀਤੇ। ਜ਼ਿਆਦਾਤਰ ਵਿਚਾਰਕਾਂ ਨੇ ਆਪਣੇ ਵਿਚਾਰ ਮਰਾਠੀ ਭਾਸ਼ਾ ਵਿੱਚ ਪੇਸ਼ ਕੀਤੇ ਜਿਸ ਕਰਕੇ ਭਾਸ਼ਾਈ ਸਮੱਸਿਆ ਰਹੀ । ਸਿਰਫ਼ 3-4 ਵਿਅਕਤੀਆਂ ਨੇ ਹੀ ਹਿੰਦੀ ਭਾਸ਼ਾ ਵਿੱਚ ਆਪਣੇ ਵਿਚਾਰ ਪੇਸ਼ ਕੀਤੇ । ਭੂਰਾ ਸਿੰਘ ਅਤੇ ਰਾਜਾ ਰਾਮ ਹੰਢਿਆਇਆ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਸਾਰੀਆਂ ਭਾਰਤੀ ਭਾਸ਼ਾਵਾਂ ਵਿੱਚ ਛਪੀਆਂ ਕਿਤਾਬਾਂ ਦਾ ਹਿੰਦੀ ਭਾਸ਼ਾ ਵਿੱਚ ਅਨੁਵਾਦ ਹੋਣਾ ਚਾਹੀਦਾ ਹੈ ਤਾਂ ਕਿ ਪ੍ਰਗਤੀਸ਼ੀਲ ਸਾਹਿਤ ਦੇਸ਼ ਦੇ ਹਰ ਕੋਨੇ ਤੱਕ ਪਹੁੰਚ ਸਕੇ । ਜਿਸ ਤਰ੍ਹਾਂ ਪੰਜਾਬੀ ਸਾਹਿਤ ਦਾ ਮਹਾਰਾਸ਼ਟਰ ਦੇ ਲੋਕਾਂ ਨੂੰ ਕੋਈ ਲਾਭ ਨਹੀਂ ਮਿਲਦਾ ਉਸੇ ਤਰ੍ਹਾਂ ਮਰਾਠੀ ਭਾਸ਼ਾ ਦੇ ਸਾਹਿਤ ਦਾ ਪੰਜਾਬ ਦੇ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੁੰਦਾ । ਭੂਰਾ ਸਿੰਘ ਨੇ ਵਾਅਦਾ ਕੀਤਾ ਕਿ ਜੇਕਰ ਕਿਸੇ ਮਰਾਠੀ ਕਿਤਾਬ ਦਾ ਅਨੁਵਾਦ ਪੰਜਾਬੀ ਜਾਂ ਹਿੰਦੀ ਭਾਸ਼ਾ ਵਿੱਚ ਕੀਤਾ ਜਾਵੇ ਤਾਂ ਤਰਕਸ਼ੀਲ ਸੁਸਾਇਟੀ ਪੰਜਾਬ ਉਸ ਨੂੰ ਛਾਪਣ ਵਿੱਚ ਸਹਿਯੋਗ ਕਰੇਗੀ । ਰਾਜਾਰਾਮ ਦੁਆਰਾ ਲਿਜਾਈਆਂ ਗਈਆਂ ਕੁੱਝ ਹਿੰਦੀ ਕਿਤਾਬਾਂ ਵੀ ਕੁੱਝ ਲੋਕਾਂ ਨੇ ਖਰੀਦੀਆਂ । ਤਿੰਨ ਵਜੇ ਤੋਂ ਸਾਢੇ ਚਾਰ ਵਜੇ ਤੱਕ ਕਵੀ ਸੰਮੇਲਨ ਚੱਲਿਆ । ਸ਼ਾਮ ਸੱਤ ਵਜੇ ਤੋਂ 9 ਵਜੇ ਤੱਕ ਸੱਤਪਾਲ ਮਹਾਰਾਜ ਦਾ 'ਕੀਰਤਨ' ਹੋਇਆ ।

ਅਗਲੇ ਦਿਨ 15 ਮਈ ਨੂੰ ਸਵੇਰੇ 6 ਵਜੇ ਤੱਕ ਇੱਕ ਸ਼ਾਂਤੀ ਪੂਰਣ ਜਲੂਸ ਕੱਢਿਆ ਗਿਆ ਜਿਸਦਾ ਉਦੇਸ਼ ਡਾ. ਨਰਿੰਦਰ ਦਾਭੋਲਕਰ, ਕਾਮਰੇਡ ਗੋਬਿੰਦ ਪੰਸਾਰੇ ਅਤੇ ਪ੍ਰੋਫੈਸਰ ਕੁਲਬੁਰਗੀ ਦੇ ਕਾਤਲਾਂ ਨੂੰ ਫੜਾਉਣਾ ਅਤੇ ਸਜ਼ਾ ਦਿਵਾਉਣਾ ਸੀ । ਨਾਅਰੇ ਲੱਗ ਰਹੇ ਸਨ । ਸਾਰੇ ਹਾਜ਼ਰ ਵਿਅਕਤੀ ਆਪਣੇ-ਆਪ ਨੂੰ ਦਾਭੋਲਕਰ, ਪੰਸਾਰੇ ਅਤੇ ਕੁਲਬੁਰਗੀ ਆਖ ਰਹੇ ਸਨ । ਇਹ ਇੱਕ ਬਹੁਤ ਹੀ ਉਤਸ਼ਾਹ ਪੂਰਣ ਰੈਲੀ ਸੀ ਜਿਸ ਵਿੱਚ ਸਾਥੀ ਭੂਰਾ ਸਿੰਘ ਨੇ ਵਿਸ਼ੇਸ ਪੋਸ਼ਾਕ ਪਹਿਨੀ ਸੀ । ਸਾਰੇ ਪ੍ਰੋਗਰਾਮ ਦੀ ਪੂਰੀ ਕਵਰੇਜ਼ ਮੀਡੀਆਂ ਨੇ ਕੀਤੀ ਅਤੇ ਮਰਾਠੀ ਦੇ ਸਾਰੇ ਅਖ਼ਬਾਰਾਂ ਨੇ ਰਿਪੋਰਟ ਨੂੰ ਵਿਸਥਾਰ ਵਿੱਚ ਛਾਪਿਆ । ਮੀਡੀਆ ਨੇ ਭਰਵਾਂ ਸਹਿਯੋਗ ਦਿੱਤਾ ।

ਅਗਲੇ ਸ਼ੈਸਨ ਵਿੱਚ ਮਰਾਠੀ ਪੱਤਰਿਕਾ ਦੇ ਸੰਪਾਦਕੀ ਬੋਰਡ ਦੀ ਮੀਟਿੰਗ ਹੋਈ।


ਇਸ ਪ੍ਰੋਗਰਾਮ ਦੇ ਪ੍ਰਬੰਧ ਵਿੱਚ ਮੁੱਖ ਭੂਮਿਕਾ ਰਾਹੁਲ ਥੋਰਾਨ, ਸੰਜੇ ਬਨਸੋੜੇ, ਡਾ. ਪ੍ਰਦੀਪ ਪਾਟਿਲ, ਰਾਜੀਵ ਦੇਸ਼ਪਾਂਡੇ, ਉਮੇਸ਼ ਸੂਰਜਵੰਸ਼ੀ, ਮਾਧਵ ਚਾਵਣੇ, ਮਿਲਿੰਦ ਦੇਸ਼ਮੁਖ, ਸੂਝਿਕਾ ਮੁੰਡੇ, ਸੁਭਾਸ ਥਰੋਡਕਰ, ਸੁਹਾਸ਼ ਪਵਾਰ, ਚੰਦਰਕਾਂਤ ਵੰਜਾਵੇ, ਚੰਦਰਕਾਂਤ ਸ਼ਿੰਦੇ, ਜਿਓਤੀ ਓਦਾਟੇ, ਪ੍ਰਿਅੰਕਾ ਤੁਪਲੋਢੇ, ਅੰਕੁੜਾ, ਚਵਲਣ, ਫਾਰੂਖ਼ ਗਵੰਡੀ, ਜੋਗਿੰਦਰ ਪਾਰਤੇ, ਡਾ. ਸੰਤੋਸ਼ ਭਕੋੜੇ, ਰਮੇਸ਼ ਮਾਣਗਾਵੇ ਆਦਿ ਦੀ ਰਹੀ ।

- ਰਾਜਾ ਰਾਮ ਹੰਢਿਆਇਆ



ਪ੍ਰਤੀਕਰਮ

ਸੰਪਾਦਕ 'ਤਰਕਸ਼ੀਲ'
ਮੁੱਖ ਦਫਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਬਰਨਾਲਾ–148101 (ਪੰਜਾਬ)
E-mail : tarkshiloffice@gmail.com



ਮੈਗਜ਼ੀਨ ਦੇ ਅੰਕ 'ਮਈ-ਜੂਨ 2016' ਦੇ ਟਾਈਟਲ ਦੀ ਦਿੱਖ ਏਕਤਾ ਦੀ ਪ੍ਰਤੀਕ ਸੀ, ਮੁੱਕਿਆਂ ਦਾ ਤਣੇ ਹੋਣਾ ਇੱਕਜੁੱਟਤਾ ਦੀ ਮੂੰਹ ਬੋਲਦੀ ਤਸਵੀਰ ਸੀ। ਸੰਪਾਦਕੀ ਕਾਫੀ ਵਧੀਆ ਸੀ, ਅਗਾਂਹਵਧੂ ਜਮਾਤਾਂ ਨੂੰ ਚਿੰਤਨ ਕਰਨ ਲਈ ਪ੍ਰੇਰਦੀ ਸੀ। 'ਚਲੰਤ ਮਸਲੇ' 'ਤੇ ਅਵਤਾਰ ਗੋਂਦਾਰਾ ਜੀ ਦਾ ਲੇਖ ਖਿੱਚ ਭਰਪੂਰ ਸੀ ਅਤੇ ਦੱਸਦਾ ਸੀ ਕਿ ਕਿਵੇਂ ਧਰਮ ਦੇ ਪਿੰਜਰੇ ਤੋਂ ਆਜ਼ਾਦ ਹੋਣ ਦੀ ਕੋਸ਼ਿਸ਼ ਕਰਨ ਦੀ ਲੋੜ ਹੈ। 'ਮਨੋਰੋਗ ਮਾਹਿਰ ਦੀ ਕਲਮ ਤੋਂ' ਡਾ. ਬਲਵੰਤ ਸਿੰਘ ਸਿੱਧੂ ਦਾ ਲੇਖ ਕਈ ਭਰਮ ਭੁਲੇਖੇ ਦੂਰ ਕਰਦਾ ਸੀ। 'ਸਿਹਤ ਵਿਗਿਆਨ' ਕਾਲਮ ਚੰਗੀ ਸਿਹਤ ਲਈ ਬਹੁਤ ਵੱਡਮੁੱਲੀ ਜਾਣਕਾਰੀ ਪ੍ਰਦਾਨ ਕਰਦਾ ਸੀ। 'ਵੰਨਗੀ' ਕਾਲਮ ਵਿੱਚ ਅਵਤਾਰ ਗੋਂਦਾਰਾ ਜੀ ਦੀ ਪੇਸ਼ਕਸ਼ ਸਰਾਹੁਣਯੋਗ ਸੀ। 'ਸੁਲਘਦੇ ਬੋਲ' ਕਾਲਮ ਵਿੱਚ ਸਾਰੇ ਹੀ ਕਵੀਆਂ ਦੀਆਂ ਰਚਨਾਵਾਂ ਸ਼ਲਾਘਾਯੋਗ ਸੀ, ਪਰ 'ਸੁਰਜੀਤ ਗੱਗ' ਦੀ ਕਵਿਤਾ 'ਨਿਸ਼ਾਨਾ' ਕਿਆ ਨਿਸ਼ਾਨਾ ਲਾਇਆ, ਕਮਾਲ ਕਰੀ ਪਈ ਸੀ। ਬਾਕੀ ਮੈਟਰ ਵੀ ਬਹੁਤ ਵਧੀਆ ਲੱਗਾ।

-ਲਖਵਿੰਦਰ ਸ਼ਰੀਂਹ ਵਾਲਾ

ਗੱਲ ਤਕਰੀਬਨ 1990 ਦੀ ਹੈ। ਖੇਤ ਵਾਹਣ ਦੀ ਰੌਣੀ ਕਰ ਰਿਹਾ ਸੀ। ਰਾਤ ਦਾ ਟਾਈਮ ਸੀ। ਸਾਡੇ ਖੇਤ ਦੇ ਨਜਦੀਕ ਹੀ ਇੱਕ ਕਿਸਾਨ ਨੇ ਦਿਨ ਵਿੱਚ ਕਣਕ ਦੇ ਨਾੜ ਨੂੰ ਅੱਗ ਲਾਈ ਸੀ। ਉਸ ਕਿਸਾਨ ਦੇ ਖੇਤ ਵਿੱਚ ਇੱਕ ਵਣ ਦਾ ਦਰੱਖਤ ਸੀ। ਮੈਂ ਜਦੋਂ ਪਾਣੀ ਲਾ ਰਿਹਾ ਸੀ ਤਾਂ ਮੈਨੂੰ ਵਣ ਦੀ ਜੜ੍ਹ ਵਿੱਚ ਅੱਗ ਮੱਚਦੀ ਦਿੱਸੀ। ਹਵਾ ਚੱਲ ਰਹੀ ਸੀ। ਜਦੋਂ ਹਵਾ ਤੇਜ ਹੁੰਦੀ ਤਾਂ ਅੱਗ ਵੀ ਤੇਜ ਹੋ ਜਾਂਦੀ। ਮੈਂ ਦਿਨ ਚੜ੍ਹਦੇ ਤੱਕ ਵਣ ਤੋਂ ਡਰਦਾ ਰਿਹਾ। ਜਦੋਂ ਦਿਨ ਚੜ੍ਹਿਆ ਤਾਂ ਮੈਂ ਆਖਿਆ ਕਿ ਚੱਲਕੇ ਵੇਖਦੇ ਹਾਂ ਕਿ ਇਹ ਕਿਸ ਤਰ੍ਹਾਂ ਦਾ ਪ੍ਰੇਤ ਹੈ। ਕਿਉਂਕਿ ਅਕਸਰ ਬਜ਼ੁਰਗਾਂ ਤੋਂ ਪਰੇਤਾਂ ਦੀਆਂ ਕਹਾਣੀਆਂ ਸੁਣਦੇ ਸੀ। ਜਦੋਂ ਅਸੀਂ ਜਾ ਕੇ ਦੇਖਿਆ ਕਿ ਵਣ ਦੀ ਜੜ੍ਹ ਵਿੱਚ ਲੱਕੜ ਦਾ ਇੱਕ ਮੁੱਢ ਪਿਆ ਸੀ। ਜਦੋਂ ਦਿਨ ਵਿੱਚ ਕਣਕ ਦਾ ਨਾੜ ਸਾੜਿਆ ਸੀ ਤਾਂ ਅੱਗ ਇਸ ਮੁੱਢ ਨੂੰ ਪੈ ਗਈ ਅਤੇ ਜਿਉਂ-ਜਿਉਂ ਰਾਤ ਹੁੰਦੀ ਗਈ ਅੱਗ ਤੇਜ ਹੁੰਦੀ ਗਈ। ਜਦੋਂ ਹਵਾ ਤੇਜ ਹੁੰਦੀ ਤਾਂ ਅੱਗ ਵੀ ਤੇਜ ਹੁੰਦੀ। ਇਹ ਵੇਖ ਕੇ ਮੇਰੇ ਮਨ ਦਾ ਡਰ ਦੂਰ ਹੋ ਗਿਆ ਕਿ ਭੂਤ ਪ੍ਰੇਤ ਦੀ ਕੋਈ ਵੀ ਹੋਂਦ ਨਹੀਂ ਹੁੰਦੀ। ਉਸਤੋਂ ਬਾਅਦ ਮੈਂ 'ਤਰਕਸ਼ੀਲ' ਸਾਹਿਤ ਪੜ੍ਹਣਾ ਸ਼ੁਰੂ ਕੀਤਾ ਜੋ ਅੱਜ ਤੱਕ ਪੜ੍ਹ ਰਿਹਾ ਹਾਂ। ਹੁਣ ਮੈਂ 'ਤਰਕਸ਼ੀਲ' ਦਾ ਪੱਕਾ ਪਾਠਕ ਹਾਂ ਅਤੇ 'ਤਰਕਸ਼ੀਲ' ਮੈਗਜ਼ੀਨ ਲਗਾਤਾਰ ਘਰ ਵਿੱਚ ਲਗਵਾਇਆ ਹੋਇਆ ਹੈ। ਇਹ ਬਹੁਤ ਹੀ ਵਧੀਆ ਮੈਗਜ਼ੀਨ ਹੈ। ਇਸਨੂੰ ਹਰ ਘਰ ਵਿੱਚ ਪਹੁੰਚਾਉਣ ਦੀ ਲੋੜ ਹੈ।

-ਸੁਖਪਾਲ ਸਿੰਘ ਮਾਣਕ
(ਕਣਕਵਾਲ ਭੰਗੂਆਂ) ਸੰਗਰੂਰ

ਤੁਹਾਡੀਆਂ ਮੈਗਜ਼ੀਨ ਵਿੱਚ ਛਪੀਆਂ ਰਚਨਾਵਾਂ ਤਕਰੀਬਨ ਵਧੀਆ ਹੁੰਦੀਆਂ ਹਨ ਪਰ ਖਾਸ ਕਰਕੇ ਹੇਮ ਰਾਜ ਸਟੈਨੋ ਦੀਆਂ ਰਚਨਾਵਾਂ ਬੜਾ ਡੂੰਘਾ ਅਧਿਐਨ ਕਰਕੇ ਲਿਖੀਆਂ ਹੁੰਦੀਆਂ ਹਨ, ਕਾਬਲੇ ਤਾਰੀਫ਼ ਹੁੰਦੀਆਂ ਹਨ। ਤਰਕਸ਼ੀਲ ਸੁਸਾਇਟੀ ਨੇ ਸਮਾਜਿਕ, ਰਾਜਸੀ, ਧਾਰਮਿਕ ਤੇ ਵਿਗਿਆਨਕ ਚੇਤਨਾ ਦੇ ਸੰਬੰਧ ਵਿੱਚ ਬਹੁਤ ਕੰਮ ਕੀਤਾ ਹੈ ਅਤੇ ਹੋਰ ਕਰਨ ਦੀ ਲੋੜ ਹੈ। ਬਹੁਤ ਕਾਬਲੇ ਤਾਰੀਫ਼ ਹੈ।

-ਇੰਜ: ਕਰਮਜੀਤ ਸਿੰਘ ਭਲੂਰੀਆ

ਮਈ-ਜੂਨ 16 ਅੰਕ ਦਾ ਮੁੱਖ ਪੰਨਾ ਸਿਧਾਂਤੀਕਲ/ਫਿਲਾਸੀਫੀਕਲ ਸੀ ਜੋ ਕਿ ਗੁਲਾਮੀ ਵਿਰੁੱਧ ਸੰਘਰਸ਼ ਦਾ ਇਨਕਲਾਬੀ ਪ੍ਰਤੀਕ ਸੀ ਪ੍ਰੰਤੂ ਆਮ ਪਾਠਕਾਂ ਦੀ ਸਮਝ ਤੋਂ ਦੂਰ । ਇਸ ਪੰਨੇ 'ਤੇ ਲਿਖੀ ਕੁਟੇਸ਼ਨ ਅਤੇ ਰਿਚਰਡ ਡਾਕਿਨਜ਼ ਦੀ ਕੁਟੇਸ਼ਨ ਬਹੁਤ ਵਧੀਆ ਸੀ ।ਐਡਵੋਕੇਟ ਅਵਤਾਰ ਗੋਂਦਾਰਾ ਜੀ ਦੀ ਲਿਖਤ ਸਭ ਲਿਖਤਾਂ ਨਾਲੋਂ ਵੱਧ ਪਸੰਦ ਆਈ ।ਕਮਾਲ ਦੀ ਲਿਖਤ ਸੀ ।ਸੰਪਾਦਕੀ ਅਤੇ ਹੇਮ ਰਾਜ ਸਟੈਨੋ ਦੀਆਂ ਲਿਖਤਾਂ ਨੇ ਬਹੁਤ ਹੀ ਅਤਿ ਜ਼ਰੂਰੀ ਅਤੇ ਮਹੱਤਵਪੂਰਨ ਸੁਨੇਹਾ ਦਿੱਤਾ ਹੈ ਕਿ ਹਿੰਦੂਤਵੀ ਫਾਸ਼ੀਵਾਦ ਦਾ ਟਾਕਰਾ ਕਰਨ ਲਈ ਲੋਕ-ਪੱਖੀ ਸ਼ਕਤੀਆਂ ਨੂੰ ਇੱਕ ਸਾਂਝਾ ਪਲੇਟਫਾਰਮ ਉਸਾਰਨ ਦੀ ਸਖ਼ਤ ਲੋੜ ਹੈ ਅਤੇ ਤਿੱਖੇ ਹਮਲਾਵਰ ਸੰਘਰਸ਼ ਵਿੱਢਣੇ ਚਾਹੀਦੇ ਹਨ । ਮੈਗਜ਼ੀਨ ਵਿੱਚ ਸਿਫਤੀ ਸੁਧਾਰ ਹੈ । ਲੇਖਕਾਂ, ਸਮੁੱਚੇ ਅਦਾਰੇ ਅਤੇ ਲੋਕ-ਪੱਖੀ ਸਮਾਜ ਸਿਰਜਣ ਦੀ ਤਿੱਖੀ ਧਾਰ 'ਤੇ ਤੁਰੇ ਹੋਏ ਤਰਕਸ਼ੀਲ ਕਾਮਿਆਂ ਨੂੰ ਲਾਲ ਸਲਾਮ।

''ਅਜੇ ਨਾ ਆਈ ਮੰਜ਼ਲ ਤੇਰੀ, ਅਜੇ ਵਡੇਰਾ ਪਾੜਾ ਏ,
ਹਿੰਮਤ ਕਰ ਅਲਬੇਲੇ ਰਾਹੀ, ਅਜੇ ਹਨੇਰ੍ਹਾ ਗਾੜ੍ਹਾ ਏ।''

- ਅਜੀਤ ਪ੍ਰਦੇਸੀ

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਛਿਮਾਹੀ ਇਕੱਤਰਤਾ

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਛਿਮਾਹੀ ਇਕੱਤਰਤਾ 8 ਅਤੇ 9 ਮਈ 2016 ਨੂੰ ਕਲਾ ਕੇਂਦਰ, ਬਰਨਾਲਾ ਵਿਖੇ ਹੋਈ । 8 ਮਈ ਨੂੰ ਦੋ ਸ਼ੈਸਨ ਆਯੋਜਿਤ ਕੀਤੇ ਗਏ । ਪਹਿਲੇ ਸ਼ੈਸਨ ਦਾ ਏਜੰਡਾ ਸੀ - ਤਰਕਸ਼ੀਲ ਸੁਸਾਇਟੀ ਪੰਜਾਬ ਦੀ ਜਥੇਬੰਦਕ ਮਜਬੂਤੀ (ਸਟੇਟ, ਜ਼ੋਨ ਅਤੇ ਇਕਾਈ ਪੱਧਰ ’ਤੇ ਕੀ ਕਰਨਾ ਲੋੜੀਂਦਾ)। ਇਸ ਸ਼ੈਸਨ ਦੀ ਪ੍ਰਧਾਨਗੀ ਸੂਬਾ ਆਗੂਆਂ ਸੁਖਵਿੰਦਰ ਬਾਗਪੁਰ, ਚੰਨਣ ਵਾਂਦਰ ਅਤੇ ਹਰਿੰਦਰ ਲਾਲੀ ਨੇ ਕੀਤੀ ਅਤੇ ਸਟੇਜ ਸੰਚਾਲਨ ਰਜਿੰਦਰ ਭਦੌੜ ਨੇ ਕੀਤਾ । ਦੂਜਾ ਸ਼ੈਸਨ ਖੁੱਲ੍ਹਾ ਸ਼ੈਸਨ ਸੀ ਜਿਸਦੀ ਪ੍ਰਧਾਨਗੀ ਸੂਬਾ ਆਗੂਆਂ ਬਲਵਿੰਦਰ ਬਰਨਾਲਾ, ਤਰਲੋਚਨ ਸਿੰਘ ਸਮਰਾਲਾ ਅਤੇ ਬਲਬੀਰ ਚੰਦ ਲੌਂਗੋਵਾਲ ਨੇ ਕੀਤੀ ਅਤੇ ਸਟੇਜ ਸੰਚਾਲਨ ਹੇਮ ਰਾਜ ਸਟੈਨੋ ਨੇ ਕੀਤਾ । 9 ਮਈ ਨੂੰ ‘ਪਦਾਰਥਵਾਦੀ ਫਲਸਫ਼ਾ ਅਤੇ ਤਰਕਸ਼ੀਲਤਾ - ਅੱਜ ਦੇ ਸਮੇਂ ’ਚ ਇਸ ਦੀ ਲੋੜ’ ਵਿਸ਼ੇ ’ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਦੇ ਮੁੱਖ ਬੁਲਾਰੇ ਪ੍ਰਸਿੱਧ ਚਿੰਤਕ, ਅਨੁਵਾਦਕ ਬੂਟਾ ਸਿੰਘ ਸਨ । ਉਹਨਾਂ ਕਿਹਾ ਕਿ ਫਿਲਾਸਫ਼ੀ ਹਰ ਵਿਅਕਤੀ ਦੀ ਹੁੰਦੀ ਹੈ - ਉਹ ਵਿਚਾਰਵਾਦੀ ਵੀ ਹੋ ਸਕਦੀ ਅਤੇ ਪਦਾਰਥਵਾਦੀ ਵੀ । ਵਿਚਾਰਵਾਦੀ ਸਕਰਾਤਮਕ ਸਮਾਜਿਕ ਤਬਦੀਲੀ ਦੇ ਵਿਰੋਧ ਵਿੱਚ ਖੜ੍ਹਦਾ ਹੈ ਅਤੇ ਪਦਾਰਥਵਾਦੀ ਇਸ ਤਬਦੀਲੀ ਦੇ ਪੱਖ ਵਿੱਚ ਖੜ੍ਹਦਾ ਹੋਇਆ ਨਾਲ-ਨਾਲ ਚੱਲਦਾ ਹੈ ਅਤੇ ਇਸ ਲਈ ਆਪਣੀ ਭੂਮਿਕਾ ਵੀ ਅਦਾ ਕਰਦਾ ਹੈ । ਮਨੁੱਖੀ ਵਿਕਾਸ ਵਿੱਚ ਕਿਰਤ ਦੇ ਰੋਲ ਬਾਰੇ ਉਹਨਾਂ ਨੇ ਵਿਸਥਾਰ ਵਿੱਚ ਗੱਲ ਕੀਤੀ । ਪਹਿਲੇ ਦਿਨ ਦੇ ਸ਼ੈਸਨਾਂ ਵਿੱਚ ਜ਼ੋਨ ਅਤੇ ਇਕਾਈ ਆਗੂਆਂ ਸੰਦੀਪ ਧਾਰੀਵਾਲ ਭੋਜਾ, ਰਜਵੰਤ ਬਾਗੜੀਆਂ, ਮੁਖਤਿਆਰ ਸਿੰਘ, ਗੁਰਪ੍ਰੀਤ ਸਹਿਣਾ, ਜੁਝਾਰ ਲੌਂਗੋਵਾਲ, ਬਲਰਾਜ ਮੌੜ, ਰਾਮ ਸਿੰਘ ਨਿਰਮਾਣ, ਜਰਨੈਲ ਕ੍ਰਾਂਤੀ, ਗੁਰਮੀਤ ਖਰੜ, ਕੁਲਜੀਤ ਡੰਗਰਖੇੜਾ, ਪ੍ਰਵੀਨ ਜੰਡਵਾਲਾ, ਅਵਤਾਰ ਦੀਪ, ਸੁਖਦੇਵ ਫਗਵਾੜਾ, ਜਸਵਿੰਦਰ ਫਗਵਾੜਾ, ਸੁਰਜੀਤ ਟਿੱਬਾ, ਜਸਵੰਤ ਜੀਰਖ, ਦਲਵੀਰ ਕਟਾਣੀ, ਅੰਮ੍ਰਿਤ ਰਿਸ਼ੀ, ਰਾਜੇਸ਼ ਮਾਨਸਾ, ਡਾ. ਜੁਗਿੰਦਰ ਕੁੱਲੇਵਾਲ, ਸੱਤਪਾਲ ਸਲੋਹ, ਰਾਮ ਕੁਮਾਰ, ਚਰਨਜੀਤ ਪਟਵਾਰੀ, ਗਿਆਨ ਸਿੰਘ ਬਠਿੰਡਾ, ਸੁਮੀਤ ਸਿੰਘ, ਸੁਰਿੰਦਰ ਰਾਮਪੁਰਾ, ਜਸਦੇਵ ਮਕਸੂਦੜਾ, ਗਗਨ ਗਰੋਵਰ, ਹਰਚੰਦ ਭਿੰਡਰ, ਕੁਲਜੀਤ ਵੇਰਕਾ ਆਦਿ ਨੇ ਭਾਗ ਲਿਆ । ਇਹਨਾਂ ਸ਼ੈਸਨਾਂ ਵਿੱਚ ਸੁਸਾਇਟੀ ਦੇ ਬੁਲਾਰਿਆਂ ਵੱਲੋਂ ‘ਤਰਕਸ਼ੀਲ’ ਦੇ ਚੰਦਿਆਂ ਦੀ ਗਿਣਤੀ ਹੋਰ ਵਧਾਉਣ, ਤਰਕਸ਼ੀਲ ਸਾਹਿਤ ਨੂੰ ਹੋਰ ਤੇਜੀ ਨਾਲ ਘਰ-ਘਰ ਪਹੁੰਚਾਉਣ, ਲਗਾਤਾਰ ਕਾਡਰ ਦੀ ਸਕੂਲਿੰਗ ਕਰਨ, ਬਾਲ ਸਾਹਿਤ ਵਿੱਚ ਵਾਧਾ ਕਰਨ, ਹਿੰਦੀ ਦੀਆਂ ਕਿਤਾਬਾਂ ਛਾਪਣ, ਮੈਂਬਰਾਂ ਵਿੱਚ ਅਧਿਐਨ ਦੀ ਰੁਚੀ ਹੋਰ ਵਿਕਸਿਤ ਕਰਨ, ਲਗਾਤਾਰ ਚੇਤਨਾ ਪ੍ਰਦਾਨ ਕਰਨ ਵਾਲੇ ਜਨਤਕ ਪ੍ਰੋਗਰਾਮ ਦੇਣ ਆਦਿ ਬਾਰੇ ਉਸਾਰੂ ਸੁਝਾਅ ਪੇਸ਼ ਕੀਤੇ ਗਏ । ਵੱਖ-ਵੱਖ ਸ਼ੈਸਨਾਂ ਦੌਰਾਨ ਕਰਮਜੀਤ ਸਕਰੁੱਲਾਪੁਰੀ, ਜੋਰਾ ਸਿੰਘ ਖਿਆਲੀ, ਸੁਰਜੀਤ ਭੱਠਲ ਅਤੇ ਜੁਝਾਰ ਲੌਂਗੋਵਾਲ ਆਦਿ ਨੇ ਤਰਕਸ਼ੀਲ ਗੀਤ ਪੇਸ਼ ਕੀਤੇ । ਹੋਰ ਪ੍ਰਤੀਬੱਧਤਾ ਨਾਲ ਲੋਕਾਂ ਵਿੱਚ ਵਿਗਿਆਨਕ ਚੇਤਨਾ ਦਾ ਪ੍ਰਚਾਰ-ਪ੍ਰਸਾਰ ਕਰਨ ਦਾ ਸੁਨੇਹਾ ਦਿੰਦਿਆਂ ਇਹ ਛਿਮਾਹੀ ਇਕੱਤਰਤਾ ਸਮਾਪਤ ਹੋਈ । ਰਾਤ ਦੇ ਸਮੇਂ ਸਭਿਆਚਾਰਕ ਵਿਭਾਗ ਦੇ ਮੁਖੀ ਤਰਲੋਚਨ ਸਮਰਾਲਾ ਦੀ ਅਗਵਾਈ ਹੇਠ ਸੁਸਾਇਟੀ ਵੱਲੋਂ ਤਿਆਰ ਕੀਤੀ ਡੀ.ਵੀ.ਡੀ. ‘ਸਾੜਸਤੀ’ ਵੀ ਡੈਲੀਗੇਟਾਂ/ਦਰਸ਼ਕਾਂ ਨੂੰ ਵਿਖਾਈ ਗਈ ।

ਮਈ ਦਿਵਸ ਸੈਮੀਨਾਰ ’ਚ ਗੰਭੀਰ ਵਿਚਾਰ ਵਟਾਂਦਰਾ

ਬਰੈਂਪਟਨ : (ਡਾ. ਬਲਜਿੰਦਰ ਸਿੰਘ ਸੇਖੋਂ) ਗਰੇਟਰ ਟੋਰਾਂਟੋ ਇਲਾਕੇ ਦੀਆਂ ਅੱਠ ਅਗਾਂਹਵਧੂ ਜਥੇਬੰਦੀਆਂ ਵੱਲੋਂ ਰਲ ਕੇ ਬੀਤੇ ਐਤਵਾਰ ਕਰਵਾਏ, ਮਈ ਦਿਵਸ ਦੇ ਸ਼ਹੀਦਾਂ ਨੂੰ ਸਮਰਪਿਤ ਸੈਮੀਨਾਰ ਵਿੱਚ ਗੰਭੀਰ ਵਿਚਾਰ ਵਟਾਂਦਰਾ ਹੋਇਆ । ਇਸ ਵਿੱਚ ਜੀ.ਟੀ.ਏ. ਵੈਸਟ ਕਲੱਬ ਸੀ.ਪੀ.ਸੀ., ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ, ਓਨਟਾਰੀਓ, ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ, ਪਾਕਿਸਤਾਨੀ ਕਨੇਡੀਅਨਾਂ ਦੀ ਪ੍ਰੋਗਰੈਸਿਵ ਕਮੇਟੀ, ਕਲਮਾਂ ਦਾ ਕਾਫਲਾ, ਅਮਰੀਕਾ ਵਿਚਲੇ ਨਿਪਾਲੀ ਅਗਾਂਹਵਧੂ, ਸੀਨੀਅਰ ਸਿਟੀਜ਼ਨ ਕਲੱਬ ਬਰੈਂਪਟਨ ਅਤੇ ਪੰਜਾਬੀ ਸਭਿਆਚਾਰ ਮੰਚ ਦੇ ਮੈਂਬਰਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ । ਕੋਈ ਚਾਰ ਘੰਟੇ ਚੱਲੇ ਇਸ ਸੈਮੀਨਾਰ ਵਿੱਚ ਇਸ ਦਿਵਸ ਦੇ ਇਤਿਹਾਸ ਅਤੇ ਇਸ ਦੀ ਅਜੋਕੇ ਸਮੇਂ ਵਿੱਚ ਮਹੱਤਤਾ ’ਤੇ ਜ਼ਿਆਦਾ ਜ਼ੋਰ ਰਿਹਾ। ਮਈ ਦਿਵਸ ਦੇ ਇਤਿਹਾਸਕ ਦਿਹਾੜੇ ਨਾਲ ਸਬੰਧਤ ਘਟਨਾਵਾਂ ਬਾਰੇ ਜਾਣਕਾਰੀ ਦੇਣ ਉਪਰੰਤ, ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ ਦੇ ਬਲਜਿੰਦਰ ਸੇਖੋਂ ਨੇ ਕਿਹਾ ਕਿ ਸਵਾ ਸੌ ਸਾਲ ਬੀਤ ਜਾਣ ਬਾਅਦ ਵੀ ਕਿਰਤੀ ਲੋਕਾਂ ਦੇ ਮਸਲੇ ਜਿਉਂ ਦੀ ਤਿਉਂ ਹਨ । ਜਿਨ੍ਹਾਂ ਸ਼ਹੀਦਾਂ ਨੇ ਸਾਡੇ ਲਈ ਅੱਠ ਘੰਟੇ ਦੀ ਮਜ਼ਦੂਰੀ ਦੀ ਮੰਗ ਲਈ ਲੜਦਿਆਂ ਫਾਂਸੀ ਦੇ ਫੰਦਿਆਂ ਨੂੰ ਚੁੰਮਿਆ, ਉਨ੍ਹਾਂ ਦਾ ਇਹ ਸੁਪਨਾ ਅਜੇ ਵੀ ਅਧੂਰਾ ਹੈ । ਪਾਕਿਸਤਾਨੀ ਕਨੇਡੀਅਨਾਂ ਦੀ ਪ੍ਰੋਗਰੈਸਿਵ ਕਮੇਟੀ ਦੇ ਆਰਿਫ ਰਜ਼ਾ ਨੇ ਸਾਮਰਾਜਵਾਦ ਨਾਲ ਲੜਨ ਲਈ ਕਾਮਿਆਂ ਦੀ ਏਕਤਾ ’ਤੇ ਜ਼ੋਰ ਦਿੱਤਾ । ਕਲਮਾਂ ਦੇ ਕਾਫਲੇ ਦੇ ਕਨਵੀਨਰ ਕੁਲਵਿੰਦਰ ਖਹਿਰਾ ਨੇ ਕਨੇਡਾ ਵਿੱਚ ਕੱਚੇ ਤੌਰ ’ਤੇ ਆਏ ਮਜ਼ਦੂਰਾਂ ਦੀ ਮਾੜੀ ਹਾਲਤ ਦਾ ਜ਼ਿਕਰ ਕੀਤਾ । ਅਮਰੀਕਾ ਵਿਚਲੇ ਨਿਪਾਲੀ ਅਗਾਂਹਵਧੂਆਂ ਦੀ ਜਥੇਬੰਦੀ ਦੇ ਚੰਦਰ ਰਾਏ ਨੇ ਨਿਪਾਲ ਵਿੱਚ ਕਿਰਤੀਆਂ ਦੀ ਦੁਰਦਸ਼ਾ ਬਾਰੇ ਦੱਸਿਆ । ਡਾ. ਹਰਦੀਪ ਸਿੰਘ ਨੇ ਸਰਕਾਰਾਂ ਵੱਲੋਂ ਸਿਹਤ ਸੇਵਾਵਾਂ ਵਿੱਚ ਕੀਤੀਆਂ ਜਾ ਰਹੀਆਂ

ਕਟੌਤੀਆਂ ਨਾਲ ਲੋਕਾਂ ਦੀ ਸਿਹਤ 'ਤੇ ਪੈ ਰਹੇ ਬੁਰੇ ਅਸਰ ਦੀ ਵਿਆਖਿਆ ਕੀਤੀ। ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਦੇ ਸੁਰਜੀਤ ਸਹੋਤਾ ਨੇ ਭਾਰਤ ਦੀ ਅਜ਼ਾਦੀ ਦੀ ਜੰਗ ਵਿੱਚ ਖੱਬੇ ਪੱਖੀ ਪਾਰਟੀਆਂ ਦੇ ਯੋਗਦਾਨ ਦਾ ਵਰਨਣ ਕੀਤਾ। ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ ਦੇ ਨਵੇਂ ਚੁਣੇ ਕੁਆਰਡੀਨੇਟਰ ਬਲਰਾਜ ਸ਼ੌਕਰ ਨੇ ਭਾਰਤ ਵਿੱਚ ਧਰਮ ਅਤੇ ਰਾਜਨੀਤੀ ਨੂੰ ਵੱਖ ਕਰਨ 'ਤੇ ਜ਼ੋਰ ਦਿੰਦਿਆਂ ਉੱਥੇ ਉੱਠ ਰਹੀਆਂ ਫਾਸ਼ੀ ਤਾਕਤਾਂ ਨੂੰ ਹਰਾਉਣ ਦਾ ਸੱਦਾ ਦਿੱਤਾ। ਕਨੇਡਾ ਦੀ ਕਮਿਊਨਿਸ਼ਟ ਪਾਰਟੀ ਦੇ ਡੇਵ ਮੈਕੀ ਨੇ ਟਰਾਂਸ ਪੈਸਿਫਿਕ ਸਮਝੌਤੇ ਨਾਲ ਕਨੇਡਾ ਦੇ ਮਜ਼ਦੂਰਾਂ ਨੂੰ ਹੋਣ ਵਾਲੇ ਨੁਕਸਾਨ ਬਾਰੇ ਦੱਸਿਆ। ਹਰਜੀਤ ਬੇਦੀ, ਅਰੂਜ਼ ਅਰਜੂ, ਬਲਜੀਤ ਧਾਲੀਵਾਲ ਅਤੇ ਬਲਰਾਜ ਧਾਲੀਵਾਲ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ। ਬਲਜੀਤ ਬੈਂਸ ਅਤੇ ਸੁਮੀਤ ਬੈਂਸ ਨੇ ਇਨਕਲਾਬੀ ਗੀਤ ਸੁਣਾਏ। ਹਰਿੰਦਰ ਹੁੰਦਲ ਨੇ ਸਭ ਦਾ ਧੰਨਵਾਦ ਕੀਤਾ।

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ: ਜੂਨ ਮਹੀਨੇ ਦੀ ਮੀਟਿੰਗ ਦੌਰਾਨ ਵਾਤਾਵਰਨ ਵਿੱਚ ਜੰਗੀ ਪੱਧਰ 'ਤੇ ਹੋ ਰਹੀ ਤਬਦੀਲੀ ਦਾ ਮੁੱਦਾ ਭਾਰੀ ਰਿਹਾ। ਕੈਲਗਰੀ ਦੇ ਵਕੀਲ ਤੇ ਚਿੰਤਕ ਅਮਰਪ੍ਰੀਤ ਸਿੰਘ ਨੇ ਇਸ ਵਿਸ਼ੇ 'ਤੇ ਵਿਚਾਰ ਪ੍ਰਗਟ ਕਰਦਿਆਂ ਲੋਕਾਂ ਨੂੰ ਸੁਚੇਤ ਕੀਤਾ ਕਿ ਹੁਣ ਸਥਿਤੀ ਵਿਸਫੋਟਕ ਬਣ ਚੁੱਕੀ ਹੈ ਤੇ ਜੇ ਹੁਣ ਨਾ ਸੰਭਲਿਆ ਗਿਆ ਤਾਂ ਆਉਣ ਵਾਲੀਆਂ ਨਸਲਾਂ ਲਈ ਨਤੀਜੇ ਭਿਆਨਕ ਹੋਣਗੇ। ਕੈਲਗਰੀ ਦੇ ਕੋਸੋ ਹਾਲ ਵਿੱਚ ਹੋਈ ਇਸ ਮੀਟਿੰਗ ਵਿੱਚ 80 ਦੇ ਕਰੀਬ ਲੋਕਾਂ ਨੇ ਹਾਜ਼ਰੀ ਭਰੀ। ਵਾਤਾਵਰਨ ਤਬਦੀਲੀ (ਗਲੋਬਲ ਵਾਰਮਿੰਗ) ਬਾਰੇ ਬੋਲਦਿਆਂ ਅਮਰਪ੍ਰੀਤ ਸਿੰਘ ਨੇ ਕਿਹਾ ਕਿ ਸੰਸਾਰ ਭਰ ਵਿੱਚ ਮੁਨਾਫੇ ਅਤੇ ਅਮੀਰ ਬਣਨ ਦੀ ਜੋ ਦੌੜ ਲੱਗੀ ਹੈ ਉਸ ਨੇ ਵਾਤਾਵਰਨ ਦੀ ਸਭ ਤੋਂ ਵੱਧ ਤਬਾਹੀ ਕੀਤੀ ਹੈ। ਰੇਡੀਓ ਰੈਡ ਐਫ.ਐਮ. ਦੇ ਪੱਤਰਕਾਰ ਰਮਨਜੀਤ ਸਿੱਧੂ ਨੇ ਕੈਲਗਰੀ ਵਿੱਚ ਹੋਏ ਪੰਜ ਵਿਦਿਆਰਥੀਆਂ ਦੇ ਕਤਲ ਲਈ ਦੋਸ਼ੀ ਵਿਅਕਤੀ ਨੂੰ ਅਦਾਲਤ ਵੱਲੋਂ ਦਿੱਤੀ ਗਈ ਸਜ਼ਾ ਦੇ ਕਈ ਪਹਿਲੂਆਂ ਉੱਪਰ ਚਾਨਣਾ ਪਾਇਆ। ਅਦਾਲਤ ਨੇ ਦੋਸ਼ੀ ਵਿਅਕਤੀ ਦੀ ਸਜ਼ਾ ਇਸ ਕਰਕੇ ਘੱਟ ਕਰ ਦਿੱਤੀ ਕਿਉਂਕਿ ਉਸ ਨੂੰ ਕਤਲ ਕਰਨ ਲਈ ਗੈਬੀ ਸ਼ਕਤੀਆਂ ਨੇ ਉਕਸਾਇਆ ਸੀ। ਰਮਨਜੀਤ ਨੇ ਸਿੱਖਿਆ ਅਤੇ ਅਦਾਲਤੀ ਢਾਂਚੇ 'ਤੇ ਚੋਟ ਕਰਦਿਆਂ ਕਿਹਾ ਕਿ ਅਜਿਹੇ ਫੈਸਲਿਆਂ ਨਾਲ ਸਮਾਜ ਵਿੱਚ ਗੈਰ-ਤਰਕਸ਼ੀਲ ਅਤੇ ਗੈਰ-ਵਿਗਿਆਨਕ ਵਿਚਾਰਾਂ ਨੂੰ ਹੁਲਾਰਾ ਮਿਲਦਾ ਹੈ। ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਉਹਨਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਿੱਦਿਅਕ ਢਾਂਚੇ ਨੂੰ ਹਕੀਕਤਮੁਖੀ ਬਣਾਉਣ ਦੀ ਲੋੜ ਹੈ। ਇਸ ਮੌਕੇ ਹਾਜ਼ਰ ਵਿਅਕਤੀਆਂ ਵੱਲੋਂ ਸਵਾਲ ਵੀ ਪੁੱਛੇ ਗਏ ਜਿਸ ਵਿੱਚ ਦਰਸ਼ਨ ਧਾਲੀਵਾਲ, ਸੁਖਰਾਮ ਸੰਧੂ, ਰਮੇਸ਼ ਆਨੰਦ, ਵਕੀਲ ਤਰਨਜੀਤ ਔਜਲਾ ਅਤੇ ਗੁਰਬਚਨ ਬਰਾੜ ਨੇ ਭਾਗ ਲਿਆ। ਦੋਵੇਂ ਬੁਲਾਰਿਆਂ ਨੇ ਤਸੱਲੀਬਖਸ਼ ਜਵਾਬ ਦਿੱਤੇ। ਇਸ ਮੀਟਿੰਗ ਵਿੱਚ ਭਾਗ ਲੈਣ ਲਈ ਲੈੱਥਬਰਿੱਜ ਤੋਂ ਵਿਸ਼ੇਸ ਤੌਰ 'ਤੇ ਪੁੱਜੇ ਬਲਜਿੰਦਰ ਬੁਰਾ ਨੇ ਵਿਚਾਰ ਰੱਖੇ। ਮੀਟਿੰਗ ਦੇ ਵਿਸ਼ਿਆਂ ਨਾਲ ਸਬੰਧਤ ਪੜ੍ਹੀਆਂ ਗਈਆਂ ਕਵਿਤਾਵਾਂ ਵਿੱਚ ਗੁਰਬਚਨ ਬਰਾੜ, ਸੁਰਿੰਦਰ ਗੀਤ, ਅਵੀ ਜਸਵਾਲ ਨੇ ਹਿੱਸਾ ਲਿਆ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਸੋਹਨ ਮਾਨ ਨੇ ਦੋ ਕਿਤਾਬਾਂ 'ਲਹਿਰਾਂ ਦੇ ਅੰਗ-ਸੰਗ' ਅਤੇ 'ਚੀਨ ਦੀ ਯਾਤਰਾ' ਬਾਰੇ ਸੰਖੇਪ ਜਾਣਕਾਰੀ ਦਿੱਤੀ। **-ਮਾਸਟਰ ਭਜਨ ਸਿੰਘ**

ਜ਼ੋਨ ਮਾਨਸਾ : 'ਖੁਦਕੁਸ਼ੀਆਂ ਕਿਉਂ ਕਰਦੇ ਨੇ ਲੋਕ' ਅਤੇ 'ਨਸ਼ਿਆਂ ਦੇ ਮਾਰੂ ਪ੍ਰਭਾਵ' ਵਿਸ਼ੇ 'ਤੇ ਸੈਮੀਨਾਰ : ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਮਾਨਸਾ ਤੇ ਰੈਡੀਕਲ ਪੀਪਲਜ਼ ਫੋਰਮ ਵੱਲੋਂ ਕਰਵਾਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸੂਬਾ ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ ਨੇ ਵਿਗਿਆਨਕ ਨਜ਼ਰੀਏ ਤੋਂ ਸਮਾਜ ਵਿੱਚ ਖੁਦਕੁਸ਼ੀਆਂ ਦੀ ਦਰ ਵਿੱਚ ਵੱਡਾ ਵਾਧਾ ਹੋਣ ਦੇ ਵੱਖ-ਵੱਖ ਕਾਰਨਾਂ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਵਧ ਰਹੇ ਖੇਤੀ ਸੰਕਟ, ਕਰਜ਼ੇ ਤੇ ਆਰਥਿਕ ਮੰਦੇ ਦੇ ਨਾਲ-ਨਾਲ ਖਪਤਕਾਰ ਸੱਭਿਆਚਾਰ, ਇੱਛਾਵਾਂ ਤੇ ਲਾਲਸਾਵਾਂ ਵੀ ਖੁਦਕੁਸ਼ੀਆਂ ਦੇ ਕਾਰਨ ਹਨ। ਉਨ੍ਹਾਂ ਕਿਹਾ ਕਿ ਜਿੱਥੇ ਨਿਰਾਸ਼ਾ ਦੇ ਸ਼ਿਕਾਰ ਵਿਅਕਤੀਆਂ ਲਈ ਯੋਗ ਇਲਾਜ ਤੇ ਕੌਂਸਲਿੰਗ ਦੀ ਸਖ਼ਤ ਲੋੜ ਹੁੰਦੀ ਹੈ, ਉੱਥੇ ਇਕੱਲਤਾ ਤੇ ਅੰਤਰਮੁਖਤਾ ਨੂੰ ਤਿਆਗ ਕੇ ਆਲੇ-ਦੁਆਲੇ ਦੀ ਜਨਤਾ ਨਾਲ ਜੁੜਨ ਤੇ ਸਮੱਸਿਆਵਾਂ ਦੇ ਹੱਲ ਲਈ ਸੰਗਠਤ ਹੋ ਕੇ ਜੱਦੋ-ਜਹਿਦ ਕਰਨ ਵਾਲੀ ਮਾਨਸਿਕਤਾ ਬਣਾਉਣ ਦੀ ਜ਼ਰੂਰਤ ਹੈ। ਪੰਜਾਬ ਸਿਹਤ ਵਿਭਾਗ ਦੇ ਜਾਇੰਟ ਡਾਇਰੈਕਟਰ ਡਾ. ਜਗਜੀਤ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਮੇਤ ਦੇਸ਼ ਅਤੇ ਦੁਨੀਆਂ ਭਰ ਵਿੱਚ ਨਸ਼ਿਆਂ ਦੇ ਸੰਗਠਤ ਕਾਰੋਬਾਰ ਵਿੱਚ ਵਾਧਾ ਦਰਅਸਲ ਅਮਰੀਕੀ ਰਾਸ਼ਟਰਪਤੀ ਰੀਗਨ ਵੱਲੋਂ ਅਖੌਤੀ ਤੌਰ 'ਤੇ ਸੰਸਾਰ ਨੂੰ ਨਸ਼ਾ ਮੁਕਤ ਕਰਨ ਦੇ ਨਾਂ 'ਤੇ ਆਰੰਭੀ ਕੌਮਾਂਤਰੀ ਮੁਹਿੰਮ ਤੋਂ ਬਾਅਦ ਹੀ ਹੋਇਆ ਹੈ। ਬੇਹਿਸਾਬ ਮੁਨਾਫੇ ਵਾਲੇ ਇਸ ਧੰਦੇ ਨੂੰ ਤਾਕਤਵਰ ਕੌਮਾਂਤਰੀ ਮਾਫੀਏ ਨੇ ਸਾਂਭ ਲਿਆ। ਉਨ੍ਹਾਂ ਕਿਹਾ ਕਿ ਇਸ ਕਾਲੇ ਕਾਰੋਬਾਰ ਵਿਚਲੇ ਅਥਾਹ ਮੁਨਾਫੇ ਕਾਰਨ ਪੰਜਾਬ ਸਮੇਤ ਵੱਖ-ਵੱਖ ਦੇਸ਼ਾਂ ਦੇ ਅਨੇਕਾਂ ਸੱਤਾਧਾਰੀ ਸਿਆਸਤਦਾਨ, ਪੁਲਿਸ ਪ੍ਰਸਾਸ਼ਨ ਦੇ ਅਧਿਕਾਰੀ ਤੇ ਸੁਰੱਖਿਆ ਬਲ ਵੀ ਇਸ ਕਾਰੋਬਾਰ ਵਿੱਚ ਸ਼ਾਮਲ ਹਨ। ਨਸ਼ਿਆਂ ਦੇ ਆਦੀ ਹੋਏ ਲੋਕਾਂ ਨੂੰ ਅਪਰਾਧੀ ਸਮਝਣ ਦੀ ਬਜਾਏ ਮਾਨਸਿਕ ਤੌਰ 'ਤੇ ਬਿਮਾਰ ਸਮਝ ਕੇ ਉਨ੍ਹਾਂ ਦਾ ਇਲਾਜ ਤੇ ਕੌਂਸਲਿੰਗ ਕੀਤੀ ਜਾਵੇ। ਇਸ ਮੌਕੇ ਰੈਡੀਕਲ ਪੀਪਲਜ਼ ਫੋਰਮ ਦੇ ਕਨਵੀਨਰ ਸੁਖਦਰਸ਼ਨ ਨੱਤ, ਜਸਬੀਰ ਕੌਰ ਨੱਤ, ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਰੁਲਦੂ ਸਿੰਘ, ਏਪਵਾ ਆਗੂ ਬਲਵਿੰਦਰ ਕੌਰ, ਅੰਮ੍ਰਿਤ ਰਿਸ਼ੀ, ਡਾ. ਯਾਦਵਿੰਦਰ ਸਿੰਘ, ਡਾ. ਹਰਪਾਲ ਸਿੰਘ ਸਰਾਂ, ਕ੍ਰਿਸ਼ਨ ਮਾਨ ਬੀਬੜੀਆਂ, ਰਾਜੇਸ਼ ਅਕਲੀਆ, ਮਾ. ਹਰਬੰਸ ਸਿੰਘ, ਭੁਪਿੰਦਰ ਫੌਜੀ ਆਦਿ ਹਾਜ਼ਰ ਸਨ। ਮਾ. ਗੁਰਪਿਆਰ ਨੇ ਮੰਚ ਸੰਚਾਲਨ ਕੀਤਾ।

-ਭੁਪਿੰਦਰ ਫੌਜੀ

ਇਕਾਈ ਜੀਰਾ : 'ਸਿਹਤ ਸੱਭਿਆਚਾਰ ਅਤੇ ਅੰਧ ਵਿਸ਼ਵਾਸ' ਵਿਸ਼ੇ 'ਤੇ ਸੈਮੀਨਾਰ : ਮਿਤੀ 22-05-16 ਨੂੰ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਆਯੋਜਿਤ ਸੈਮੀਨਾਰ ਦੇ ਮੁੱਖ ਬੁਲਾਰੇ ਡਾ. ਸ਼ਾਮ ਸੁੰਦਰ ਦੀਪਤੀ ਜੀ ਸਨ । ਡਾ. ਦੀਪਤੀ ਨੇ ਇਲਾਜ ਦੇ ਨਾਮ 'ਤੇ ਫੈਲਾਏ ਜਾ ਰਹੇ ਭਰਮਜਾਲ ਬਾਬਤ ਵਿਸਥਾਰ ਨਾਲ ਦੱਸਿਆ ਕਿ ਬਿਮਾਰੀਆਂ ਦੇ ਕਾਰਨ ਲੱਭਣ ਦੀ ਬਜਾਏ ਇਲਾਜ ਦੇ ਨਾਮ ਉੱਪਰ ਲੁੱਟਿਆ ਜਾ ਰਿਹਾ ਹੈ । ਟੈਸਟ ਰਿਪੋਰਟਾਂ ਦੇ ਆਏ ਰਿਜ਼ਲਟਾਂ ਦੇ ਭਰਮਜਾਲ ਵਿੱਚ ਫਸਿਆ ਮਨੁੱਖ, ਸਰੀਰਕ ਰਸਾਇਣਾਂ ਦੇ ਮਾਮੂਲੀ ਵਾਧੇ-ਘਾਟੇ ਨਾਲ ਆਪਣੇ ਆਪ ਨੂੰ ਮਰੀਜ਼ ਮੰਨ ਕੇ ਡਾਕਟਰਾਂ ਦੇ ਘੇਰੇ ਵਿੱਚ ਫਸਿਆ ਰਹਿੰਦਾ ਹੈ। ਸਵਾਲਾਂ-ਜਵਾਬਾਂ ਦੇ ਸ਼ੈਸ਼ਨ ਦੌਰਾਨ ਹਾਜ਼ਰ ਸਰੋਤਿਆਂ, ਜਿਨ੍ਹਾਂ ਵਿੱਚ ਔਰਤਾਂ ਵੀ ਵੱਡੀ ਗਿਣਤੀ ਸੀ, ਨੇ ਭਰਪੂਰ ਸਵਾਲ ਪੁੱਛੇ ਜਿਨ੍ਹਾਂ ਦੇ ਡਾ. ਦੀਪਤੀ ਨੇ ਤਸੱਲੀਬਖਸ਼ ਉੱਤਰ ਦਿੱਤੇ । ਜਲੰਧਰ ਜ਼ੋਨ ਦੇ ਮੁਖੀ ਸੁਖਦੇਵ ਫਗਵਾੜਾ ਨੇ ਵੀ ਹਾਜ਼ਰ ਸਰੋਤਿਆਂ ਨੂੰ ਭਰਮ ਮੁਕਤ ਜੀਵਨ ਜਿਉਣ ਵੱਲ ਪ੍ਰੇਰਿਤ ਕੀਤਾ । ਅਸ਼ੋਕ ਚੱਟਾਨੀ, ਵੇਦ ਪ੍ਰਕਾਸ਼ ਸੋਨੀ ਅਤੇ ਸੱਤਪਾਲ ਤਲਵੰਡੀ ਭਾਈ ਨੇ ਵੀ ਸੰਬੋਧਨ ਕੀਤਾ । ਸਟੇਜ਼ ਸਕੱਤਰ ਦੀ ਜ਼ਿੰਮੇਵਾਰੀ ਤਰਸੇਮ ਚੋਹਲਾ ਨੇ ਬਾਖੂਬੀ ਨਿਭਾਈ । ਇਸ ਮੌਕੇ ਭੁਪਿੰਦਰ ਮੁੱਦਕੀ ਵੱਲੋਂ ਪੁਸਤਕ ਅਤੇ ਤਰਕਸ਼ੀਲ ਪ੍ਰਦਰਸ਼ਨੀ ਵੀ ਲਗਾਈ ਗਈ ਜਿਸ ਨੂੰ ਹਾਜ਼ਰ ਸਰੋਤਿਆਂ ਨੇ ਖੂਬ ਸਲਾਹਿਆ ਅਤੇ ਤਰਕਸ਼ੀਲ ਸਾਹਿਤ ਵੀ ਖਰੀਦਿਆ । ਇਸ ਸੈਮੀਨਾਰ ਵਿੱਚ ਅੰਗਰੇਜ਼ ਸਿੰਘ ਇੱਟਾਂ ਵਾਲੀ, ਮਲਕੀਤ ਸਿੰਘ ਗਾਦੜੀ ਵਾਲਾ, ਹਰਚਰਨ ਸਿੰਘ ਚੋਹਲਾ, ਲਵਪ੍ਰੀਤ ਫੇਰੋਕੇ, ਅਮਰਜੀਤ ਸੱਗੂ, ਨਛੱਤਰ ਸਿੰਘ ਠੇਕੇਦਾਰ, ਤੇਜਵੀਰ ਸਿੰਘ ਸੁੱਖੇ ਵਾਲਾ, ਗੁਰਪ੍ਰੀਤ ਸਿੰਘ ਮੱਲੋਕੇ, ਗੁਰਚਰਨ ਨੂਰਪੁਰ, ਗੁਰਸੇਵਕ ਸਿੰਘ ਚੋਹਲਾ ਆਦਿ ਨੇ ਸਰਗਰਮੀ ਨਾਲ ਭਾਗ ਲਿਆ । ਅੰਤ ਵਿੱਚ ਇਕਾਈ ਮੁਖੀ ਪਰਮਜੀਤ ਵਿਦਿਆਰਥੀ ਨੇ ਸੈਮੀਨਾਰ ਨੂੰ ਸਫਲ ਬਣਾਉਣ ਲਈ ਸਭ ਦਾ ਧੰਨਵਾਦ ਕੀਤਾ । **-ਵੇਦ ਪ੍ਰਕਾਸ਼ ਸੋਨੀ**

ਇਕਾਈ ਮੋਹਾਲੀ : ਫਿਲਮ ਸ਼ੋਅ : 4 ਮਈ 2016 ਨੂੰ ਮੁੱਲਾਂਪੁਰ ਗਰੀਬਦਾਸ, ਨੇੜੇ ਚੰਡੀਗੜ੍ਹ ਵਿਖੇ ਅੰਧ ਵਿਸ਼ਵਾਸਾਂ ਵਿਰੁੱਧ ਤਰਕਸ਼ੀਲ ਸੀਰੀਅਲ ਦਿਖਾਏ ਗਏ । ਇਹ ਪ੍ਰੋਗਰਾਮ ਸ਼ਾਮੀਂ ਸ਼ੁਰੂ ਹੋ ਕੇ ਦੇਰ ਰਾਤ ਤੱਕ ਚੱਲਿਆ । ਇਸ ਮੌਕੇ ਜਰਨੈਲ ਕ੍ਰਾਂਤੀ, ਲੈਕਚਰਾਰ ਸੁਰਜੀਤ ਸਿੰਘ ਆਦਿ ਨੇ ਸੰਬੋਧਨ ਕੀਤਾ । ਪ੍ਰੋਗਰਾਮ ਕਰਵਾਉਣ ਲਈ ਗੋਰਾ ਹੁਸ਼ਿਆਰਪੁਰੀ, ਹਰਵਿੰਦਰ ਹੁਸ਼ਿਆਰਪੁਰੀ, ਸਮਸ਼ੇਰ, ਬਲਵਿੰਦਰ ਬਟੇਰਲਾ ਅਤੇ ਪਿੰਡ ਵਾਸੀਆਂ ਦਾ ਵਿਸ਼ੇਸ ਸਹਿਯੋਗ ਰਿਹਾ । ਪ੍ਰੋਗਰਾਮ ਮੌਕੇ ਔਰਤਾਂ ਦੀ ਗਿਣਤੀ ਸਰਾਹੁਣਯੋਗ ਸੀ । ਪ੍ਰੋਗਰਾਮ ਦੀ ਸਮਾਪਤੀ ਤੇ ਧਰਮ ਅਤੇ ਵਿਗਿਆਨ ਵਿੱਚ ਅੰਤਰ ਕਰਦਾ ਪਰਚਾ ਪਿੰਡ ਵਾਸੀਆਂ ਨੂੰ ਵੰਡਿਆ ਗਿਆ ਅਤੇ ਪੁਸਤਕ ਪ੍ਰਦਰਸ਼ਨੀ ਲਾਈ ਗਈ । **-ਹਰਪ੍ਰੀਤ**

ਇਕਾਈ ਰੋਪੜ :

26 ਫਰਵਰੀ : ਪਿੰਡ ਚੱਕਕਰਮਾ ਦੇ ਸਕੂਲ ਵਿੱਚ ਵਿਗਿਆਨ ਦਿਵਸ ਮਨਾਇਆ। **29 ਫਰਵਰੀ :** ਗੁਰੂ ਰਾਮ ਰਾਏ ਪਬਲਿਕ ਸਕੂਲ, ਘਨੌਲਾ ਵਿਖੇ ਪ੍ਰੋਗਰਾਮ। **07 ਮਾਰਚ :** 'ਵਿਗਿਆਨਕ ਨਜ਼ਰੀਆ' ਵਿਸ਼ੇ 'ਤੇ ਸੈਮੀਨਾਰ। **19 ਮਾਰਚ :** ਕਿਤਾਬਾਂ ਦੀ ਸਟਾਲ ਅਤੇ ਸਰੀਰ ਦਾਨ ਦੇ ਫਾਰਮ ਭਰੇ। **23 ਮਾਰਚ :** ਕਿਤਾਬਾਂ ਦੀ ਸਟਾਲ, ਚਾਰਟ-ਪ੍ਰਦਰਸ਼ਨੀ ਅਤੇ ਇਸ਼ਤਿਹਾਰ ਵੰਡੇ। ਲਗਭਗ 7 ਹਜ਼ਾਰ ਇਸ਼ਤਿਹਾਰ 23 ਮਾਰਚ ਦੇ ਸ਼ਹੀਦਾਂ ਨਾਲ ਸਬੰਧਤ ਰੋਪੜ ਅਤੇ ਨੂਰਪੁਰ ਬੇਦੀ ਇਲਾਕਿਆਂ ਵਿੱਚ ਅਖ਼ਬਾਰਾਂ ਰਾਹੀਂ ਭੇਜੇ ਗਏ । ਹੱਥੋ-ਹੱਥੀਂ ਵੀ ਵੰਡੇ ਗਏ। **27 ਮਾਰਚ :** ਕਿਤਾਬਾਂ ਦੀ ਸਟਾਲ, ਪ੍ਰਦਰਸ਼ਨੀ ਅਤੇ ਇਸ਼ਤਿਹਾਰ ਵੰਡੇ। **14 ਅਪ੍ਰੈਲ :** ਅੰਬੇਦਕਰ ਦਿਵਸ 'ਤੇ ਸਟਾਲ + ਪ੍ਰੋਗਰਾਮ + ਇਸ਼ਤਿਹਾਰ ਵੰਡੇ। **17 ਮਈ :** ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਨੰਦਪੁਰ ਸਾਹਿਬ ਵਿਖੇ ਪ੍ਰੋਗਰਾਮ। **19 ਮਈ :** ਸਰਕਾਰੀ ਹਾਈ ਸਕੂਲ ਸੈਕਟਰ-53 ਵਿਖੇ ਚੰਡੀਗੜ੍ਹ ਇਕਾਈ ਨਾਲ ਸਾਂਝਾ ਪ੍ਰੋਗਰਾਮ। **25 ਮਈ :** ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ (D.I.E.T.) ਰੋਪੜ ਵਿਖੇ ਪ੍ਰੋਗਰਾਮ। **27 ਮਈ :** ਸਤਲੁਜ ਪਬਲਿਕ ਸਕੂਲ, ਹੁਸੈਨਪੁਰ ਵਿਖੇ ਪ੍ਰੋਗਰਾਮ। **28 ਮਈ :** ਸਰਕਾਰੀ ਹਾਈ ਸਕੂਲ, ਕਜਹੇੜੀ ਵਿਖੇ ਚੰਡੀਗੜ੍ਹ ਇਕਾਈ ਨਾਲ ਸਾਂਝਾ ਪ੍ਰੋਗਰਾਮ। **ਵਿਸ਼ੇਸ : ਟੀਮ ਵਿੱਚ ਸ਼ਾਮਲ ਮੈਂਬਰ : ਅਸ਼ੋਕ ਕੁਮਾਰ, ਪਵਨ ਰੱਤੋ ਅਤੇ ਅਜੀਤ ਪ੍ਰਦੇਸ਼ੀ।**

ਇਕਾਈ ਚੰਡੀਗੜ੍ਹ : ਜਾਗਰੂਕਤਾ ਪ੍ਰੋਗਰਾਮ : 1) ਇਕਾਈ ਵੱਲੋਂ ਬੱਚਿਆਂ ਨੂੰ ਜਾਗਰੂਕ ਕਰਨ ਲਈ ਸਰਕਾਰੀ ਹਾਈ (ਸਮਾਰਟ) ਸਕੂਲ, ਸੈਕਟਰ-53 ਵਿੱਚ ਪ੍ਰੋਗਰਾਮ ਕਰਵਾਇਆ ਗਿਆ । ਸੁਸਾਇਟੀ ਵੱਲੋਂ ਸਾਥੀ ਜੋਗਾ ਸਿੰਘ, ਪ੍ਰੇਮ ਸਿੰਘ, ਰਾਜ ਕੁਮਾਰ ਭਟਨਾਗਰ ਤੇ ਗਿਆਨ ਚੰਦ ਆਦਿ ਸਮੇਤ ਹੋਰਨਾਂ ਨੇ ਬੱਚਿਆਂ ਨੂੰ ਸੁਸਾਇਟੀ ਦੇ ਇਤਿਹਾਸ ਬਾਰੇ ਸੰਖੇਪ ਜਾਣਕਾਰੀ ਦਿੱਤੀ । ਜਾਦੂ ਦੇ ਟਰਿੱਕ ਵਿਖਾ ਕੇ ਬੱਚਿਆਂ ਨੂੰ ਗੈਬੀ ਸ਼ਕਤੀ ਤੇ ਵਹਿਮਾਂ-ਭਰਮਾਂ 'ਚੋਂ ਬਾਹਰ ਨਿਕਲਣ ਲਈ ਪ੍ਰੇਰਿਆ ਗਿਆ । ਇਸ ਮੌਕੇ ਤਰਕਸ਼ੀਲ ਸਾਹਿਤ ਦਾ ਸਟਾਲ ਵੀ ਲਾਇਆ ਗਿਆ ।

2) ਪਿੰਡ ਕਜਹੇੜੀ, ਸੈਕਟਰ-52 ਦੇ ਸਰਕਾਰੀ ਹਾਈ ਸਕੂਲ ਵਿੱਚ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ । ਸੁਸਾਇਟੀ ਦੇ ਜਥੇਬੰਦਕ ਮੁਖੀ ਜੋਗਾ ਸਿੰਘ ਨੇ ਵਿਦਿਆਰਥੀਆਂ ਨੂੰ ਸਮਾਜ ਵਿੱਚ ਫੈਲ ਰਹੇ ਅੰਧ ਵਿਸ਼ਵਾਸ ਖਿਲਾਫ਼ ਇੱਕਜੁੱਟ ਹੋ ਕੇ ਲੜਨ ਤੇ ਜੀਵਨ ਵਿੱਚ ਵਿਗਿਆਨਕ ਸੋਚ ਦੇ ਧਾਰਣੀ ਬਣਨ ਲਈ ਪ੍ਰੇਰਿਆ । ਸਾਥੀ ਅਜੀਤ ਪ੍ਰਦੇਸੀ ਤੇ ਸਿਕੰਦਰ ਸਿੰਘ ਨੇ ਮੈਜਿਕ ਟਰਿਕਸ ਵਿਖਾਏ । ਇਸ ਮੌਕੇ ਸਾਥੀ ਪ੍ਰੇਮ ਸਿੰਘ ਨੇ ਸੁਸਾਇਟੀ ਵੱਲੋਂ ਰੱਖੀਆਂ 23 ਸ਼ਰਤਾਂ ਬਾਰੇ ਦੱਸਿਆ । ਇਸ ਦੌਰਾਨ ਤਰਕਸ਼ੀਲ ਸਾਹਿਤ ਦਾ ਸਟਾਲ ਵੀ ਲਾਇਆ ਗਿਆ ।

ਜ਼ੋਨ : ਸੰਗਰੂਰ-ਬਰਨਾਲਾ

ਇਕਾਈ ਸੰਗਰੂਰ : 'ਮਨੁੱਖ ਦੀ ਉਤਪਤੀ ਦਾ ਇਤਿਹਾਸ' ਵਿਸ਼ੇ 'ਤੇ ਸੈਮੀਨਾਰ : 15 ਮਈ 2016 ਨੂੰ ਈਟਿੰਗ ਮਾਲ ਵਿਖੇ ਇੱਕ ਰੋਜ਼ਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ ।ਇਸ ਸੈਮੀਨਾਰ ਦੇ ਮੁੱਖ ਬੁਲਾਰੇ ਡਾ. ਅਵਤਾਰ ਸਿੰਘ ਢੀਂਡਸਾ ਸਨ । ਸ਼ੁਰੂ ਵਿੱਚ ਇਕਾਈ ਮੁਖੀ ਮਾਸਟਰ ਪਰਮਵੇਦ ਨੇ ਹਾਜ਼ਰੀਨ ਦਾ ਸਵਾਗਤ ਕਰਦਿਆਂ ਸੈਮੀਨਾਰ ਦੀ ਰੂਪ-ਰੇਖਾ ਦੱਸੀ । ਮੁੱਖ ਬੁਲਾਰੇ ਡਾ. ਅਵਤਾਰ ਸਿੰਘ ਢੀਂਡਸਾ ਨੇ ਵਿਸ਼ੇ ਉੱਪਰ ਬੋਲਦਿਆਂ ਕਿਹਾ ਕਿ ਆਮ ਕਹਾਵਤ ਹੈ ਕਿ ਮੁਰਦੇ ਬੋਲਦੇ ਨਹੀਂ ਪ੍ਰੰਤੂ ਵਿਗਿਆਨ ਅਨੁਸਾਰ ਮੁਰਦੇ ਸਭ ਕੁੱਝ ਬੋਲਦੇ/ਦੱਸਦੇ ਹਨ । ਮਨੁੱਖ ਦੇ ਵਿਕਾਸ ਦਾ ਇਤਿਹਾਸ ਮ੍ਰਿਤ ਪਥਰਾਟਾਂ ਤੋਂ ਹੀ ਪੜ੍ਹਿਆ ਗਿਆ । ਪਥਰਾਟਾਂ ਦੀ ਉਮਰ/ਸਮਾਂ ਕਾਰਬਨ ਡੇਟਿੰਗ ਅਤੇ ਚਟਾਨੀ ਤਹਿਆਂ ਤੋਂ ਪਤਾ ਲਗਾਇਆ ਗਿਆ । ਤਾਪਮਾਨ ਅਤੇ ਪ੍ਰਸਥਿਤੀਆਂ ਕਾਰਨ ਜੰਤੂਆਂ ਦੇ ਡੀ.ਐਨ.ਏ. ਵਿੱਚ ਤਬਦੀਲੀਆਂ ਆਉਣ ਨਾਲ ਉਨ੍ਹਾਂ ਦੀ ਸਰੀਰਕ ਬਣਤਰ ਅਤੇ ਦਿਮਾਗ ਵਿੱਚ ਆਈਆਂ ਤਬਦੀਲੀਆਂ ਦੇ ਸਿੱਟੇ ਵਜੋਂ ਅੱਜ ਦੇ ਮਨੁੱਖ ਦਾ ਵਿਕਾਸ ਚਿੰਪੈਂਜੀ, ਬਾਂਦਰ, ਗੁਰੀਲਾ ਅਤੇ ਵਣ ਮਾਨਸਾਂ ਦੇ ਨਾਲ-ਨਾਲ ਹੀ ਹੋਇਆ ।ਇਹ ਸਾਰੇ ਆਪਸ ਵਿੱਚ ਦੂਰ ਦੀ ਵਿਰਾਸਤ ਦੇ ਰਿਸ਼ਤੇਦਾਰ ਹਨ । ਸ਼ਰੀਰਕ ਬਣਤਰ ਅਨੁਸਾਰ ਆਧੁਨਿਕ ਮਨੁੱਖ ਲਗਭਗ 13,00,000 ਸਾਲ ਪਹਿਲਾਂ ਤੋਂ 1,00,000 ਸਾਲ ਪਹਿਲਾਂ ਅਫਰੀਕਾ ਵਿੱਚ ਵਿਕਸਿਤ ਹੋਇਆ । ਮਨੁੱਖ ਵਿੱਚ ਭਾਸ਼ਾ ਅਤੇ ਬੋਲੀ ਦਾ ਵਿਕਾਸ ਉਸਦੀ ਸੋਚ ਪ੍ਰਕਿਰਿਆ ਦੇ ਸ਼ੁਰੂ ਹੋਣ ਸਮੇਂ ਹੀ ਹੋਇਆ ।ਉਨ੍ਹਾਂ ਦੱਸਿਆ ਕਿ ਨਰ ਅਤੇ ਮਾਦਾ ਦਾ ਵਖਰੇਵਾਂ ਗੰਡੋਏ ਵਰਗੇ ਜੀਵਾਂ ਤੋਂ ਹੀ ਸ਼ੁਰੂ ਹੋਇਆ ਸੀ ਅਤੇ ਆਦਮੀ ਤੇ ਔਰਤ ਇਸ ਵਿਕਾਸ ਦੀ ਪੌੜੀ ਦੇ ਸ਼ਿਖਰਲੇ ਡੰਡੇ ਉੱਤੇ ਹਨ । ਸਵਾਲ-ਜਵਾਬ ਸ਼ੈਸ਼ਨ ਵਿੱਚ ਰਾਮ ਕੁਮਾਰ ਪਟਿਆਲਾ, ਪ੍ਰਿੰਸੀਪਲ ਜਗਦੇਵ ਸਿੰਘ ਸੋਹੀ, ਇੰਜ: ਦਵਿੰਦਰ ਸਿੰਘ, ਦਾਤਾ ਸਿੰਘ, ਸੰਜੀਵ ਮਿੰਟੂ, ਲੈਕਚਰਾਰ ਕ੍ਰਿਸ਼ਨ ਸਿੰਘ, ਅਮਰੀਕ ਸਿੰਘ ਖੋਖਰ, ਚਮਕੌਰ ਸਿੰਘ, ਗਗਨਦੀਪ ਸਿੰਘ, ਮਨਪ੍ਰੀਤ ਸਿੰਘ ਜੋਗਾ, ਸਵਰਨਜੀਤ ਸਿੰਘ, ਜਗਰੂਪ ਸਿੰਘ ਜਵੰਧਾ, ਐਡਵੋਕੇਟ ਮਿੱਤ ਸਿੰਘ, ਲੈਕਚਰਾਰ ਗੁਲਜ਼ਾਰ ਸਿੰਘ, ਗੁਰਮੁੱਖ ਸਿੰਘ ਨੇ ਭਾਗ ਲਿਆ ।ਸੁਰਜੀਤ ਸਿੰਘ ਭੱਠਲ ਅਤੇ ਗੁਰਮੁੱਖ ਸਿੰਘ ਨੇ ਤਰਕਸ਼ੀਲ ਗੀਤਾਂ ਨਾਲ ਵਿਗਿਆਨਕ ਵਿਚਾਰਾਂ ਦਾ ਚਾਨਣ ਵਿਖੇਰਿਆ ਅਤੇ ਲੈਕਚਰਾਰ ਕ੍ਰਿਸ਼ਨ ਸਿੰਘ ਨੇ ਸੈਮੀਨਾਰ ਵਿੱਚ ਸ਼ਾਮਲ ਸਾਰਿਆਂ ਦਾ ਧੰਨਵਾਦ ਕੀਤਾ ।

ਤਰਕਸ਼ੀਲ ਸਮਾਗਮ : 21 ਮਈ 2016 ਨੂੰ ਸੀਨੀਅਰ ਸੈਕੰਡਰੀ ਸਕੂਲ, ਸੰਗਰੂਰ ਵਿਖੇ ਇੱਕ ਸਿੱਖਿਆਦਾਇਕ ਤਰਕਸ਼ੀਲ ਸਮਾਗਮ ਪੇਸ਼ ਕੀਤਾ । ਸਭ ਤੋਂ ਪਹਿਲਾਂ ਲੈਕਚਰਾਰ ਗੁਰਤੇਜ਼ ਸਿੰਘ ਨੇ ਤਰਕਸ਼ੀਲ ਮੈਂਬਰਾਂ ਨਾਲ ਜਾਣ-ਪਛਾਣ ਕਰਵਾਈ । ਇਸ ਉਪਰੰਤ ਸਕੂਲ ਪ੍ਰਿੰਸੀਪਲ ਰਾਜਿੰਦਰ ਸਿੰਗਲਾ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ ਬੱਚਿਆਂ ਨੂੰ ਵਿਗਿਆਨਕ ਸੋਚ ਅਪਨਾਉਣ ਦਾ ਸੁਨੇਹਾ ਦਿੱਤਾ ।ਇਸ ਮੌਕੇ ਸਥਾਨਕ ਇਕਾਈ ਦੇ ਮੁਖੀ ਮਾਸਟਰ ਪਰਮਵੇਦ ਨੇ ਸੰਬੋਧਨ ਕੀਤਾ । ਇਸ ਮੌਕੇ ਸੁਸਾਇਟੀ ਦੇ ਵਿਸ਼ੇਸ ਸੱਦੇ 'ਤੇ ਪਹੁੰਚੇ ਜ਼ੋਨ ਪਟਿਆਲਾ ਦੇ ਮੁਖੀ ਰਾਮ ਕੁਮਾਰ ਨੇ ਜਾਦੂ ਸ਼ੋਅ ਪੇਸ਼ ਕਰਦਿਆਂ ਕਿਹਾ ਕਿ ਜਾਦੂ ਇੱਕ ਕਲਾ ਹੈ, ਹੱਥ ਦੀ ਸਫਾਈ ਹੈ ।ਇਸ ਵਿੱਚ ਕੋਈ ਗੈਬੀ ਸ਼ਕਤੀ ਨਹੀਂ ।ਇਸ ਮੌਕੇ ਤਰਕਸ਼ੀਲ ਆਗੂ ਸੁਰਜੀਤ ਸਿੰਘ ਭੱਠਲ ਨੇ ਤਰਕਸ਼ੀਲ ਗੀਤਾਂ ਰਾਹੀਂ ਵਿਗਿਆਨਕ ਵਿਚਾਰਾਂ ਦਾ ਚਾਨਣ ਵਿਖੇਰਿਆ । ਲੈਕਚਰਾਰ ਗੁਰਤੇਜ਼ ਸਿੰਘ ਅਤੇ ਜਸਪਾਲ ਸਿੰਘ ਨੇ ਸਟੇਜ਼ ਸੰਚਾਲਨ ਕੀਤਾ । ਇਸ ਮੌਕੇ ਲੈਕਚਰਾਰ ਪ੍ਰਵੀਨ ਮਨਚੰਦਾ, ਲੈਕਚਰਾਰ ਜਸਪਾਲ ਸਿੰਘ, ਸ੍ਰੀਮਤੀ ਗੁਰਪ੍ਰੀਤ ਕੌਰ, ਸੁਖਪਾਲ ਕੌਰ, ਰਵਿੰਦਰ ਕੌਰ, ਮਨਪ੍ਰੀਤ ਕੌਰ, ਈਨੂੰ ਬਾਂਸਲ, ਅੰਜੂ ਜੈਨ, ਸੁਨੀਤਾ ਰਾਣੀ, ਸਰਲਾ ਦੇਵੀ ਆਦਿ ਹਾਜ਼ਰ ਸਨ ।

ਤਰਕਸ਼ੀਲ ਪ੍ਰੋਗਰਾਮ : ਹੈੱਡ ਟੀਚਰ ਸ੍ਰੀਮਤੀ ਬਿੰਦੂ ਲਤਾ ਤੇ ਈ.ਟੀ.ਟੀ. ਅਧਿਆਪਕਾ ਸ੍ਰੀਮਤੀ ਬਿਮਲਜੀਤ ਕੌਰ ਦੀ ਅਗਵਾਈ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਦੁੱਗਾਂ ਵਿਖੇ ਲਗਾਏ ਸਮਰ ਕੈਂਪ ਦੇ ਆਖਰੀ ਦਿਨ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ । ਪ੍ਰੋਗਰਾਮ ਦੀ ਸ਼ੁਰੂਆਤ ਪਿੰਡ ਦੇ ਸਰਪੰਚ ਹਰਪ੍ਰੀਤ ਸਿੰਘ ਵੱਲੋਂ ਸ਼ਮ੍ਹਾਂ ਰੌਸ਼ਨ ਕਰਨ ਉਪਰੰਤ ਹੋਈ ।ਇਸ ਮੌਕੇ ਇਕਾਈ ਮੁਖੀ ਮਾਸਟਰ ਪਰਮਵੇਦ ਨੇ ਸੰਬੋਧਨ ਕੀਤਾ ।ਇਸ ਮੌਕੇ ਸੁਰਜੀਤ ਸਿੰਘ ਭੱਠਲ ਨੇ ਤਰਕਸ਼ੀਲ ਗੀਤਾਂ ਰਾਹੀਂ ਵਿਗਿਆਨਕ ਵਿਚਾਰਧਾਰਾ ਅਪਨਾਉਣ ਦਾ ਸੁਨੇਹਾ ਦਿੱਤਾ । ਲੈਕ: ਕ੍ਰਿਸ਼ਨ ਸਿੰਘ ਨੇ ਜਾਦੂ ਸ਼ੋਅ ਪੇਸ਼ ਕੀਤਾ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਧਿਆਪਕ ਰੋਮੀ ਸਿੰਘ, ਪੰਚ ਦਲਵਾਰਾ ਸਿੰਘ, ਨਿਰਮਲ ਸਿੰਘ, ਕੁਲਵੰਤ ਸਿੰਘ, ਜਾਗਰ ਸਿੰਘ, ਬਲਵੀਰ ਸਿੰਘ, ਬਚਿੱਤਰ ਸਿੰਘ ਵਿਸ਼ੇਸ ਤੌਰ 'ਤੇ ਹਾਜ਼ਰ ਸਨ ।ਪੰਚਾਇਤ ਵੱਲੋਂ ਤਰਕਸ਼ੀਲ ਟੀਮ ਸਮੇਤ ਅਧਿਆਪਕਾਂ ਨੂੰ ਸਨਮਾਨਤ ਕੀਤਾ ਗਿਆ ।

ਇਕਾਈ ਧੂਰੀ : ਸਮਰ ਕੈਂਪਾਂ ਵਿੱਚ ਤਰਕਸ਼ੀਲ ਪ੍ਰੋਗਰਾਮ : ਇਸ ਸ਼ੈਸ਼ਨ ਦੀਆਂ ਚੱਲ ਰਹੀਆਂ ਗਰਮੀ ਦੀਆਂ ਛੁੱਟੀਆਂ ਵਿੱਚ ਵੱਖ-ਵੱਖ ਸਕੂਲਾਂ ਵਿੱਚ ਲੱਗੇ ਸਮਰ-ਕੈਂਪਾਂ ਵਿੱਚ ਇਕਾਈ ਧੂਰੀ ਨੇ ਪ੍ਰੋਗਰਾਮ ਪੇਸ਼ ਕੀਤੇ । ਪਹਿਲਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੇਨੜਾ ਵਿੱਚ ਤਿੰਨ ਦਿਨਾਂ ਸਮਰ ਕੈਂਪ ਦੀ ਸਮਾਪਤੀ ਮੌਕੇ ਵਿਦਿਆਰਥੀਆਂ ਲਈ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ । ਇਸ ਮੌਕੇ ਜਾਦੂ ਦੇ ਟ੍ਰਿੱਕ ਵਿਖਾ ਕੇ ਵਿਦਿਆਰਥੀਆਂ ਦਾ ਮਨੋਰੰਜਨ ਵੀ ਕੀਤਾ ਗਿਆ ।ਇਸ ਮੌਕੇ ਜ਼ੋਨ ਦੇ ਮੀਡੀਆ ਮੁਖੀ ਸੁਖਦੇਵ ਧੂਰੀ ਅਤੇ ਇਕਾਈ ਧੂਰੀ ਦੇ ਆਗੂ ਰਤਨ ਸਿੰਘ ਭੰਡਾਰੀ ਨੇ ਸਮੂਲੀਅਤ ਕੀਤੀ। ਇਸੇ ਤਰ੍ਹਾਂ ਹੀ ਸਮਾਜ ਸੇਵੀ ਸੰਸਥਾ ਮਾਲਵਾ ਫਰੈਂਡਜ਼ ਵੈੱਲਫੇਅਰ ਸੁਸਾਇਟੀ (ਰਜਿ:) ''ਪਰਿਵਰਤਨ'' ਵੱਲੋਂ ਮਾਰਸ਼ਲ ਆਰਟ ਤੇ ਹੋਰ ਕਲਾਵਾਂ ਸੰਬੰਧੀ ਇੱਕ ਸਮਰ ਕੈਂਪ ਧੂਰੀ ਦੇ ਗਰਲਜ਼ ਸਕੂਲ ਵਿਖੇ ਲਗਾਇਆ ਗਿਆ ।ਇਸ ਕੈਂਪ ਵਿੱਚ 100 ਲੜਕੀਆਂ ਨੇ ਭਾਗ ਲਿਆ ।

ਸਮਾਪਤੀ ਮੌਕੇ ਤਰਕਸ਼ੀਲ ਪ੍ਰੋਗਰਾਮ ਕਰਵਾਇਆ ਗਿਆ । ਜਾਦੂ ਦਾ ਸ਼ੋਅ ਵੀ ਪੇਸ਼ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਟ੍ਰਿਕ ਵਿਖਾਏ ਗਏ ।ਇਸ ਪ੍ਰੋਗਰਾਮ ਨੂੰ ਜ਼ੋਨ ਦੇ ਮੀਡੀਆ ਮੁਖੀ ਸੁਖਦੇਵ ਧੂਰੀ ਨੇ ਸੰਬੋਧਨ ਕੀਤਾ ।

- ਸੁਖਦੇਵ ਧੂਰੀ, ਜ਼ੋਨ ਮੀਡੀਆ ਮੁਖੀ

ਇਕਾਈ ਛਾਜਲੀ : ਇਕਾਈ ਆਗੂਆਂ ਲਾਭ ਸਿੰਘ ਛਾਜਲਾ, ਜਸਵੀਰ ਲਾਡੀ, ਪ੍ਰੇਮ ਸਰੂਪ ਛਾਜਲੀ, ਤਾਰਾ ਸਿੰਘ ਆਦਿ ਦੀ ਅਗਵਾਈ ਹੇਠ 'ਕੀ ਜੋਤਿਸ਼ ਵਿਗਿਆਨ ਹੈ ?' ਵਿਸ਼ੇ 'ਤੇ ਪੰਜ ਜੂਨ ਨੂੰ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਦੇ ਮੁੱਖ ਬੁਲਾਰੇ ਜੋਤਿਸ਼ ਬਾਰੇ ਪ੍ਰਸਿੱਧ ਚਿੰਤਕ ਸੁਰਜੀਤ ਦੌਧਰ ਸਨ । ਇਸ ਸੈਮੀਨਾਰ ਦੀ ਪ੍ਰਧਾਨਗੀ ਸੂਬਾ ਆਗੂ ਬਲਬੀਰ ਚੰਦ ਲੌਂਗੋਵਾਲ, ਸਮਾਜ ਸੇਵੀ ਕਰਮ ਸਿੰਘ ਸੱਤਾ, ਜ਼ੋਨ ਆਗੂ ਜੁਝਾਰ ਲੌਂਗੋਵਾਲ, ਇਕਾਈ ਲੌਂਗੋਵਾਲ ਆਗੂ ਕਮਲਜੀਤ ਸਿੰਘ ਅਤੇ 'ਸ਼ਬਦ ਬਾਣ' ਦੇ ਸੰਪਾਦਕ ਦੇਸ਼ ਰਾਜ ਛਾਜਲੀ ਆਦਿ ਨੇ ਕੀਤੀ ।ਬੀਰ ਦਵਿੰਦਰ ਕੌਰ ਛਾਜਲਾ ਵੱਲੋਂ ਅਗਾਂਹਵਧੂ ਗੀਤ ਪੇਸ਼ ਕੀਤੇ ਗਏ ।'ਭਾਨਾ ਜਾਦੂਗਰ' ਵੱਲੋਂ ਜਾਦੂ ਦੇ ਟ੍ਰਿਕ ਵਿਖਾਏ ਗਏ । ਇਸ ਮੌਕੇ'ਤੇ ਪਿੰਡ ਦੇ ਦਸਵੀਂ, +2 ਵਿੱਚੋਂ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਗਿਆ ।

ਇਕਾਈ ਬਰਨਾਲਾ : 'ਵਰਤਮਾਨ ਖੁਦਕਸ਼ੀਆਂ ਦਾ ਵਰਤਾਰਾ- ਕਿਉਂ, ਕਦੋਂ ਤੇ ਕਿਵੇਂ' ਵਿਸ਼ੇ ਤੇ ਸੈਮੀਨਾਰ : ਇਕਾਈ ਵੱਲੋਂ ਇਹ ਸੈਮੀਨਾਰ 25 ਜੂਨ ਨੂੰ ਸਿਟੀ ਬੈਂਕੁਇਟ ਹਾਲ, ਬਰਨਾਲਾ ਵਿਖੇ ਕਰਵਾਇਆ ਗਿਆ।ਮੁੱਖ ਬੁਲਾਰੇ ਡਾ. ਸੰਦੀਪ ਯੂ.ਕੇ. ਮਨੋਰੋਗ ਮਾਹਰ ਨੇ ਖੁਦਕਸ਼ੀ ਕੀ ਹੈ, ਇਹ ਕਿਉਂ ਕੀਤੀ ਜਾਂਦੀ ਹੈ, ਖੁਦਕਸ਼ੀ ਵੱਲ ਵਧ ਰਹੇ ਵਿਅਕਤੀ ਦੀ ਕੀ ਪਛਾਣ ਹੈ ਅਤੇ ਕਿਵੇਂ ਉਸ ਨੂੰ ਰੋਕਿਆ ਜਾ ਸਕਦਾ ਭਾਵ ਖੁਦਕਸ਼ੀਆਂ ਦੀ ਦਰ ਘੱਟ ਕੀਤੀ ਜਾ ਸਕਦੀ ਹੈ, ਬਾਰੇ ਵਿਸਥਾਰ ਨਾਲ ਗੱਲ ਕੀਤੀ।ਵਿਸ਼ੇਸ਼ ਮਹਿਮਾਨ ਡਾ. ਜਸਵੀਰ ਸਿੰਘ ਔਲਖ ਐਸ.ਐਮ.ਓ.(ਸਿਵਲ ਹਸਪਤਾਲ, ਬਰਨਾਲਾ) ਨੇ ਭੀ ਸੰਬੋਧਨ ਕੀਤਾ।ਸਮਾਪਤੀ ਸ਼ਬਦ ਬੋਲਦਿਆਂ ਤਰਕਸ਼ੀਲ ਸੂਬਾ ਆਗੂ ਬਲਵਿੰਦਰ ਬਰਨਾਲਾ ਨੇ ਸਮੁੱਚੀ ਬਹਿਸ ਨੂੰ ਸਮੇਟਿਆ।ਇਕਾਈ ਦੇ ਜਥੇਬੰਦਕ ਮੁਖੀ ਜੋਰਾ ਸਿੰਘ ਖਿਆਲੀ ਦੀ ਅਗਵਾਈ ਹੇਠ ਕਰਵਾਏ ਇਸ ਸੈਮੀਨਾਰ ਦੀ ਪ੍ਰਧਾਨਗੀ ਸੂਬਾਈ ਆਗੂਆਂ ਹੇਮ ਰਾਜ ਸਟੈਨੋ, ਰਜਿੰਦਰ ਭਦੌੜ, ਬਲਬੀਰ ਚੰਦ ਲੌਂਗੋਵਾਲ, ਸਾਬਕਾ ਸੂਬਾ ਸਕੱਤਰ ਡੀ.ਟੀ.ਐੱਫ. ਹਰਚਰਨ ਚੰਨਾ ਨੇ ਕੀਤੀ।ਜੋਨ ਆਗੂ ਜੁਝਾਰ ਲੌਂਗੋਵਾਲ, ਗਮਦੂਰ ਰੰਗੀਲਾ ਅਤੇ ਜੋਰਾ ਸਿੰਘ ਖਿਆਲੀ ਨੇ ਅਗਾਂਹਵਧੂ ਗੀਤ ਪੇਸ਼ ਕੀਤੇ। ਸਟੇਜ ਸੰਚਾਲਨ ਸੋਹਨ ਸਿੰਘ ਨੇ ਕੀਤਾ।

ਇਕਾਈ ਤਰਨਤਾਰਨ : ਨਹਿਰੂ ਯੁਵਾ ਕੇਂਦਰ ਤਰਨਤਾਰਨ ਵੱਲੋਂ ਜ਼ਿਲ੍ਹਾ ਪੱਧਰੀ ਤੰਬਾਕੂ ਵਿਰੋਧੀ ਦਿਵਸ ਪਿੰਡ ਦੇ ਨੌਜਵਾਨ ਸਪੋਰਟਸ ਕਲੱਬ ਦੇ ਸਹਿਯੋਗ ਨਾਲ ਸਰਕਾਰੀ ਹਾਈ ਸਕੂਲ ਬਾਗੜੀਆਂ ਵਿਖੇ ਆਯੋਜਿਤ ਕੀਤਾ ਗਿਆ । ਤਰਕਸ਼ੀਲ ਸੁਸਾਇਟੀ ਵੱਲੋਂ ਰਜਵੰਤ ਸਿੰਘ ਬਾਗੜੀਆਂ ਤੇ ਨਰਿੰਦਰ ਸਿੰਘ ਸੇਖਚੱਕ ਨੇ ਲੋਕਾਂ, ਸਕੂਲੀ ਵਿਦਿਆਰਥੀਆਂ ਤੇ ਕਲੱਬ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਸੁਸਾਇਟੀ ਵੱਲੋਂ ਵਹਿਮਾਂ-ਭਰਮਾਂ ਦੇ ਨਾਲ-ਨਾਲ ਨਸ਼ਿਆਂ ਖਿਲਾਫ਼ ਵੀ ਸੰਘਰਸ਼ ਵਿੱਢਿਆ ਹੋਇਆ ਹੈ ।ਹਰ ਤਰਕਸ਼ੀਲ ਮੇਲੇ ਦੌਰਾਨ ਨਸ਼ਿਆਂ ਦੇ ਮਾਰੂ ਪ੍ਰਭਾਵ ਬਾਰੇ ਜ਼ਰੂਰੀ ਇੱਕ ਨਾਟਕ ਪੇਸ਼ ਕੀਤਾ ਜਾਂਦਾ ਹੈ ।ਉਨ੍ਹਾਂ ਦੱਸਿਆ ਕਿ ਨਸ਼ੇ ਦੀ ਵਰਤੋਂ ਨਾਲ ਸਰੀਰਕ, ਆਰਥਿਕ, ਮਾਨਸਿਕ ਤੇ ਸਮਾਜਿਕ ਨੁਕਸਾਨ ਹੁੰਦਾ ਹੈ । ਨਹਿਰੂ ਯੁਵਾ ਕੇਂਦਰ ਦੇ ਕੋਆਰਡੀਨੇਟਰ ਬਿਕਰਮ ਸਿੰਘ ਗਿੱਲ ਨੇ ਦੱਸਿਆ ਕਿ ਪਿੰਡਾਂ ਦੀਆਂ ਕਲੱਬਾਂ ਨਸ਼ਿਆਂ ਦੇ ਮਾਰੂ ਪ੍ਰਭਾਵ ਸਬੰਧੀ ਆਮ ਜਨਤਾ ਨੂੰ ਜਾਗਰਿਤ ਕਰ ਰਹੀਆਂ ਹਨ ।ਇਸ ਮੌਕੇ ਪ੍ਰਿੰਸੀਪਲ ਬਲਬੀਰ ਸਿਘ, ਸਰਪੰਚ ਬਿਕਰਮਜੀਤ ਸਿੰਘ, ਕਲੱਬ ਪ੍ਰਧਾਨ ਤਰਸੇਮ ਸਿੰਘ, ਮੈਂਬਰ ਹਰਦੀਪ ਸਿੰਘ, ਸਕੂਲ ਚੇਅਰਮੈਨ ਲਾਹੌਰ ਸਿੰਘ, ਹੈਲਥ ਇੰਸਪੈਕਟਰ ਕੰਵਲ ਬਲਰਾਜ ਸਿੰਘ ਸਮੇਤ ਵੱਖ-ਵੱਖ ਪਿੰਡਾਂ ਦੇ ਕਲੱਬ ਪ੍ਰਧਾਨ ਤੇ ਵਿਦਿਆਰਥੀ ਮੌਜੂਦ ਸਨ ।

ਇਕਾਈ ਗੁਰੂ ਹਰਸਹਾਏ : 1. 20 ਮਾਰਚ ਨੂੰ ਜਲਾਲਾਬਾਦ(ਪੱ.) ਵਿਖੇ 'ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ' ਵੱਲੋਂ ਕਰਵਾਏ ਗਏ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਪ੍ਰੋਗਰਾਮ ਅੰਦਰ ਪੁਸਤਕ ਤੇ ਪੋਸਟਰ ਪ੍ਰਦਰਸ਼ਨੀ ਲਗਾਈ ਗਈ ।

2. 22 ਮਾਰਚ ਨੂੰ ਪਿੰਡ ਬਾਜੇਕੇ ਵਿਖੇ ਲੋਕ ਸੰਗਰਾਮ ਮੰਚ ਵੱਲੋਂ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਸਬੰਧੀ ਚਲਾਈ ਮੇਲਿਆਂ ਦੀ ਲੜੀ ਵਜੋਂ ਕਰਵਾਏ ਗਏ ਮੇਲੇ ਅੰਦਰ ਪੁਸਤਕ ਤੇ ਪੋਸਟਰ ਪ੍ਰਦਰਸ਼ਨੀ ਲਗਾਈ ਗਈ ।

3. 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੀ ਸ਼ਹੀਦੀ ਨਾਲ ਸਬੰਧਿਤ ਧਰਤੀ ਹੁਸੈਨੀਵਾਲਾ, ਫਿਰੋਜ਼ਪੁਰ ਵਿਖੇ ਤਰਕਸ਼ੀਲ ਸਾਹਿਤ ਤੇ ਪੋਸਟਰ ਪ੍ਰਦਰਸ਼ਨੀ ਲਗਾਈ ਗਈ । ਤਰਕਸ਼ੀਲ ਸਾਥੀਆਂ ਨੇ ਸ਼ਹੀਦਾਂ ਦੀਆਂ ਯਾਦਗਾਰਾਂ 'ਤੇ ਸ਼ਹੀਦਾਂ ਦੇ ਵਿਚਾਰਾਂ ਨੂੰ ਘਰ-ਘਰ ਪਹੁੰਚਾਉਣ ਦਾ ਪ੍ਰਣ ਲਿਆ ।

4. 24 ਮਾਰਚ ਨੂੰ ਪਿੰਡ ਦੀਪ ਸਿੰਘ ਵਾਲਾ ਵਿਖੇ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਵੱਲੋਂ ਕਰਵਾਏ ਗਏ ਇਨਕਲਾਬੀ ਗੀਤ-ਸੰਗੀਤ ਤੇ ਨਾਟਕ ਮੇਲੇ ਅੰਦਰ ਪੁਸਤਕ ਤੇ ਪੋਸਟਰ ਪ੍ਰਦਰਸ਼ਨੀ ਲਗਾਈ ਗਈ ।ਇਕਾਈ ਵੱਲੋਂ ਕੀਤੀਆਂ ਉਪਰੋਕਤ ਸਾਰੀਆਂ ਸਰਗਰਮੀਆਂ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ । ਤਕਰੀਬਨ 5000 ਦਾ ਤਰਕਸ਼ੀਲ ਸਾਹਿਤ ਲੋਕਾਂ ਵੱਲੋਂ ਖਰੀਦਿਆ ਗਿਆ । ਇਨ੍ਹਾਂ ਸਰਗਰਮੀਆਂ ਸਮੇਂ ਸ਼ਾਮਿਲ ਆਗੂਆਂ ਅੰਦਰ ਇਕਾਈ ਮੁਖੀ ਲਖਵਿੰਦਰ ਸ਼ਰੀਹਵਾਲਾ, ਮਾ. ਪ੍ਰਵੀਨ ਜੰਡ ਵਾਲਾ, ਮਾ. ਜਗਜੀਤ ਚੁੱਘਾ, ਪ੍ਰੋ. ਅਵਤਾਰ ਦੀਪ, ਡਾ. ਸੁਖਚੈਨ ਚੱਕ ਸੈਦੋਕੇ, ਮਨਦੀਪ ਚੱਕ ਸੈਦੋਕੇ, ਪ੍ਰਵੀਨ ਮੇਘਾ ਰਾਏ, ਰਜਿੰਦਰ ਬਹਾਦਰ ਕੇ, ਗੁਰਵਿੰਦਰ ਸਿੱਧੂ, ਕੁਲਦੀਪ ਸਿੰਘ ਆਦਿ ਸ਼ਾਮਿਲ ਸਨ । **-ਅਵਤਾਰ ਦੀਪ**

ਤਰਕਸ਼ੀਲ ਸਾਹਿਤ ਵੈਨ ਦਾ ਸਫ਼ਰ

1 ਮਈ : ਪੰਜਾਬੀ ਭਵਨ ਲੁਧਿਆਣਾ ਵਿਖੇ ਮਈ ਦਿਵਸ ਦੇ ਮੌਕੇ ’ਤੇ ਪੰਜਾਬ ਲੋਕ ਸੱਭਿਆਚਾਰਕ ਮੰਚ ਵੱਲੋਂ ਕਰਵਾਏ ਸਮਾਗਮ ’ਤੇ ਵੈਨ ਪੁੱਜੀ । ਸੂਬਾ ਆਗੂ ਰਜਿੰਦਰ ਭਦੌੜ, ਗੁਰਪ੍ਰੀਤ ਸਹਿਣਾ, ਜਸਵੰਤ ਬੋਪਾਰਾਏ ਅਤੇ ਗਗਨਦੀਪ ਧਾਰੀਵਾਲ ਭੋਜਾ ਆਦਿ ਨੇ ਵੈਨ ’ਤੇ ਉਪਲਬਧ ਸਾਹਿਤ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਆਪਣਾ ਸਹਿਯੋਗ ਪਾਇਆ ।

3 ਮਈ (ਇਕਾਈ ਸੰਗਰੂਰ) : ਸ.ਸ.ਸ.ਸ. ਦੁੱਗਾਂ ਅਤੇ ਬਡਰੁੱਖਾਂ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤੇ ਗਏ । ਮਾ. ਰਜਿੰਦਰ ਭਦੌੜ ਨੇ ਸੰਬੋਧਨ ਕੀਤਾ ਅਤੇ ਜਾਦੂ ਸ਼ੋਅ ਪੇਸ਼ ਕੀਤਾ । ਇਕਾਈ ਮੁਖੀ ਪਰਮਵੇਦ ਨੇ ਸਕੂਲ ਪ੍ਰਬੰਧਕਾਂ ਦਾ ਧੰਨਵਾਦ ਕੀਤਾ । ਦੁੱਗਾਂ ਵਿਖੇ ਲੈਕਚਰਾਰ ਜਗਦੇਵ ਕੁਮਾਰ ਅਤੇ ਬਡਰੁੱਖਾਂ ਵਿਖੇ ਪ੍ਰਿੰਸੀਪਲ ਨਰੇਸ਼ ਕੁਮਾਰ ਨੇ ਤਰਕਸ਼ੀਲ ਟੀਮ ਦਾ ਧੰਨਵਾਦ ਕੀਤਾ । ਸ਼ਾਮ ਨੂੰ ਬੀ.ਐੱਸ.ਐੱਨ.ਐੱਲ. ਪਾਰਕ ਸੰਗਰੂਰ ਵਿਖੇ ਵੈਨ ਲਗਾਈ ਗਈ । ਇਕਾਈ ਆਗੂਆਂ ਸੁਰਜੀਤ ਭੱਠਲ, ਵਰਿੰਦਰ ਕੁਮਾਰ, ਲੈਕਚਰਾਰ ਕ੍ਰਿਸ਼ਨ ਸਿੰਘ, ਅਮਰੀਕ ਖੋਖਰ ਨੇ ਪੂਰਾ ਸਹਿਯੋਗ ਦਿੱਤਾ । ਵੈਨ ਡਿਊਟੀ ਗਗਨਦੀਪ ਧਾਰੀਵਾਲ ਭੋਜਾ ਨੇ ਨਿਭਾਈ।

4 ਮਈ (ਇਕਾਈ ਸੰਗਰੂਰ) : ਸ.ਸ.ਸ.ਸ. ਉੱਭਾਵਾਲ ਅਤੇ ਸ.ਹ.ਸ. ਤੁੰਗਾਂ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤੇ ਗਏ । ਇਕਾਈ ਮੁਖੀ ਪਰਮਵੇਦ ਅਤੇ ਇਕਾਈ ਆਗੂ ਅਮਰੀਕ ਸਿੰਘ ਖੋਖਰ ਨੇ ਸੰਬੋਧਨ ਕੀਤਾ । ਸੁਰਜੀਤ ਭੱਠਲ ਨੇ ਗੀਤ ਪੇਸ਼ ਕੀਤੇ । ਉੱਭਾਵਾਲ ਵਿਖੇ ਮਾਸਟਰ ਚਰਨ ਕਮਲ ਸਿੰਘ, ਲੈਕ. ਗੁਰਚਰਨ ਕੌਰ ਅਤੇ ਪ੍ਰਿੰਸੀਪਲ ਸੁਦੇਸ ਕੁਮਾਰੀ ਸਮੇਤ ਸਮੂਹ ਸਟਾਫ਼ ਅਤੇ ਤੁੰਗਾਂ ਵਿਖੇ ਹੈੱਡ ਮਾਸਟਰ ਚੰਦਰ ਭਾਨ, ਮਾਸਟਰ ਗੁਰਚਰਨ ਸਿੰਘ, ਯਾਦਵਿੰਦਰ ਸਿੰਘ ਸਮੇਤ ਸਮੂਹ ਸਟਾਫ਼ ਨੇ ਪੁਸਤਕ ਪ੍ਰਦਰਸ਼ਨੀ ਨੂੰ ਸਫ਼ਲ ਬਣਾਉਣ ਅਤੇ ਸਾਹਿਤ ਦੀ ਖਰੀਦ ਵਿੱਚ ਪੂਰਾ ਸਹਿਯੋਗ ਦਿੱਤਾ । ਸ਼ਾਮ ਨੂੰ ਵੈਨ ਬੀ.ਐੱਸ.ਐੱਨ.ਐੱਲ. ਪਾਰਕ ਵਿਖੇ ਲਗਾਈ ਗਈ । ਗਗਨਦੀਪ ਧਾਰੀਵਾਲ ਭੋਜਾ ਨੇ ਵੈਨ ਡਿਊਟੀ ਨਿਭਾਈ ।

5 ਮਈ (ਇਕਾਈ ਸੰਗਰੂਰ) : ਇਕਾਈ ਮੁਖੀ ਪਰਮਵੇਦ ਦੀ ਅਗਵਾਈ ਹੇਠ ਵੈਨ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ (D.I.E.T.) ਸੰਗਰੂਰ ਅਤੇ ਸ.ਸ.ਸ.ਸ. ਸੰਗਰੂਰ ਵਿਖੇ ਲਿਜਾ ਕੇ ਪੁਸਤਕ ਪ੍ਰਦਰਸ਼ਨੀ ਲਗਾਈ ਗਈ । ਮਾਸਟਰ ਪਰਮਵੇਦ, ਸੂਬਾ ਤਰਕਸ਼ੀਲ ਆਗੂ ਬਲਬੀਰ ਚੰਦ ਲੌਂਗੋਵਾਲ ਅਤੇ ਡਾਇਟ ਲੈਕਚਰਾਰ ਡਾ. ਅਵਤਾਰ ਸਿੰਘ ਢੀਂਡਸਾ ਨੇ ਸੰਬੋਧਨ ਕੀਤਾ। ਸ.ਸ.ਸ.ਸ. ਸੰਗਰੂਰ ਵਿਖੇ ਇੰ. ਪ੍ਰਿੰਸੀਪਲ ਮੇਵਾ ਸਿੰਘ, ਲੈਕਚਰਾਰ ਕੁਲਦੀਪ ਸਿੰਘ, ਅਨਿਲ ਕੁਮਾਰ ਅਤੇ ਸਾਥੀ ਲੈਕਚਰਾਰਾਂ ਨੇ ਭਰਵਾਂ ਸਹਿਯੋਗ ਦਿੱਤਾ । ਵੈਨ ਇੰਚਾਰਜ ਗਗਨਦੀਪ ਧਾਰੀਵਾਲ ਭੋਜਾ, ਅਮਰੀਕ ਸਿੰਘ ਖੋਖਰ ਨੇ ਪੂਰਾ ਸਹਿਯੋਗ ਦਿੱਤਾ। ਸ਼ਾਮ ਨੂੰ ਵੈਨ ਨਾਭਾ ਗੇਟ ਸੰਗਰੂਰ ਵਿਖੇ ਲਗਾਈ ਗਈ । ਪੁਸਤਕ ਪ੍ਰਦਰਸ਼ਨੀ ਲਈ ਸੁਖਦੇਵ ਸਿੰਘ ਸੇਖੋਂ, ਜਰਨੈਲ ਸਿੰਘ ਅਤੇ ਡਾ. ਪ੍ਰਲਾਦ ਸਿੰਘ ਨੇ ਮੱਦਦ ਕੀਤੀ ।

6 ਮਈ (ਇਕਾਈ ਲੌਂਗੋਵਾਲ) : ਤਰਕਸ਼ੀਲ ਵੈਨ ਸ.ਹ.ਸ. ਢੱਡਰੀਆਂ, ਡੇ-ਬੋਰਡਿੰਗ ਪਬਲਿਕ ਸ.ਸ. ਸਕੂਲ ਝਾੜੋਂ ਅਤੇ ਬਾਬਾ ਬਿਸ਼ਨ ਗਿਰ ਪਬਲਿਕ ਸਕੂਲ ਝਾੜੋਂ ਵਿਖੇ ਪੁੱਜੀ । ਜ਼ੋਨ ਆਗੂ ਜੁਝਾਰ ਲੌਂਗੋਵਾਲ ਨੇ ਇਨ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਕੀਤਾ । ਵੈਨ ’ਤੇ ਗਗਨਦੀਪ ਧਾਰੀਵਾਲ ਭੋਜਾ, ਇਕਾਈ ਮੈਂਬਰਾਨ ਸੰਦੀਪ ਸਿੰਘ, ਹਰਜੀਤ ਸਿੰਘ ਨੇ ਪੂਰਾ ਸਹਿਯੋਗ ਦਿੱਤਾ । ਸ਼ਾਮ ਨੂੰ ਵੈਨ ਰਾਮ ਲੀਲਾ ਗਰਾਊਂਡ ਵਿਖੇ ਲਗਾਈ ਗਈ । ਮਾਸਟਰ ਅਨਿਲ ਕੁਮਾਰ, ਕੁਲਦੀਪ ਕੌਸ਼ਲ ਅਤੇ ਸਕੂਲ ਡਾਇਰੈਕਟਰ ਜਗਸੀਰ ਸਿੰਘ ਝਾੜੋਂ ਨੇ ਪੂਰਾ ਸਹਿਯੋਗ ਦਿੱਤਾ ।

7 ਮਈ (ਇਕਾਈ ਲੌਂਗੋਵਾਲ) : ਸ.ਸ.ਸ.ਸ. ਸ਼ੇਰੋਂ ਅਤੇ ਸ.ਹ.ਸ. ਸ਼ਾਹਪੁਰ ਵਿਖੇ ਵੈਨ ਪੁੱਜੀ । ਇਹਨਾਂ ਸਕੂਲਾਂ ਵਿੱਚ ਜ਼ੋਨ ਆਗੂ ਜੁਝਾਰ ਲੌਂਗੋਵਾਲ, ਇਕਾਈ ਆਗੂ ਕਮਲਜੀਤ ਸਿੰਘ ਅਤੇ ‘ਤਰਕਸ਼ੀਲ’ ਦੇ ਮੁੱਖ ਸੰਪਾਦਕ ਬਲਬੀਰ ਚੰਦ ਲੌਂਗੋਵਾਲ ਨੇ ਸੰਬੋਧਨ ਕੀਤਾ । ਵੈਨ ਇੰਚਾਰਜ ਗਗਨਦੀਪ ਧਾਰੀਵਾਲ ਭੋਜਾ ਅਤੇ ਹਰਜੀਤ ਸਿੰਘ ਦੀਆਂ ਸੇਵਾਵਾਂ ਪ੍ਰਸ਼ੰਸਾਯੋਗ ਰਹੀਆਂ। ਸ.ਸ.ਸ.ਸ. ਸ਼ੇਰੋਂ ਦੇ ਪ੍ਰਿੰਸੀਪਲ, ਇੰਚਾਰਜ ਪ੍ਰਿੰਸੀਪਲ ਚੰਦਰ ਪ੍ਰਭਾ, ਲੈਕਚਰਾਰ ਮਲਕੀਤ ਸਿੰਘ ਗਾਂਧੀ, ਸ.ਹ.ਸ. ਸ਼ਾਹਪੁਰ ਦੇ ਸਕੂਲ ਮੁਖੀ, ਅਧਿਆਪਕਾਂ ਸੁਖਵਿੰਦਰ ਸਿੰਘ, ਹਰਦਰਸ਼ਨ ਪਾਲ ਅਤੇ ਸਰੋਜ ਰਾਣੀ ਦਾ ਪੂਰਾ ਸਹਿਯੋਗ ਰਿਹਾ । ਦੋਵੇਂ ਦਿਨ ਸਾਹਿਤ ਦੀ ਵਿਕਰੀ ਨੂੰ ਭਰਵਾਂ ਸਹਿਯੋਗ ਮਿਲਿਆ ।

8-9 ਮਈ : ਤਰਕਸ਼ੀਲ ਸੁਸਾਇਟੀ ਪੰਜਾਬ ਦੀ ਛਿਮਾਹੀ ਇਕੱਤਰਤਾ ਮੌਕੇ ਬਰਨਾਲਾ ਵਿਖੇ ਲਗਾਈ ਵੈਨ ’ਤੇ ਗਗਨਦੀਪ ਧਾਰੀਵਾਲ ਭੋਜਾ, ਗੁਰਪ੍ਰੀਤ ਸਹਿਣਾ ਅਤੇ ਜਗਤਾਰ ਸਿੰਘ ਨੇ ਵੈਨ ਡਿਊਟੀ ਨਿਭਾਈ।

12 ਮਈ (ਇਕਾਈ ਦਿੜਬਾ) : ਸ.ਹ.ਸ. ਬਘਰੌਲ ਅਤੇ ਕੜਿਆਲ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤੇ ਗਏ । ਸੂਬਾ ਆਗੂ ਰਜਿੰਦਰ ਭਦੌੜ, ਇਕਾਈ ਆਗੂਆਂ ਹਰਮੇਸ਼ ਮੇਸੀ, ਮਨਪ੍ਰੀਤ ਰਾਣਾ, ਅਸਵਨੀ ਕੁਮਾਰ, ਤਰਸੇਮ ਸਿੰਘ, ਮਾਸਟਰ ਨਾਇਬ ਸਿੰਘ ਨੇ ਸੰਬੋਧਨ ਕੀਤਾ । ਗਗਨਦੀਪ ਧਾਰੀਵਾਲ ਭੋਜਾ ਨੇ ਜਾਦੂ ਦੇ ਟ੍ਰਿਕ ਵਿਖਾਏ ।

13 ਮਈ (ਇਕਾਈ ਦਿੜਬਾ) : ਸ.ਹ.ਸ. ਖਨਾਲ ਕਲਾਂ ਅਤੇ ਸ. ਮਿਡਲ ਸਕੂਲ ਦਿਆਲਗੜ੍ਹ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤੇ ਗਏ । ਇਕਾਈ ਮੁਖੀ ਮਨਪ੍ਰੀਤ ਰਾਣਾ, ਹਰਮੇਸ਼ ਮੇਸੀ, ਮਾਸਟਰ ਨਾਇਬ ਸਿੰਘ, ਤਰਸੇਮ ਸਿੰਘ, ਅਸਵਨੀ ਪ੍ਰਿੰਸ ਨੇ ਸੰਬੋਧਨ ਕੀਤਾ । ਗਗਨਦੀਪ ਨੇ ਜਾਦੂ ਟ੍ਰਿਕ ਵਿਖਾਏ । ਅਧਿਆਪਕਾਂ, ਵਿਦਿਆਰਥੀਆਂ ਵੱਲੋਂ ਸਾਹਿਤ ਖਰੀਦਿਆ ਗਿਆ।

14 ਮਈ (ਬਰਨਾਲਾ) : ਡੀ.ਟੀ.ਐੱਫ. ਵੱਲੋਂ ਵਜ਼ੀਫਾ ਪ੍ਰੀਖਿਆ ਦੇ ਕਰਵਾਏ ਇਨਾਮ ਵੰਡ ਸਮਾਰੋਹ ਸਮੇਂ ਮਹਾਂ ਸ਼ਕਤੀ ਕਲਾ ਮੰਦਰ ਬਰਨਾਲਾ ਵਿਖੇ ਵੈਨ ਲਗਾਈ ਗਈ ।ਮਾ. ਰਜਿੰਦਰ ਭਦੌੜ ਅਤੇ ਗਗਨਦੀਪ ਧਾਰੀਵਾਲ ਭੋਜਾ ਨੇ ਵੈਨ ਡਿਊਟੀ ਨਿਭਾਈ।

16 ਮਈ (ਇਕਾਈ ਰਾਮਪੁਰਾ ਫੂਲ) : ਸ.ਸ.ਸ.ਸ. ਲਹਿਰਾ ਮੁੱਹਬਤ ਅਤੇ ਸ਼ਹੀਦ ਸਮਾਰਕ ਕਾਲਜ (ਲੜਕੀਆਂ) ਰਾਮਪੁਰਾ ਫੂਲ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ । ਸੂਬਾ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ ।ਜਗਦੇਵ ਰਾਮਪੁਰਾ ਨੇ ਜਾਦੂ ਟ੍ਰਿੱਕ ਵਿਖਾਏ ਅਤੇ ਉਹਨਾਂ ਦੀ ਵਿਆਖਿਆ ਕੀਤੀ । ਸਮੁੱਚੀ ਟੀਮ ਵਿੱਚ ਸੁਰਿੰਦਰ ਰਾਮਪੁਰਾ, ਹੈੱਡ ਮਾਸਟਰ ਸ਼ੰਕਰ ਬਾਹੀਆ, ਮੇਜਰ ਸਿੰਘ, ਮਾਸਟਰ ਗਗਨਦੀਪ ਗਰੋਵਰ ਅਤੇ ਮਾਸਟਰ ਰੂਪ ਸਿੰਘ ਮਹਿਰਾਜ ਆਦਿ ਸ਼ਾਮਲ ਸਨ । ਗਗਨਦੀਪ ਧਾਰੀਵਾਲ ਭੋਜਾ ਨੇ ਵੈਨ ਡਿਊਟੀ ਨਿਭਾਈ ।

17 ਮਈ (ਇਕਾਈ ਰਾਮਪੁਰਾ ਫੂਲ) : ਸ.ਸ.ਸ.ਸ. (ਲੜਕੇ) ਅਤੇ (ਲੜਕੀਆਂ) ਮਹਿਰਾਜ ਵਿਖੇ ਵੈਨ ਪੁੱਜੀ । ਸਕੂਲਾਂ ਵਿੱਚ ਜਗਦੇਵ ਰਾਮਪੁਰਾ, ਜੰਟਾ ਸਿੰਘ, ਗਗਨਦੀਪ ਧਾਰੀਵਾਲ ਭੋਜਾ, ਮਾਸਟਰ ਗਗਨਦੀਪ ਗਰੋਵਰ ਅਤੇ ਰੂਪ ਸਿੰਘ ਨੇ ਸੰਬੋਧਨ ਕੀਤਾ ।ਮਾਸਟਰ ਸੁਖਮਿੰਦਰ ਸਿੰਘ, ਮੇਜਰ ਸਿੰਘ, ਹਰਮੇਜ ਸਿੰਘ, ਫੌਜੀ ਜੁਗਿੰਦਰ ਸਿੰਘ ਪੰਚ, ਪ੍ਰਿੰਸੀਪਲ ਰਾਜ ਕੁਮਾਰ, ਸੰਜੀਵ ਕੁਮਾਰ, ਹੈੱਡ ਮਾਸਟਰ ਮੇਹਰ ਬਾਹੀਆ ਅਤੇ ਮੈਡਮ ਜਸਵੀਰ ਕੌਰ, ਓਮ ਚੰਦਰਕਾ ਨੇ ਪੂਰਾ ਸਹਿਯੋਗ ਦਿੱਤਾ ।

18 ਮਈ (ਇਕਾਈ ਮੂਨਕ) : ਸ.ਸ.ਸ.ਸ. ਮੂਨਕ ਅਤੇ ਬੰਗਾ ਵਿਖੇ ਵੈਨ ਪੁੱਜੀ ।ਗਗਨਦੀਪ ਧਾਰੀਵਾਲ ਭੋਜਾ ਨੇ ਬੱਚਿਆਂ ਨੂੰ ਸੰਬੋਧਨ ਕੀਤਾ ਅਤੇ ਜਾਦੂ ਦੇ ਟ੍ਰਿੱਕ ਵਿਖਾਏ । ਸੂਬਾਈ ਆਗੂ ਹਰਿੰਦਰ ਲਾਲੀ ਨੇ ਸੰਬੋਧਨ ਕੀਤਾ । ਰਤਨ ਕੁਮਾਰ, ਕਰਨੈਲ ਸਿੰਘ, ਰਜਿੰਦਰ ਸ਼ਰਮਾਂ, ਡਾ. ਦੀਪ, ਮਾਸਟਰ ਰੋਹੀ ਰਾਮ ਅਤੇ ਬਲਵਿੰਦਰ ਮਨਿਆਣਾ ਨੇ ਪੂਰਾ ਸਹਿਯੋਗ ਦਿੱਤਾ ।

19 ਮਈ (ਇਕਾਈ ਮੂਨਕ) : ਸ.ਸ.ਸ.ਸ. ਬੱਲਰਾ ਅਤੇ ਸ.ਹ.ਸ. ਚੋਟੀਆਂ ਵਿਖੇ ਵੈਨ ਪੁੱਜੀ । ਗਗਨਦੀਪ ਧਾਰੀਵਾਲ ਭੋਜਾ ਨੇ ਬੱਚਿਆਂ ਨੂੰ ਸੰਬੋਧਨ ਕੀਤਾ ਅਤੇ ਜਾਦੂ ਦੇ ਟ੍ਰਿੱਕ ਵਿਖਾਏ ।ਰਤਨ ਕੁਮਾਰ, ਰਜਿੰਦਰ ਸ਼ਰਮਾਂ, ਮਾਸਟਰ ਜਰਨੈਲ ਸਿੰਘ ਦਾ ਪੂਰਾ ਸਹਿਯੋਗ ਰਿਹਾ ।

20 ਮਈ (ਇਕਾਈ ਸੁਨਾਮ) : ਸਰਕਾਰੀ ਆਈ.ਟੀ.ਆਈ. ਲੜਕੇ ਅਤੇ ਲੜਕੀਆਂ ਵਿਖੇ ਵੈਨ ਪੁੱਜੀ । ਸੂਬਾਈ ਆਗੂ ਹਰਿੰਦਰ ਲਾਲੀ ਨੇ ਸੰਬੋਧਨ ਕੀਤਾ ।ਸ਼ਾਮ ਨੂੰ ਵੈਨ ਸੁਨਾਮ ਬਾਜ਼ਾਰ ਵਿੱਚ ਲਗਾਈ ਗਈ । ਗਗਨਦੀਪ ਧਾਰੀਵਾਲ ਭੋਜਾ, ਰਾਜ ਬਲਵਿੰਦਰ, ਜੋਨੀ, ਅਨਿਲ ਕੁਮਾਰ ਅਤੇ ਸੁਖਜਿੰਦਰ ਸਿੰਘ ਨੇ ਵੈਨ 'ਤੇ ਸਹਿਯੋਗ ਦਿੱਤਾ ।

21 ਮਈ (ਇਕਾਈ ਸੁਨਾਮ) : ਸ.ਸ.ਸ.ਸ. (ਲੜਕੇ) ਸੁਨਾਮ ਅਤੇ ਜਖੇਪਲ ਵਿਖੇ ਵੈਨ ਪੁੱਜੀ । ਸੰਜੀਵ ਸੁਨਾਮ ਅਤੇ ਗਗਨਦੀਪ ਧਾਰੀਵਾਲ ਭੋਜਾ ਨੇ ਬੱਚਿਆਂ ਨੂੰ ਸੰਬੋਧਨ ਕੀਤਾ । ਸ਼ਾਮ ਨੂੰ ਵੈਨ ਸੁਨਾਮ ਬਾਜ਼ਾਰ ਵਿੱਚ ਲਗਾਈ ਗਈ । ਵਰਿੰਦਰ, ਮਾਸਟਰ ਸੁਖਜਿੰਦਰ ਨੇ ਪੂਰਾ ਸਹਿਯੋਗ ਦਿੱਤਾ ।

22 ਮਈ (ਲੌਂਗੋਵਾਲ) : 'ਭਾਰਤ ਵਿੱਚ ਉੱਭਰ ਰਿਹਾ ਫਾਸ਼ੀਵਾਦ' ਵਿਸ਼ੇ 'ਤੇ ਕਰਵਾਏ ਸੈਮੀਨਾਰ ਵਿੱਚ ਵੈਨ ਲਗਾਈ ਗਈ। ਗਗਨਦੀਪ ਧਾਰੀਵਾਲ ਭੋਜਾ ਨਾਲ ਹਰਜੀਤ ਲੌਂਗੋਵਾਲ ਨੇ ਵੈਨ 'ਤੇ ਪੂਰਾ ਸਹਿਯੋਗ ਦਿੱਤਾ ।

24 ਮਈ (ਇਕਾਈ ਮਹਿਲ ਕਲਾਂ) : ਸ.ਹ.ਸ. ਫਤਿਹਗੜ੍ਹ ਪੰਜਗਰਾਈਆਂ ਵਿਖੇ ਵੈਨ ਪੁੱਜੀ ।ਗਗਨਦੀਪ ਧਾਰੀਵਾਲ ਭੋਜਾ ਨੇ ਬੱਚਿਆਂ ਨੂੰ ਸੰਬੋਧਨ ਕੀਤਾ ਅਤੇ ਜਾਦੂ ਦੇ ਟ੍ਰਿੱਕ ਵਿਖਾਏ । ਸ਼ਾਮ ਨੂੰ ਵੈਨ ਪਿੰਡ ਕੁਰੜ ਵਿੱਚ ਲਗਾਈ ਗਈ ।ਮਜੀਦ ਕੁਰੜ ਅਤੇ ਕੁਲਵਿੰਦਰ ਮਹਿਲ ਕਲਾਂ ਨੇ ਵੈਨ ਨਾਲ ਸਹਿਯੋਗ ਦਿੱਤਾ ।

25 ਮਈ (ਇਕਾਈ ਮਹਿਲ ਕਲਾਂ) : ਸ.ਹ.ਸ. ਕੁਰੜ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤਾ ।ਗਗਨਦੀਪ ਧਾਰੀਵਾਲ ਭੋਜਾ ਨੇ ਸੰਬੋਧਨ ਕੀਤਾ ਅਤੇ ਜਾਦੂ ਦੇ ਟ੍ਰਿੱਕ ਵਿਖਾਏ ।ਕੁਰੜ ਅੱਡੇ 'ਤੇ ਵੀ ਵੈਨ ਲਗਾਈ ਗਈ । ਮਜੀਦ ਕੁਰੜ ਨੇ ਪੂਰਾ ਸਹਿਯੋਗ ਦਿੱਤਾ।

26 ਮਈ (ਇਕਾਈ ਧੂਰੀ) : ਸ.ਸ.ਸ.ਸ. ਬੇਨੜਾ ਅਤੇ ਸ.ਹ.ਸ. ਈਸੀ ਵਿਖੇ ਵੈਨ ਪੁੱਜੀ । ਜ਼ੋਨ ਆਗੂ ਸੁਖਦੇਵ ਧੂਰੀ ਅਤੇ ਗਗਨਦੀਪ ਧਾਰੀਵਾਲ ਭੋਜਾ ਨੇ ਸੰਬੋਧਨ ਕੀਤਾ ।ਜਾਦੂ ਦੇ ਟ੍ਰਿੱਕ ਵੀ ਵਿਖਾਏ ਗਏ । ਸ਼ਾਮ ਨੂੰ ਵੈਨ ਧੂਰੀ ਬਾਜ਼ਾਰ ਵਿੱਚ ਲਗਾਈ ਗਈ ।ਰਜਿੰਦਰ ਰਾਜੂ, ਰਤਨ ਸਿੰਘ ਭੰਡਾਰੀ ਦਾ ਪੂਰਾ ਸਹਿਯੋਗ ਰਿਹਾ ।

27 ਮਈ (ਇਕਾਈ ਧੂਰੀ) : ਆਰੀਆ ਸ.ਸ.ਸ. ਧੂਰੀ, ਗੁਰੂਕੁਲ ਕਾਨਵੈਂਟ ਸਕੂਲ ਧੂਰੀ ਅਤੇ ਰੋਇਲ ਮਾਡਲ ਸ.ਸ.ਸ. ਧੂਰੀ ਵਿਖੇ ਵੈਨ ਪੁੱਜੀ । ਗਗਨਦੀਪ ਧਾਰੀਵਾਲ ਭੋਜਾ ਨੇ ਬੱਚਿਆਂ ਨੂੰ ਸੰਬੋਧਨ ਕੀਤਾ ਅਤੇ ਜਾਦੂ ਦੇ ਟ੍ਰਿੱਕ ਵਿਖਾਏ । ਰਤਨ ਸਿੰਘ ਭੰਡਾਰੀ ਅਤੇ ਰਜਿੰਦਰ ਰਾਜੂ ਨੇ ਵੈਨ ਨਾਲ ਸਹਿਯੋਗ ਦਿੱਤਾ ।

28 ਮਈ (ਇਕਾਈ ਭਦੌੜ) : ਸ.ਸ.ਸ.ਸ. (ਲੜਕੇ) ਅਤੇ (ਲੜਕੀਆਂ) ਸੈਦੋਕੇ ਵਿਖੇ ਵੈਨ ਪੁੱਜੀ । ਸੂਬਾ ਆਗੂ ਰਜਿੰਦਰ ਭਦੌੜ ਨੇ ਬੱਚਿਆਂ ਨੂੰ ਸੰਬੋਧਨ ਕੀਤਾ ।ਗਗਨਦੀਪ ਧਾਰੀਵਾਲ ਭੋਜਾ ਨੇ ਜਾਦੂ ਦੇ ਟ੍ਰਿੱਕ ਵਿਖਾਏ ।ਮਾਸਟਰ ਕੌਰ ਸਿੰਘ ਜੀ ਅਤੇ ਪ੍ਰਿੰਸੀਪਲ ਦਵਿੰਦਰ ਸਿੰਘ ਸਮੇਤ ਦੋਵਾਂ ਸਕੂਲਾਂ ਦੇ ਸਟਾਫ ਮੈਂਬਰਾਂ ਨੇ ਪੂਰਾ ਸਹਿਯੋਗ ਦਿੱਤਾ ।

ਧੰਨਵਾਦ : ਤਰਕਸ਼ੀਲ ਸੁਸਾਇਟੀ ਪੰਜਾਬ, ਵੱਖ-ਵੱਖ ਵਿੱਦਿਅਕ ਸੰਸਥਾਵਾਂ ਦੇ ਮੁਖੀਆਂ, ਪ੍ਰਬੰਧਕੀ ਕਮੇਟੀਆਂ, ਅਧਿਆਪਕਾਂ, ਮਾਪਿਆਂ, ਵਿਦਿਆਰਥੀਆਂ, ਸਟਾਫ ਮੈਂਬਰਾਂ, ਵੱਖ-ਵੱਖ ਪਿੰਡਾਂ-ਸ਼ਹਿਰਾਂ ਦੇ ਸਰਪੰਚਾਂ, ਨਗਰ ਪਾਲਿਕਾ ਪ੍ਰਧਾਨਾਂ, ਪੰਚਾਇਤ ਮੈਂਬਰਾਂ, ਕੌਂਸਲਰਾਂ, ਸਮਾਜਿਕ ਸੰਸਥਾਵਾਂ ਅਤੇ ਕਲੱਬਾਂ ਦੇ ਮੁਖੀਆਂ, ਮੈਂਬਰਾਂ, ਲੋਕ ਪੱਖੀ ਸੰਗਠਨਾਂ ਅਤੇ ਉਹਨਾਂ ਸਮੂਹ ਲੋਕਾਂ

ਦਾ ਧੰਨਵਾਦ ਕਰਦੀ ਹੈ ਜਿਨ੍ਹਾਂ ਨੇ ਵੈਨ ਦੇ ਮਾਧਿਅਮ ਰਾਹੀਂ ਉਸਾਰੂ ਸਾਹਿਤ ਘਰ-ਘਰ ਪਹੁੰਚਾਉਣ ਵਿੱਚ ਕਿਸੇ ਵੀ ਰੂਪ ਵਿੱਚ ਆਪਣਾ ਯੋਗਦਾਨ ਪਾਇਆ ਅਤੇ ਆਸ ਕਰਦੀ ਹੈ ਕਿ ਭਵਿੱਖ ਵਿੱਚ ਵੀ ਇਹ ਸਹਿਯੋਗ ਹੋਰ ਵਧਕੇ ਜਾਰੀ ਰਹੇਗਾ।

ਅੱਗ ਲੱਗਣ ਦੀਆਂ ਘਟਨਾਵਾਂ ਪੜਤਾਲ ਤੋਂ ਬਾਅਦ ਹੋਈਆਂ ਬੰਦ

ਇਕਾਈ ਤਰਨਤਾਰਨ ਨੂੰ ਇਕਾਈ ਦੇ ਤਰਕਸ਼ੀਲ ਮੈਂਬਰ ਗੁਰਬਾਜ ਸਿੰਘ ਤੇ ਗੁਰਮੀਤ ਸਿੰਘ ਰਾਜੋਕੇ ਨੇ ਦੱਸਿਆ ਕਿ ਇਸ ਇਲਾਕੇ ਵਿੱਚ ਇੱਕ ਘਰ ਵਿੱਚ ਪਿਛਲੇ ਲੰਮੇ ਸਮੇਂ ਤੋਂ ਅੱਗ ਲੱਗਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ । ਪੀੜਤ ਪਰਿਵਾਰ ਨੇ ਹਲਫੀਆ ਬਿਆਨ ਰਾਹੀਂ ਦੱਸਿਆ ਕਿ ਅੱਗ ਲੱਗਣ ਦੀਆਂ ਘਟਨਾਵਾਂ ਕਰਕੇ ਉਨ੍ਹਾਂ ਦਾ ਕਾਫੀ ਨੁਕਸਾਨ ਹੋ ਗਿਆ ਹੈ ਤੇ ਇਸ ਮਸਲੇ ਦੇ ਹੱਲ ਲਈ ਇੱਕ-ਦੋ ਬਾਬਿਆਂ ਦਾ ਵੀ ਸਹਾਰਾ ਲਿਆ ਹੈ, ਜਿਨ੍ਹਾਂ ਘਰ ਵਿੱਚ ਓਪਰੀ ਸ਼ੈਅ ਹੋਣ ਦਾ ਦਾਅਵਾ ਕੀਤਾ ਸੀ ਤੇ ਆਪਣੀ ਫੀਸ ਲੈ ਕੇ ਅੱਗ ਲੱਗਣ ਦੀਆਂ ਘਟਨਾਵਾਂ ਬੰਦ ਹੋਣ ਦਾ ਭਰੋਸਾ ਦਵਾਇਆ ਸੀ ਪਰ ਘਟਨਾਵਾਂ ਦਿਨ ਪ੍ਰਤੀ ਦਿਨ ਵਧਦੀਆਂ ਹੀ ਗਈਆਂ ਤੇ ਬਾਬੇ ਦੇ ਕਹਿਣ ’ਤੇ ਅਸੀਂ ਘਰ ਵਿੱਚ ਚਿਰਾਗ ਵੀ ਜਗਾ ਰਹੇ ਹਾਂ। ਸਾਡੇ ਹੀ ਰਿਸ਼ਤੇਦਾਰਾਂ ਦੇ ਘਰ ਵਿੱਚ ਵੀ ਇਸੇ ਤਰ੍ਹਾਂ ਦੀਆਂ ਘਟਨਾਵਾਂ ਦਾ ਹੱਲ ਤਰਕਸ਼ੀਲਾਂ ਨੇ ਹੀ ਕੀਤਾ ਸੀ । ਸੋ ਰਿਸ਼ਤੇਦਾਰਾਂ ਦੇ ਕਹਿਣ ’ਤੇ ਸੁਸਾਇਟੀ ਕੋਲ ਕੇਸ ਆਇਆ ਤਾਂ ਸੁਸਾਇਟੀ ਦੀ ਪੜਤਾਲੀਆ ਟੀਮ ਮੁਖਵਿੰਦਰ ਸਿੰਘ ਚੋਹਲਾ, ਰਜਵੰਤ ਸਿੰਘ ਬਾਗੜੀਆਂ, ਨਰਿੰਦਰ ਸਿੰਘ ਸੇਖਚੱਕ, ਗੁਰਬਾਜ ਸਿਘ ਰਾਜੋਕੇ, ਗੁਰਮੀਤ ਸਿੰਘ ਰਾਜੋਕੇ, ਮਾਸਟਰ ਤਸਵੀਰ ਸਿੰਘ, ਤਰਸੇਮ ਲਾਲ ਘੁੰਮਣ ’ਤੇ ਆਧਾਰਿਤ ਟੀਮ ਪੀੜਤ ਪਰਿਵਾਰ ਦੇ ਘਰ ਪਹੁੰਚੀ । ਘਟਨਾਵਾਂ ਦਾ ਬਰੀਕੀ ਨਾਲ ਜਾਇਜ਼ਾ ਲਿਆ । ਪਰਿਵਾਰਕ ਮੈਂਬਰਾਂ ਦੀ ਅਲੱਗ-ਅਲੱਗ ਤੇ ਸਾਂਝੇ ਤੌਰ ’ਤੇ ਇੰਟਰਵਿਊ ਲੈਣ ਉਪਰੰਤ ਸਪੱਸ਼ਟ ਕੀਤਾ ਕਿ ਅੱਜ ਤੋਂ ਬਾਅਦ ਘਰ ਵਿੱਚ ਕਿਸੇ ਵੀ ਤਰ੍ਹਾਂ ਦੀ ਘਟਨਾ ਨਹੀਂ ਵਾਪਰੇਗੀ । ਘਟਨਾਵਾਂ ਕਰਨ ਵਾਲੇ ਨੂੰ ਅਲੱਗ ਤੌਰ ’ਤੇ ਸਮਝਾਇਆ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਕਰਕੇ ਉਸਦੇ ਘਰੇਲੂ ਮਸਲੇ ਹੱਲ ਨਹੀਂ ਹੋਣੇ । ਉਸਨੇ ਲਿਖਤੀ ਤੌਰ ’ਤੇ ਮੰਨਿਆ ਕਿ ਜੇਕਰ ਉਸਦੇ ਮਸਲੇ ਹੱਲ ਕਰ ਦਿੱਤੇ ਜਾਣ ਤਾਂ ਉਹ ਘਟਨਾਵਾਂ ਨਹੀਂ ਕਰੇਗਾ । ਤਰਕਸ਼ੀਲਾਂ ਨੇ ਸਾਰੇ ਪਰਿਵਾਰਕ ਮੈਂਬਰਾਂ ਨੂੰ ਸਮਝਾਇਆ ਤੇ ਘਰ ਦੇ ਕੰਮਾਂ-ਕਾਜਾਂ ਵਿੱਚ ਤਬਦੀਲੀ ਲਿਆਉਣ ਦੀ ਸਲਾਹ ਦਿੱਤੀ ਅਤੇ ਦੱਸਿਆ ਕਿ ਹੁਣ ਘਰ ਵਿੱਚ ਜਗ ਰਹੇ ਚਿਰਾਗ ਨੂੰ ਬੰਦ ਕਰਨਾ ਪਵੇਗਾ ਤੇ ਵਧੀਆਂ ਤੇ ਉਸਾਰੂ ਸੋਚ ਦੇ ਚਿਰਾਗ ਮਨ-ਦਿਮਾਗ ਵਿੱਚ ਜਗਾਉਣੇ ਚਾਹੀਦੇ ਹਨ । ਇਸ ਮੌਕੇ ਪਰਿਵਾਰਕ ਮੈਂਬਰਾਂ ਨੂੰ ਹੱਥ ਦੀ ਸਫਾਈ ਦੇ ਟਰਿੱਕ ਵਿਖਾ ਕੇ ਸਾਬਤ ਕਰਨ ਦੀ ਕੋਸ਼ਿਸ ਕੀਤੀ ਕਿ ਦੁਨੀਆ ਵਿੱਚ ਵਾਪਰਨ ਵਾਲੀ ਹਰ ਘਟਨਾ ਪਿੱਛੇ ਕੋਈ ਨਾ ਕੋਈ ਕਾਰਣ ਹੁੰਦਾ ਹੈ ਤੇ ਸਾਨੂੰ ਉਸ ਕਾਰਣ ਨੂੰ ਲੱਭਣਾ ਚਾਹੀਦਾ ਹੈ ਤਾਂ ਹੀ ਹਰ ਮਸਲੇ ਦਾ ਹੱਲ ਸੰਭਵ ਹੈ । ਕਾਫੀ ਸਮਾਂ ਬੀਤ ਜਾਣ ’ਤੇ ਉਸ ਘਰ ਵਿੱਚ ਹੁਣ ਕੋਈ ਵੀ ਘਟਨਾ ਨਹੀਂ ਵਾਪਰੀ ਤੇ ਸਾਰਾ ਪਰਿਵਾਰ ਖੁਸ਼ੀ-ਖੁਸ਼ੀ ਜ਼ਿੰਦਗੀ ਬਤੀਤ ਕਰ ਰਿਹਾ ਹੈ ।

- ਰਜਵੰਤ ਬਾਗੜੀਆਂ

ਓਪਰੀ ਸ਼ੈਅ ਤੋਂ ਦਿਵਾਈ ਨਿਜ਼ਾਤ : ਇਕਾਈ ਗੋਪਾਲਪੁਰ-ਮੱਜਵਿੰਡ ਕੋਲ 18-20 ਸਾਲਾਂ ਲੜਕੀ ਦੇ ਭੂਤ-ਪ੍ਰੇਤ ਚੰਬੜਨ ਦਾ ਕੇਸ ਆਇਆ । ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੀ ਲੜਕੀ ਨੇ ਸਕੂਲ ਜਾਣਾ ਬੰਦ ਕਰ ਦਿੱਤਾ ਹੈ ਤੇ ਓਪਰੀ ਸ਼ੈਅ ਚੰਬੜਨ ਕਰਕੇ ਊਲ-ਜਲੂਲ ਬੋਲਣਾ ਸ਼ੁਰੂ ਕਰ ਦਿੰਦੀ ਹੈ ਤਾਂ ਸੁਸਾਇਟੀ ਦੀ ਪੜਤਾਲੀਆ ਟੀਮ ਮੁਖਤਾਰ ਸਿੰਘ ਗੋਪਾਲਪੁਰ, ਲਖਵਿੰਦਰ ਸਿੰਘ, ਜੁਗਿੰਦਰ ਸਿੰਘ, ਸੇਵਾ ਸਿੰਘ ’ਤੇ ਅਧਾਰਿਤ ਪੀੜਤ ਪਰਿਵਾਰ ਦੇ ਘਰ ਪਹੁੰਚੀ ਤਾਂ ਉਸ ਵਕਤ ਲੜਕੀ ਨੂੰ ਅਖੌਤੀ ਓਪਰੀ ਸ਼ੈਅ ਨੇ ਘੇਰਿਆ ਹੋਇਆ ਸੀ । ਪੜਤਾਲੀਆ ਟੀਮ ਨੇ ਪਰਿਵਾਰਕ ਮੈਂਬਰਾਂ ਕੋਲੋਂ ਮੁੱਢਲੀ ਜਾਣਕਾਰੀ ਲੈਣ ਉਪਰੰਤ ਲੜਕੀ ਨਾਲ ਇਕੱਲਿਆਂ ਗੱਲਬਾਤ ਕੀਤੀ ਤੇ ਸਪੱਸ਼ਟ ਕੀਤਾ ਕਿ ਸਾਡੇ ਤੇ ਉਸ ਵਿਚਕਾਰ ਕੀਤੀ ਜਾ ਰਹੀ ਗੱਲਬਾਤ ਨੂੰ ਬਿਲਕੁਲ ਗੁਪਤ ਰੱਖਿਆ ਜਾਵੇਗਾ ਤੇ ਸਾਡਾ ਉਦੇਸ਼ ਸਿਰਫ਼ ਉਸ ਨੂੰ ਠੀਕ ਕਰਨਾ ਹੀ ਨਹੀਂ ਸਗੋਂ ਉਸਦੇ ਮਸਲੇ ਦਾ ਹੱਲ ਕਰਨਾ ਵੀ ਹੈ। ਕਾਫੀ ਹਿਚਕਚਾਹਟ ਤੋਂ ਬਾਅਦ ਲੜਕੀ ਨੇ ਆਪਣੇ ਮਨ ਦੇ ਹਾਵ-ਭਾਵ ਦੱਸਣੇ ਸ਼ੁਰੂ ਕੀਤੇ ਤਾਂ ਪਤਾ ਲੱਗਾ ਕਿ ਪਰਿਵਾਰਕ ਮੈਂਬਰਾਂ ਵੱਲੋਂ ਉਸ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ, ਉਹ ਨਰਸਿੰਗ ਦੇ ਕੋਰਸ ਵਿੱਚ ਦਾਖਲਾ ਲੈਣਾ ਚਾਹੁੰਦੀ ਸੀ ਤੇ ਪਰਿਵਾਰਕ ਮੈਂਬਰ +2 ਤੋਂ ਬਾਅਦ ਉਸਦਾ ਵਿਆਹ ਕਰਨਾ ਚਾਹੁੰਦੇ ਹਨ । ਲੜਕੀ ਨੂੰ ਦੱਸਿਆ ਕਿ ਉਹ ਆਮ ਦੀ ਤਰ੍ਹਾਂ ਰਹਿਣਾ ਸ਼ੁਰੂ ਕਰ ਦੇਵੇ ਤੇ ਅਸੀਂ ਉਸ ਨਾਲ ਬੇਇਨਸਾਫ਼ੀ ਨਹੀਂ ਹੋਣ ਦੇਵਾਂਗੇ । ਉਪਰੰਤ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਸਮਝਾਇਆ ਕਿ ਲੜਕੀ ਪੜ੍ਹਨਾ ਚਾਹੁੰਦੀ ਹੈ, ਪੜ੍ਹਨ ਵਿੱਚ ਵੀ ਕਾਫੀ ਹੁਸ਼ਿਆਰ ਹੈ, ਇਸ ਕਰਕੇ ਇਸਨੂੰ ਜ਼ਰੂਰ ਅੱਗੇ ਪੜ੍ਹਾਉਣਾ ਚਾਹੀਦਾ ਹੈ ਤਾਂ ਪਰਿਵਾਰਕ ਮੈਂਬਰ ਗੱਲ ਮੰਨ ਗਏ । ਇਸ ਤੋਂ ਬਾਅਦ ਪਤਾ ਲੱਗਾ ਕਿ ਲੜਕੀ ਨੇ ਨਰਸਿੰਗ ਕਾਲਜ ਵਿੱਚ ਦਾਖਲਾ ਲੈ ਲਿਆ ਹੈ ਤੇ ਪਰਿਵਾਰਕ ਮੈਂਬਰ ਪੂਰੀ ਤਰ੍ਹਾਂ ਖੁਸ਼ ਹਨ ਅਤੇ ਲੜਕੀ ਨੇ ਵੀ ਦਾਅਵਾ ਕੀਤਾ ਕਿ ਉਹ ਖੂਬ ਪੜ੍ਹਾਈ ਕਰੇਗੀ ਤੇ ਆਪਣੇ ਮਾਤਾ-ਪਿਤਾ ਨੂੰ ਕਿਸੇ ਤਰ੍ਹਾਂ ਦੀ ਸ਼ਿਕਾਇਤ ਨਹੀਂ ਆਉਣ ਦੇਵੇਗੀ।

- ਰਜਵੰਤ ਬਾਗੜੀਆਂ

ਧਾਰਮਿਕ ਰਸਮਾਂ ਨੂੰ ਤਿਲਾਂਜਲੀ : ਇਕਾਈ ਅੰਮ੍ਰਿਤਸਰ ਦੇ ਵਿੱਤ ਵਿਭਾਗ ਦੇ ਮੁਖੀ ਸਾਥੀ ਸੁਖਮੀਤ ਸਿੰਘ ਦੇ ਮਾਤਾ ਜੀ ਸਤਿਕਾਰਤ ਪ੍ਰਕਾਸ਼ ਕੌਰ (93 ਸਾਲ) ਦੀ ਮੌਤ ਹੋ ਗਈ । ਉਨ੍ਹਾਂ ਦੇ ਅੰਤਿਮ ਸਸਕਾਰ ਮੌਕੇ ਪਰਿਵਾਰ ਵੱਲੋਂ ਕੋਈ ਵੀ ਧਾਰਮਿਕ ਜਾਂ ਰੂੜੀਵਾਦੀ ਰਸਮ ਨਹੀਂ ਕੀਤੀ ਗਈ । ਪਰਿਵਾਰ ਨੇ ਇਸ ਕਾਰਜ ਰਾਹੀਂ ਤਰਕਸ਼ੀਲ ਸੋਚ ਨੂੰ ਲੋਕਾਂ ਵਿੱਚ ਲੈ ਕੇ ਜਾਣ ਦਾ ਪ੍ਰਸ਼ੰਸਾਯੋਗ ਕੰਮ ਕੀਤਾ ਹੈ।


ਤਰਕਸ਼ੀਲ ਲਹਿਰ ਦੇ ਨਾਇਕ ਕ੍ਰਿਸ਼ਨ ਬਰਗਾੜੀ ਦੀ ਸਰੀਰ ਪ੍ਰਦਾਨ ਪਿਰਤ ਦੀਆਂ ਦੁਨਿਆਵੀ ਪੈੜਾਂ

ਲਿਯਾਂਗ ਯਾਓਈ ਦੇ ਸਾਹਸ ਤੇ ਜ਼ਜ਼ਬੇ ਨੂੰ ਸਲਾਮ......



ਮਾਨਵਤਾ ਦਾ ਭਲਾ ਚਾਹੁਣ ਵਾਲਿਆਂ ਦਾ ਸਰਹੱਦਾਂ ਰਾਹ ਨਹੀਂ ਰੋਕਦੀਆਂ, ਉਹ ਜਾਤ, ਧਰਮ ਤੇ ਫਿਰਕਿਆਂ ਦੀਆਂ ਵਲਗਣਾਂ ਤੋਂ ਬਾਹਰ ਹੁੰਦੇ ਹਨ ਤੇ ਕੁੱਲ ਦੁਨੀਆਂ ਹੀ ਉਹਨਾਂ ਦੀ ਕਰਮ ਭੂਮੀ ਹੁੰਦੀ ਹੈ ਆਪਾ ਵਾਰ ਕੇ ਹੋਰਨਾਂ ਨੂੰ ਜ਼ਿੰਦਗੀ ਦੇਣ ਦਾ ਜ਼ਜ਼ਬਾ ਦੁਨੀਆਂ ਦੇ ਕਿਸੇ ਕੋਨੇ ਵਿੱਚ ਵੀ ਵਾਪਰੇ, ਉਹ ਹਰੇਕ ਤੋਂ ਸਲਾਮ ਹਾਸਲ ਕਰਦਾ ਹੈ। ਚੀਨ ਦੇ ਝਾਂਗਸ਼ਨ ਯੂਨੀਵਰਸਿਟੀ ਹਸਪਤਾਲ ਚ ਵਾਪਰੀ ਇੱਕ ਘਟਨਾ ਨੇ ਦੁਨੀਆਂ ਦੇ ਹਰ ਜਾਗਦੇ ਮਨੁੱਖ ਨੂੰ ਸਮਾਜਿਕ ਸਰੋਕਾਰਾਂ ਤੇ ਦੂਸਰਿਆਂ ਦੇ ਕੰਮ ਆਉਣ ਦੇ ਜਜ਼ਬੇ ਨਾਲ ਜੋੜਨ ਦੀ ਇੱਕ ਉੱਤਮ ਮਿਸਾਲ ਪੇਸ਼ ਕੀਤੀ ਹੈ। ਇਸ ਹਸਪਤਾਲ ਚ ਬਰੇਨ ਕੈਂਸਰ ਤੋਂ ਪੀੜਤ 11 ਸਾਲਾ ਲਿਯਾਂਗ ਯਾਓਈ ਦੀ ਇੱਛਾ ਸੀ ਕਿ ਮਰਨ ਉਪਰੰਤ ਉਸ ਦੇ ਸਰੀਰ ਦੇ ਕੰਮ ਆ ਸਕਣ ਵਾਲੇ ਅੰਗ ਲੋੜਵੰਦਾਂ ਨੂੰ ਪ੍ਰਦਾਨ ਕਰ ਦਿੱਤੇ ਜਾਣ ਪਰ ਉਸ ਦੇ ਮਾਪੇ ਅਜਿਹਾ ਕਰਨ ਲਈ ਹਰਗਿਜ਼ ਤਿਆਰ ਨਹੀਂ ਸਨ। ਲਿਯਾਂਗ ਦੀ ਜ਼ਿੰਦਗੀ ਦੇ ਆਖਰੀ ਪਲਾਂ ਚ ਹਸਪਤਾਲ ਦੇ ਡਾਕਟਰਾਂ ਦੀ ਮੌਜੂਦਗੀ ਵਿੱਚ ਮਾਪੇ ਉਸ ਦੀ ਆਖਰੀ ਇੱਛਾ ਪੂਰੀ ਕਰਨ ਲਈ ਸਹਿਮਤ ਹੋ ਗਏ। ਲਿਯਾਂਗ ਨੇ ਕਈ ਲੋੜਵੰਦ ਲੋਕਾਂ ਨੂੰ ਜ਼ਿੰਦਗੀ ਦੇ ਕੇ ਆਖਰੀ ਸਾਹ ਲਿਆ। ਜਦ ਉਸਦਾ ਮ੍ਰਿਤਕ ਸਰੀਰ ਵਾਰਡ ਤੋਂ ਬਾਹਰ ਲਿਆਂਦਾ ਗਿਆ ਤਾਂ ਹਾਜਰ ਡਾਕਟਰਾਂ ਤੇ ਸਟਾਫ਼ ਨੇ ਤਿੰਨ ਵਾਰ ਝੁਕ ਕੇ ਸਲੂਟ ਕਰਦਿਆਂ ਬਾਲ ਅੰਗ ਪ੍ਰਦਾਨੀ ਲਿਯਾਂਗ ਯਾਓਈ ਨੂੰ ਸ਼ਰਧਾਂਜਲੀ ਦਿੱਤੀ। ਇੰਟਰਨੈੱਟ ਤੇ ਸ਼ੋਸ਼ਲ ਮੀਡੀਆ ਰਾਹੀਂ ਲਿਯਾਂਗ ਦੇ ਸਾਹਸ ਤੇ ਮਾਨਵੀ ਜਜ਼ਬੇ ਨੇ ਸੰਸਾਰ ਭਰ ਦੇ ਲੋਕਾਂ ਤੋਂ ਸਲਾਮ ਤੇ ਸਤਿਕਾਰ ਹਾਸਲ ਕੀਤਾ।

ਮੋਹ-ਮਮਤਾ ਦੀ ਥਾਂ ਮਾਨਵਤਾ



ਯਮੁਨਾਨਗਰ ਚ ਹਾਦਸੇ ਦਾ ਸ਼ਿਕਾਰ ਹੋਈ ਅੰਜੂ ਨੂੰ ਇਲਾਜ ਲਈ ਪੀ.ਜੀ.ਆਈ.ਚੰਡੀਗੜ ਲਿਆਂਦਾ ਗਿਆ, ਇਲਾਜ ਦੌਰਾਨ ਹੀ ਉਸਦੀ ਦਿਮਾਗੀ ਮੌਤ ਹੋ ਗਈ। ਡਾਕਟਰਾਂ ਨੇ ਜਦ ਉਸਦੀ ਮਾਂ ਨੂੰ ਅੰਜੂ ਦੀ ਮੌਤ ਤੇ ਉਸ ਦੇ ਅੰਗ ਪ੍ਰਦਾਨ ਕਰਨ ਬਾਰੇ ਦੱਸਿਆ ਤਾਂ ਮਾਂ ਨੇ ਮੋਹ-ਮਮਤਾ ਦੀ ਥਾਂ ਮਾਨਵਤਾ ਦੇ ਭਲੇ ਨੂੰ ਪਹਿਲ ਦਿੰਦਿਆਂ ਡਾਕਟਰਾਂ ਦੀ ਪ੍ਰੇਰਨਾ ਸਦਕਾ ਅੰਜੂ ਦੇ ਅੰਗ ਪ੍ਰਦਾਨ ਕਰਨ ਦਾ ਫੈਸਲਾ ਲਿਆ। ਉਸ ਦੇ ਗੁਰਦੇ, ਜਿਗਰ ਤੇ ਕੋਰਨੀਆਂ ਸਮੇਤ ਪੰਜ ਅੰਗ ਲੋੜਵੰਦ ਮਰੀਜ਼ਾਂ ਨੂੰ ਲਗਾ ਦਿੱਤੇ ਗਏ। ਅੰਜੂ ਦੀ ਮਾਂ ਦਾ ਕਹਿਣਾ ਸੀ ਕਿ ਉਹ ਖ਼ੁਦ ਹੀ ਦੂਸਰਿਆਂ ਦੇ ਕੰਮ ਆਉਣ ਦੀ ਪ੍ਰਬਲ ਭਾਵਨਾ ਰੱਖਦੀ ਸੀ, ਉਸ ਨੇ ਕਿਹਾ ਕਿ ਭਾਵੇਂ ਉਸ ਦੀ ਬੇਟੀ ਜ਼ਿੰਦਾ ਨਹੀਂ ਪਰ ਉਸਨੇ ਪੰਜ ਜ਼ਿੰਦਗੀਆਂ ਦਾ ਚਿਰਾਗ ਰੌਸ਼ਨ ਕੀਤਾ ਹੈ, ਹੁਣ ਉਹਨਾਂ ਪੰਜ ਕੀਮਤੀ ਜਾਨਾਂ ਚ ਜਿਉਂਦੀ ਹੈ।





ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੇ ਸੂਬਾਈ ਆਗੂ ਭੂਰਾ ਸਿੰਘ ਮਹਿਮਾ-ਸਰਜਾ ਦੀ ਜੀਵਨ ਸਾਥਣ ਸੁਖਵਿੰਦਰ ਕੌਰ ਦੇ ਸਦੀਵੀ ਵਿਛੋੜੇ 'ਤੇ ਧਾਰਮਿਕ ਕਰਮਾਂ ਕਾਂਡਾਂ ਤੋਂ ਬਿਨਾਂ ਕੀਤੇ ਗਏ ਸਤਿਕਾਰ ਸਮਾਗਮ ਵਿੱਚ ਰਾਜ ਭਰ ਦੇ ਤਰਕਸ਼ੀਲ ਆਗੂ ਤੇ ਕਾਰਕੁੰਨ ਸ਼ਾਮਲ ਹੋਏ।

ਜਿਲਦ ਨੰ. 13 ਰਜਿ ਨੰ: PUNPUN/2002/5393 ਅੰਕ : 4

ਕੌਮੀ ਤਰਕਸ਼ੀਲ ਲਹਿਰ ਦੇ ਵਧਦੇ ਕਦਮ

ਮਹਾਂਰਾਸ਼ਟਰ ਦੇ ਸ਼ਹਿਰ ਸਾਂਗਲੀ ਵਿਖੇ ਅੰਧ ਸ਼ਰਧਾ ਨਿਰਮੂਲਨ ਵਾਰਤਾ ਪੱਤਰ (ਮਰਾਠੀ ਮੈਗਜ਼ੀਨ) ਦੇ ਸਿਲਵਰ ਜੁਬਲੀ ਸਮਾਰੋਹ ਦੇ ਯਾਦਗਾਰੀ ਪਲ



ਸਮਾਗਮ ਨੂੰ ਸੰਬੋਧਨ ਕਰਦੇ ਹੋਏ ਭੂਰਾ ਸਿੰਘ ਮਹਿਮਾ ਸਰਜਾ ਅਤੇ ਪ੍ਰਧਾਨਗੀ ਮੰਡਲ



ਸਾਂਗਲੀ ਵਿਖੇ ਕੱਢੇ ਗਏ ਜਾਗਰੂਕਤਾ ਮਾਰਚ ਦਾ ਦ੍ਰਿਸ਼

(ਤਸਵੀਰਾਂ : ਰਾਹੁਲ ਥੋਰਾਤ)

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਬਰਨਾਲਾ ਵਿਖੇ ਹੋਈ ਛਿਮਾਹੀ ਇਕੱਤਰਤਾ



ਡੀ.ਵੀ.ਡੀ. 'ਸਾੜ੍ਹਸਤੀ' ਰਿਲੀਜ਼ ਕਰਦੇ ਸਟੇਟ ਕਮੇਟੀ ਮੈਂਬਰ



ਹਾਜ਼ਰ ਡੈਲੀਗੇਟ ਤੇ ਦਰਸ਼ਕ

(ਤਸਵੀਰਾਂ : ਕੁਲਵਿੰਦਰ ਨਗਾਰੀ)

If undelivered please return to :

Tarksheel

Tarksheel Bhawan, Tarksheel Chowk,
Sanghera ByPass, BARNALA-148101
Post Box No. 55
Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....